ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 110| 14 to 20 Feb., 2024 | Ph.: (510) 240-5949 | Email: asrtimes@gmail.com

# ਕਿਸਾਨ ਬਨਾਮ ਕਿੱਲ ਤੰਤਰ, ਮੀਡੀਆ ਤੰਤਰ ਤੇ ਡਰਾਵਣਾ ਤੰਤਰ



ਬਲਰਾਜ ਪੰਨੂੰ

ਭਾਰਤ ਦੀ 'ਖੜਗਭੁਜਾ' ਮੰਨੇ ਜਾਂਦੇ ਪੰਜਾਬ ਦੇ ਬਾਰਡਰ 'ਤੇ ਤਨਾਓ ਦੀ ਸਥਿਤੀ ਬਣੀ ਹੋਈ ਹੈ। ਇਸ ਸਮੇਂ ਸੋਚਿਆ ਜਾਵੇ ਤਾਂ ਪੰਜਾਬ ਦੋਵੇਂ ਪਾਸੇ 'ਬਾਰਡਰਾਂ' ਦੇ ਨਾਲ ਘਿਰਿਆ ਹੋਇਆ ਹੈ। ਇੱਕ ਪਾਸੇ ਪਾਕਿਸਤਾਨ ਅਤੇ ਦੂਜੇ ਪਾਸੇ ਦਿੱਲੀ ਜਾਣ ਵਾਲੇ ਰਾਹ 'ਤੇ। ਰਾਜਪੁਰਾ ਦੇ ਲਾਗਲੇ ਪਿੰਡਾਂ ਵਿੱਚ ਅਨਾਊਂਸਮੈਂਟਾਂ ਸੁਣਨ ਨੂੰ ਮਿਲਦੀਆਂ ਹਨ " ਸ਼ੇਰੋ ਡਟੇ ਰਹੋ, ਆਪਣੇ ਆਟੇ ਦੀਆਂ ਬੋਰੀਆਂ ਦਿੱਲੀ ਜਾ ਕੇ ਖੋਲ੍ਹਿਓ, ਇੱਥੇ ਦੇ ਰਾਸ਼ਨ ਪਾਣੀ ਦਾ ਪ੍ਰਬੰਧ ਅਸੀਂ ਕਰਾਂਗੇ।"

ਕਿਸਾਨੀ ਵਿੱਚ ਬੇਚੈਨੀ ਅਤੇ ਹਿੰਮਤ ਅੱਗੇ ਨਾਲੋਂ ਵੱਧ ਹੈ, ਕਾਰਨ ਇਹ ਹੈ ਕਿ ਪਹਿਲੇ ਕਿਸਾਨੀ ਅੰਦੋਲਨ ਤੋਂ ਬਾਅਦ ਕਿਸਾਨਾਂ ਨੇ ਪੰਜਾਬ ਦੇ ਵਿੱਚ ਲੋਕ ਹਿੱਤਾਂ ਦੇ ਲਈ ਕਈ ਧਰਨੇ ਲਗਾਏ। ਕੱਲ੍ਹ ਲਗਾਤਾਰ ਕਿਸਾਨ ਸ਼ੰਭੂ ਬਾਰਡਰ ਵੱਲ ਜਾ ਰਹੇ ਸਨ ਤੇ ਭਗਵੰਤ ਮਾਨ 'ਰਾਮ ਲੱਲ੍ਹਾ' ਦੇ ਦਰਸ਼ਨ ਕਰ ਰਿਹਾ ਸੀ। ਸਰਕਾਰਾਂ ਦੁਚਿੱਤੀ ਵਿੱਚ ਨੇ, ਅਕਾਲੀ ਦਲ ਦੇ ਗਠਜੋੜ ਵਾਲੀ 'ਤੰਦ' ਢਿੱਲੀ ਪੈ ਗਈ ਹੈ ਤੇ ਉੱਧਰ ਬਸਪਾ ਦੇ ਨਾਲ ਵੀ ਕੜੱਕ ਕਰਕੇ 'ਸਾਂਝ' ਟੁੱਟ ਗਈ ਹੈ। ਕਾਂਗਰਸ ਵੱਲੋਂ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਵਾਂਗੇ ਤੇ ਰਾਹੁਲ ਗਾਂਧੀ ਦਾ ਵੀ ਇਸੇ ਹੱਕ ਦੇ ਵਿੱਚ ਬਿਆਨ ਆਇਆ ਹੈ। ਕੇਜਰੀਵਾਲ ਨੇ ਬਵਾਨਾ ਸਟੇਡੀਅਮ ਨੂੰ ਜੇਲ੍ਹ ਦੇ ਰੂਪ ਵਿੱਚ ਤਬਦੀਲ ਕਰਨ ਦੇ ਹੁਕਮ ਨੂੰ ਨਕਾਰ ਦਿੱਤਾ। ਸੁਖਪਾਲ ਖਹਿਰਾ ਦਾ ਕਾਰ ਵਿਚੋਂ ਉੱਤਰ ਕੇ ਟਰਾਲੀ ਦੇ ਪਿੱਛੇ ਲਟਕ ਕੇ ਕਿਸਾਨਾਂ ਨੂੰ ਕਹਿਣਾ ਕਿ 'ਮੈਂ ਤੁਹਾਡੇ ਪਿੱਛੇ ਆਂ,' ਇਵੇਂ ਹੋਰ ਕੋਈ ਲੀਡਰ ਨਹੀਂ ਕਰ ਸਕਿਆ। ਭਾਜਪਾ ਦੀ ਪੰਜਾਬ ਇਕਾਈ ਦੇ ਲੀਡਰ ਤਾਂ ਪੰਜਾਬੀਆਂ ਦੀ ਨਬਜ਼ ਨੂੰ ਸਮਝਦੇ ਨੇ, ਬਲਰਾਮ ਜਾਖੜ ਦਾ ਸੁਨੀਲ ਜਾਖੜ ਤਾਂ ਕਿਸਾਨ ਪੁੱਤਰ ਹੈ, ਉਹ ਤਾਂ ਆਪਣੀ ਲੀਡਰਸ਼ਿਪ ਨੂੰ ਸਮਝਾ ਕੇ ਕੁਝ ਮੌਕਾ ਸਾਂਭ ਸਕਦਾ ਸੀ ਕਿਉਂਕਿ ਉਹ ਇੱਕ ਸੰਜੀਦਾ ਲੀਡਰ ਹੈ, ਸੋ ਪੰਜਾਬ ਦੀ ਭਾਜਪਾ ਇਕਾਈ ਦੇ ਸਿੱਖ ਆਗੂ ਵੀ ਕਿਸਾਨਾਂ ਨਾਲ ਤਾਲਮੇਲ ਕਰਨ ਵਿੱਚ ਅਸਫ਼ਲ ਹੋ ਗਏ। ਹਾਂ, ਕੁਝ ਸਿਆਸੀ ਆਗੂਆਂ ਨੇ ਟਵਿੱਟਰ 'ਤੇ ਦਬਦਬਾ ਬਣਾਈ ਰੱਖਿਆ। ਹਰਜਿੰਦਰ ਸਿੰਘ ਧਾਮੀ , ਪਰਗਟ ਸਿੰਘ , ਮਜੀਠੀਆ , ਦਲਜੀਤ ਚੀਮਾ ਤੇ ਹੋਰ ਕਈ ਆਗੂਆਂ ਨੇ ਸਰਕਾਰ ਦੀਆਂ ਵਧੀਕੀਆਂ ਦੀ ਨਿੰਦਾ ਕੀਤੀ। ਸਾਢੇ ਪੰਜ ਘੰਟੇ ਦੀ ਸਰਕਾਰ ਤੇ ਕਿਸਾਨਾਂ ਵਿਚਲੀ ਮੀਟਿੰਗ ਬੇਸਿੱਟਾ ਰਹੀ,



ਮੀਟਿੰਗ ਦੇ ਵਿੱਚ ਵੱਡੀਆਂ ਮੰਗਾਂ ਨੂੰ ਦਰਕਿਨਾਰ ਕਰਦੇ ਰਹੇ ਸਰਕਾਰੀ ਦਲਾਲ।। ਆਮ ਸੁਣਦੇ ਹਾਂ ਕਿ ਡਰੋਨ ਰਾਹੀਂ ਨਸ਼ਾ ਪਾਕਿਸਤਾਨ ਤੋਂ ਪੰਜਾਬ ਵਿੱਚ ਆਉਂਦੈ, ਕੱਲ੍ਹ ਉਹੀ ਡਰੋਨਾਂ ਨੇ ਸਰਕਾਰ ਦੀ ਦਲਾਲੀ ਕੀਤੀ ਤੇ ਸ਼ਾਂਤਮਈ ਦਿੱਲੀ ਵੱਲ ਕੂਚ ਕਰ ਰਹੇ ਕਿਸਾਨਾਂ ਦੇ ਉੱਤੇ ਲਗਾਤਾਰ ਅੱਥਰੂ



ਗੈਸ ਦੇ ਗੋਲੇ ਸੁੱਟੇ । ਪੰਜਾਬੀਆਂ ਨੂੰ ਪੰਜਾਬ ਦੀ ਧਰਤੀ 'ਤੇ ਬੈਠਿਆਂ ਹੀ ਹਰਿਆਣੇ ਦੀ ਗੁੰਡਾਗਰਦੀ ਦਾ ਸਾਹਮਣਾ ਕਰਨਾ ਪਿਆ। ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਭਾਵੇਂ ਝਾੜ ਪਾਈ ਕਿ ਤੁਸੀਂ ਕਿਸਾਨਾਂ ਨੂੰ ਕਿਉਂ ਰੋਕਿਆ ਪਰ ਅਗਲੀ ਤਰੀਕ 15 ਫਰਵਰੀ ਪਾ ਦਿੱਤੀ, ਏਸ ਨੂੰ ਡੰਗ ਟਪਾਈ ਹੀ ਕਹਿ ਸਕਦੇ ਹਾਂ ਕਿਉਂਕਿ ਆਪਣੇ ਹਿੱਤਾਂ ਦੇ ਲਈ ਇਹ ਰਾਤ ਨੂੰ ਵੀ ਅਦਾਲਤਾਂ ਲਗਾ ਲੈਂਦੇ ਨੇ। ਸਰਕਾਰ ਦੀਆਂ ਰਿਪੋਰਟਾਂ ਦੇ ਮੁਤਾਬਿਕ ਸਾਰੇ ਬਾਰਡਰਾਂ 'ਤੇ ਚਾਰ ਹਜ਼ਾਰ ਤੋਂ ਵੱਧ ਟਰਾਲੀਆਂ ਨੇ, ਪਰ ਲਗਾਤਾਰ ਟ੍ਰੈੱਕਟਰ ਟਰਾਲੀਆਂ ਵਿੱਚ ਵਾਧਾ ਹੋ ਰਿਹੈ। ਐਮ. ਐਸ. ਸਵਾਮੀਨਾਥਨ ਦੀ ਬੇਟੀ ਦੇ ਵੱਲੋਂ ਵੀ ਕਿਹਾ ਗਿਐ ਕਿ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨਾ ਹੀ ਸਵਾਮੀਨਾਥਨ ਨੂੰ ਸੱਚੀ ਸ਼ਰਧਾਂਜਲੀ ਹੈ।

ਏਨੀ ਤਕੜੀ ਬੈਰੀਕੇਟਿੰਗ ਕੀਤੀ, ਪੱਕੀਆਂ ਕੰਧਾਂ ਬਣਾਈਆਂ, ਨੌਜਵਾਨਾਂ ਨੂੰ ਬੁਲੇਟ ਪਰੂਫ਼ ਜੈਕਿਟਾਂ ਪਵਾਈਆਂ, ਸੜਕਾਂ 'ਤੇ ਕਿੱਲ ਲਗਵਾਏ, ਹਰ ਤਰਾਂ ਦੀ ਫ਼ੋਰਸ ਦਾ ਇੰਤਜ਼ਾਮ ਕੀਤਾ, ਕੀ ਸਿਰਫ਼ ਨਿਹੱਥੇ ਤੇ ਸ਼ਾਂਤਪੂਰਨ ਤਰੀਕੇ ਦੇ ਨਾਲ ਦਿੱਲੀ ਜਾ ਰਹੇ ਕਿਸਾਨਾਂ ਨੂੰ ਖਦੇੜਨ ਦੇ ਲਈ ? ਜੇ ਕਿਸਾਨ ਬੈਰੀਕੇਡ ਨਹੀਂ ਤੋੜ ਸਕੇ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਕਿਸਾਨ ਅਸਫ਼ਲ ਨੇ। ਉਨ੍ਹਾਂ ਦੀ ਜਿੱਤ ਇਹ ਹੈ ਕਿ ਉਹ ਮੰਗਾਂ ਨਾ ਮੰਨਣ ਕਰਕੇ ਰੋਸ ਕਰ ਰਹੇ ਨੇ, ਦਿੱਲੀ ਜਾਣਾ ਚਾਹੁੰਦੇ ਨੇ ਤੇ ਇਹ ਉਨ੍ਹਾਂ ਦੀ ਬਹਾਦਰੀ ਹੈ ਕਿ ਉਹ ਪੁਲਿਸ ਵਾਲਿਆਂ ਦੀ ਅੱਖ 'ਚ ਅੱਖ ਪਾ ਕੇ ਗੱਲ ਕਰ ਰਹੇ ਨੇ। ਪੂਰਾ ਮੀਡੀਆ ਬੈਰੀਕੇਡਾਂ ਦੀ ਗੱਲ ਕਰ ਰਿਹੈ ਤੇ ਸਿਰਫ਼ ਕਿਸਾਨ ਹੀ ਹੈ, ਜੋ ਡੈਮੋਕ੍ਰੇਸੀ ਦੀ ਗੱਲ ਕਰ ਰਿਹੈ। ਆਖ਼ਰ ਬੁਲੇਟ ਪਰੂਫ਼ ਜੈਕਿਟਾਂ ਪਵਾ ਕੇ ਕਿਸਾਨਾਂ ਅੱਗੇ ਖੜੇ ਕਰਨਾ ਕੀ ਸਾਬਤ ਕਰਨਾ ਚਾਹੁੰਦੀਆਂ ਨੇ ਸਰਕਾਰਾਂ ? ਕਿੱਲ ਤੰਤਰ ਕਿਸਾਨਾਂ ਨੂੰ ਰੋਕਣ ਵਿੱਚ ਸਫ਼ਲ ਨਹੀਂ ਹੋ ਸਕੇਗਾ। ਵਿਚਾਰੇ ਕਿਸਾਨਾਂ ਦੇ ਕੋਲ ਸਿਰਫ਼ ਸੋਸ਼ਲ ਮੀਡੀਆ ਹੈ, ਤੇ ਉਹ ਵੀ ਕਿਸਾਨ ਯੂਨੀਅਨ ਦੇ ਨਾਲ ਜੁੜੇ ਕਈ ਟਵੀਟਰ ਹੈਂਡਲ ਸਸਪੈਂਡ ਕਰਵਾ ਦਿੱਤੇ ਨੇ ਪਰ ਸਰਕਾਰ ਦੇ ਕੋਲ ਇੱਕ ਪੂਰਾ ਮੀਡੀਆ ਤੰਤਰ ਹੈ। ਫਿਰ ਵੀ ਸਰਕਾਰ ਨੂੰ ਏਨਾ ਡਰ ਕਿਉਂ ਹੈ ? ਆਰਟੀਕਲ 19 ਤਹਿਤ ਸਰਕਾਰ ਆਜ਼ਾਦੀ ਦਾ ਹੱਕ ਖੋਹ ਰਹੀ ਹੈ। ਕੀ ਮੰਤਰੀਆਂ ਦੀ ਟੀਮ ਕਿਸਾਨਾਂ ਨੂੰ ਗੁੰਮਰਾਹ ਕਰਨ ਲਈ ਭੇਜੀ ਜਾਂਦੀ ਹੈ ? ਸੁਪ੍ਰੀਮ ਕੋਰਟ ਦੇ ਐਡਵੋਕੇਟ ਭਾਨੂੰਪ੍ਰਤਾਪ ਸਿੰਘ ਨੇ ਕਿਹਾ ਕਿ ਸਰਕਾਰ ਗ਼ੈਰਕਨੂੰਨੀ ਕੰਮ ਕਰ ਰਹੀ ਹੈ, ਕਿਸਾਨਾਂ ਦੀਆਂ ਮੰਗਾਂ ਜਾਇਜ਼ ਨੇ, ਮੰਗ ਐਮ.ਐਸ.ਪੀ. ਦੀ ਗਾਰੰਟੀ, ਮੈਨੀਫੈਸਟੋ ਦਾ ਵਾਅਦਾ ਸੀ. ਟੂ. ਪਲਸ ਫਿਫਟੀ ਪਰਸੈਂਟ, ਕਿਸਾਨਾਂ ਦਾ ਕਰਜ਼ਾ ਮਾਫ਼, ਲਖੀਮਪੁਰ ਖੀਰੀ ਮਾਮਲੇ 'ਚ ਇਨਸਾਫ਼, ਨਕਲੀ ਬੀਜ ਖਾਦ ਬੰਦ ਕਰਨ ਦੀ ਮੰਗ, ਬਿਜਲੀ ਬਿਲ ਵਾਪਸ ਲੈਣ ਦੀ ਮੰਗ, ਨਰੇਗਾ ਮਜ਼ਦੂਰਾਂ ਨੂੰ ਰਜਿਸਟਰਡ ਕਰਨ ਦੀ ਮੰਗ ਤੇ ਆਦਿ ਵਾਸੀਆਂ ਦੀ ਜ਼ਮੀਨ 'ਤੇ ਕਬਜ਼ੇ ਨੂੰ ਰੋਕਣ ਦੀ ਮੰਗ। ਇਹ ਮੰਗਾਂ ਸਰਕਾਰ ਦੇ ਲਈ ਕੋਈ ਬਹੁਤੀਆਂ ਵੱਡੀਆਂ ਨਹੀਂ, ਪਰ ਸਰਕਾਰ ਤਾਂ ਬੌਖਲਾਹਟ ਵਿੱਚ ਗੁੰਡਾਗਰਦੀ 'ਤੇ ਉੱਤਰ ਆਈ। ਅਸਲ ਵਿੱਚ ਸਰਕਾਰਾਂ ਕਿਸਾਨਾਂ ਦੀ ਬੇਚੈਨੀ ਦਾ ਹੱਲ ਲੱਭਣ ਵਿੱਚ ਅਸਫ਼ਲ ਰਹੀਆਂ ਨੇ। ਖਾਸ ਕਰਕੇ ਪੰਜਾਬ ਦੀਆਂ ਸਰਕਾਰਾਂ ਪਰ ਇੱਕੋ ਰੱਟ ਹੈ ਕਿ ਰਾਜ ਕਰਨਾ। ਇਹ ਸਰਕਾਰਾਂ ਜ਼ਰਖੇਜ਼ ਜ਼ਮੀਨ ਦੇ ਜਾਇਆਂ ਦੀ ਨਬਜ਼ ਪਛਾਣਨ ਵਿੱਚ ਅਸਫ਼ਲ ਨੇ।। ਤੁਸੀਂ ਵੇਖਿਆ ਹੋਣੈ ਕਿ ਖ਼ਾਲਿਸਤਾਨੀ ਦਾ ਟੈਗ ਟਵਿੱਟਰ 'ਤੇ ਕੱਲ੍ਹ ਟਰੈਂਡ ਕਰ ਰਿਹਾ ਸੀ। ਸਰਕਾਰ ਕੋਲ ਇਹੀ ਤਾਂ ਸਭ ਤੋਂ ਵੱਡਾ ਹਥਿਆਰ ਹੈ। ਹਾਂ, ਜੇ ਅਸੀਂ ਮਿਹਨਤ ਕਰਦੇ, ਸ਼ਾਂਤੀਪੂਰਨ ਆਪਣੇ ਹੱਕ ਲਈ ਵਿਰੋਧ ਕਰਦੇ, ਸਰਕਾਰ ਦੇ ਜ਼ਾਬਤੇ 'ਚ ਰਹਿ ਕੇ ਦਿੱਲੀ ਕੂਚ ਕਰਦੇ, ਅੱਥਰੂ ਗੋਲੇ, ਰਬੜ ਦੀਆਂ ਗੋਲੀਆਂ ਖਾਂਦੇ, ਜ਼ਖ਼ਮੀ ਹੁੰਦੇ, ਸਰਕਾਰੀ ਗੁੰਡਾਗਰਦੀ ਦਾ ਹਰ ਜਬਰ ਸਹਿੰਦੇ ਵੀ ਜੇ ਅਸੀਂ ਅੱਤਵਾਦੀ ਹਾਂ ਤਾਂ ਚਲੋ ਠੀਕ ਹੈ, ਅਸੀਂ ਹਾਂ, ਕਿਉਂਕਿ ਇਹ ਟੈਗ ਸਿਰਫ਼ ਤੁਸੀਂ ਪੰਜਾਬ ਦੇ ਲੋਕਾਂ ਵਾਸਤੇ ਹੀ ਰੱਖਿਐ। ਕੀ ਜੋ ਤੁਸੀਂ ਕੰਧਾਂ ਕੀਤੀਆਂ ਨੇ, ਇਹ ਡੈਮੋਕ੍ਰੇਸੀ ਨਾਲ ਮੇਲ ਖਾਂਦੀਆਂ ਨੇ ? ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਦਾ ਬਿਆਨ ਆਉਂਦੈ ਕਿ ਕਿਸਾਨਾਂ ਦਾ ਮਕਸਦ ਕੁਝ ਹੋਰ ਹੈ, ਇਹ ਬਿਆਨ ਸਿੱਧਾ ਟਕਰਾਓ ਵਾਲਾ ਮਾਹੌਲ ਪੈਦਾ ਕਰਦੈ। ਅਖੇ ਕਿਸਾਨਾਂ ਦੇ ਪਿੱਛੇ ਕੋਈ ਹੋਰ ਤਾਕਤਾਂ ਕੰਮ ਕਰਦੀਆਂ ਨੇ, ਦੇਸ਼ ਜਾਨਣਾ ਚਾਹੁੰਦੈ। ਓ ਭਲਿਓ ਲੋਕੋ, ਦੇਸ਼ ਦੇ ਵਿੱਚ ਅਸੀਂ ਹੀ ਹਾਂ। ਜੋ ਅਸੀਂ ਜਾਨਣਾ ਚਾਹੁੰਦੇ ਹਾਂ ਕਦੇ ਓਸ 'ਤੇ ਵੀ ਚਾਨਣਾ ਪਾਇਓ। ਅਸਲ ਵਿੱਚ ਲੋਕ ਤੰਤਰ ਦਾ ਥੰਮ੍ਹ ਕਹਿਲਾਉਣ ਵਾਲਿਓ, ਤੁਸੀਂ ਜਰਜਰੇ ਹੋ ਚੁੱਕੇ ਹੋ। ਆਪਣੇ ਹੀ ਦੇਸ਼ ਵਿੱਚ ਤੁਸੀਂ ਕਿਸਾਨਾਂ ਦੇ ਲਈ ਡਰਾਵਣਾਂ ਤੰਤਰ ਕਿਉਂ ਖੜ੍ਹਾ ਕੀਤੈ ? ਹਰਿਆਣੇ ਦੇ ਵਿੱਚ ਖੱਟੜ ਸਰਕਾਰ ਪਿੰਡ ਪਿੰਡ ਅਨਾਉਂਸਮੈਂਟ ਕਰਵਾ ਰਹੀ ਹੈ ਕਿ ਜੋ ਵੀ ਕਿਸਾਨੀ ਸੰਘਰਸ਼ ਵਿੱਚ ਸ਼ਾਮਲ ਹੋਵੇਗਾ, ਉਸ ਦੇ ਨਾਲ ਅਤੇ ਉਹਨਾਂ ਦੇ ਬੱਚਿਆਂ ਦੇ ਨਾਲ ਬੁਰਾ ਸਲੂਕ ਕੀਤਾ ਜਾਵੇਗਾ। ਖ਼ੈਰ ਪੂਰੇ ਯੂਰੋਪ ਦੇ ਵਿੱਚ ਕਿਸਾਨਾਂ ਦੇ ਅੰਦੋਲਨ ਚੱਲ ਰਹੇ ਨੇ, ਐਹੋ ਜਿਹਾ ਰਵੱਈਆ ਕਿਸੇ ਸਰਕਾਰ ਦਾ ਨਹੀਂ। ਕਿਸੇ ਦੁਸ਼ਮਣ ਦੇਸ਼ ਦੀ ਸੈਨਾ ਨੂੰ ਰੋਕਣ ਲਈ ਵੀ ਏਨੇ ਇੰਤਜ਼ਾਮ ਨਹੀਂ ਕੀਤੇ ਹੁੰਦੇ, ਜਿੰਨੇ ਕਿਸਾਨਾਂ ਲਈ ਕਰ ਦਿੱਤੇ ਗਏ ਨੇ। ਜੇ ਸ਼ਾਂਤ ਨੇ ਤਾਂ ਸ਼ਾਂਤ ਰਹਿਣ ਦਿਓ। ਪੰਜਾਬ ਦਾ ਹਮੇਸ਼ਾ ਹੀ ਜਨਤਕ ਸੰਘਰਸ਼ ਸ਼ਾਂਤ ਹੀ ਰਹਿੰਦੈ ਪਰ ਸਰਕਾਰ ਉਕਸਾਉਣ ਦੇ ਲਈ ਹਰ ਤਰਾਂ ਦਾ ਤੰਤਰ ਵਰਤ ਰਹੀ ਹੈ। ਦਿੱਲੀ ਦੀਆਂ ਬਰੂੰਹਾਂ 'ਤੇ ਬੀਜੇਪੀ ਨੂੰ ਕਿਸਾਨੀ ਸੰਘਰਸ਼ ਮਹਿੰਗਾ ਪਵੇਗਾ। ਜੇ ਉਥੇ ਪਹੁੰਚ ਗਏ ਤਾਂ ਸਾਰੇ ਹਿੰਦੁਸਤਾਨ ਦੀ ਸੋਚ ਨਜ਼ਰੀਆ ਬਦਲ ਜਾਵੇਗਾ। ਇਹ ਮੰਗ ਪੰਜਾਬ ਦੀ ਹੀ ਨਹੀਂ, ਸਗੋਂ ਪੂਰੇ ਭਾਰਤ ਦੀ ਹੈ। ਪੰਜਾਬ ਦਿੱਲੀ ਦੀਆਂ ਬਰੂੰਹਾਂ 'ਤੇ ਪਹੁੰਚ ਗਿਆ ਤਾਂ ਸਾਰੇ ਭਾਰਤ ਦੇ ਲਈ ਚਾਨਣ ਮੁਨਾਰਾ ਸਾਬਤ ਹੋਇਆ ਸੀ ਤੇ ਹੋਵੇਗਾ। ਜੈ ਜਵਾਨ, ਜੈ ਕਿਸਾਨ।

# ਕੈਨੇਡਾ ’ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਘਟਣ ਲੱਗੀ ਲੋਕਪ੍ਰਿਅਤਾ

## ਨੈਨੋਸ ਰਿਸਰਚ ਅਨੁਸਾਰ ਟਰੂਡੋ ਦੀ ਪਾਰਟੀ ਨੂੰ ਚੋਣਾਂ ’ਚ ਹੋ ਸਕਦੈ ਵੱਡਾ ਨੁਕਸਾਨ



ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੋਕਪ੍ਰਿਅਤਾ ਘਟਦੀ ਜਾ ਰਹੀ ਹੈ। ਆਉਣ ਵਾਲੀਆਂ ਚੋਣਾਂ ਵਿੱਚ ਟਰੂਡੋ ਦੀ ਲਿਬਰਲ ਪਾਰਟੀ ਨੂੰ ਵੱਡੇ ਨੁਕਸਾਨ ਦਾ ਖਤਰਾ ਜਤਾਇਆ ਗਿਆ ਹੈ। ਨੈਨੋਸ ਰਿਸਰਚ ਦੇ ਤਾਜ਼ਾ ਬੈਲਟ ਨੰਬਰਾਂ ਅਤੇ ਸੀਟ ਪ੍ਰੋਜੇਕਸ਼ਨ ਡੇਟਾ ਅਨੁਸਾਰ ਫੈਡਰਲ ਕੰਜ਼ਰਵੇਟਿਵਾਂ ਨੇ ਲਿਬਰਲਾਂ ’ਤੇ ਮਜ਼ਬੂਤ ਬੜਤ ਬਣਾਈ ਹੋਈ ਹੈ, ਜਿਨ੍ਹਾਂ ਨੂੰ ਪਿਛਲੀਆਂ ਸੰਘੀ ਚੋਣਾਂ ਵਿੱਚ ਜਿੱਤੇ ਮੈਟਰੋ ਵੈਨਕੂਵਰ ਅਤੇ ਗ੍ਰੇਟਰ ਟੋਰਾਂਟੋ ਏਰੀਆ ਦੇ ਵੱਡੇ ਹਿੱਸੇ ਨੂੰ ਗੁਆਉਣ ਦਾ ਖਤਰਾ ਹੈ।

ਰਿਸਰਚ ਮੁਤਾਬਕ ਜੇਕਰ ਅੱਜ ਚੋਣਾਂ ਹੁੰਦੀਆਂ ਹਨ ਤਾਂ ਕੰਜ਼ਰਵੇਟਿਵਾਂ ਨੂੰ 40 ਪ੍ਰਤੀਸ਼ਤ ਬੈਲਟ ਸਮਰਥਨ ਪ੍ਰਾਪਤ ਹੋਵੇਗਾ, ਜਿਸ ਨਾਲ ਉਹ ਲਿਬਰਲਾਂ ’ਤੇ 15 ਅੰਕਾਂ ਦੀ ਬੜ੍ਹਤ ਪ੍ਰਾਪਤ ਕਰਨਗੇ ਜਿਨ੍ਹਾਂ ਕੋਲ 24.7 ਪ੍ਰਤੀਸ਼ਤ ਬੈਲਟ ਸਮਰਥਨ ਹੈ। 2021 ਦੇ ਚੋਣ ਪ੍ਰਦਰਸ਼ਨ ਦੇ ਮੁਕਾਬਲੇ ਕੰਜ਼ਰਵੇਟਿਵਾਂ ਲਈ ਇਹ 6.3 ਪ੍ਰਤੀਸ਼ਤ ਅੰਕਾਂ ਦਾ ਵਾਧਾ ਹੈ, ਜਦੋਂ ਕਿ ਲਿਬਰਲ ਤਿੰਨ ਸਾਲ ਪਹਿਲਾਂ ਨਾਲੋਂ 7.9 ਪ੍ਰਤੀਸ਼ਤ ਅੰਕ ਘੱਟ ਹਨ। ਨੈਨੋਸ ਰਿਸਰਚ ਅਤੇ ਸੀਟੀਵੀ ਨਿਊਜ਼ ਦੇ ਅਧਿਕਾਰਤ ਪੋਲਸਟਰ ਦੇ ਚੇਅਰ ਨਿਕ ਨੈਨੋਸ ਨੇ ਟ੍ਰੈਂਡ ਲਾਈਨ ਦੇ ਤਾਜ਼ਾ ਐਪੀਸੋਡ ’ਤੇ ਕਿਹਾ, ਮੁੱਖ ਗੱਲ ਇਹ ਹੈ ਕਿ ਜੇਕਰ ਅੱਜ ਕੋਈ ਚੋਣ ਹੁੰਦੀ ਹੈ ਤਾਂ ਅਸੀਂ ਅਜੇ ਵੀ ਕੰਜ਼ਰਵੇਟਿਵ ਬਹੁਮਤ ਵਾਲੀ ਸਰਕਾਰ ਬਾਰੇ ਗੱਲ ਕਰ ਰਹੇ ਹਾਂ।

ਇੱਥੇ ਦੱਸ ਦਈਏ ਕਿ ਐਨ.ਡੀ.ਪੀ 20.6 ਫੀਸਦੀ ’ਤੇ ਹੈ, ਜੋ ਕਿ 2.8 ਫੀਸਦੀ ਤੋਂ ਥੋੜ੍ਹਾ ਵੱਧ ਹੈ। ਸਿਰਫ਼ ਚਾਰ ਪ੍ਰਤੀਸ਼ਤ ਅੰਕ ਉਨ੍ਹਾਂ ਨੂੰ ਹੁਣ ਲਿਬਰਲਾਂ ਨਾਲੋਂ ਵੱਖ ਕਰਦੇ ਹਨ। ਬਲਾਕ ਕਿਊਬੇਕੋਇਸ 7.4 ਪ੍ਰਤੀਸ਼ਤ ’ਤੇ ਹਨ, ਜੋ ਕਿ 2021 ਤੋਂ ਵੱਡੇ ਪੱਧਰ ’ਤੇ ਬਦਲਿਆ ਨਹੀਂ ਹੈ। ਇਸ ਦੌਰਾਨ ਗ੍ਰੀਨਜ਼ ਅਤੇ ਪੀਪਲਜ਼ ਪਾਰਟੀ ਕ੍ਰਮਵਾਰ 2.8 ਪ੍ਰਤੀਸ਼ਤ ਅਤੇ 1.3 ਪ੍ਰਤੀਸ਼ਤ ਬੈਲਟ ਸਮਰਥਨ ’ਤੇ ਹਨ।

**ਐਨ.ਡੀ.ਪੀ. ਆਗੂ ਜਗਮੀਤ ਸਿੰਘ ਟਰੂਡੋ ਤੋਂ ਔਖਾ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐਨ.ਡੀ.ਪੀ. ਆਗੂ ਜਗਮੀਤ ਸਿੰਘ ਵਿਚਕਾਰ ਵਧਦਾ ਤਣਾਅ ਇੱਕ ਵਾਰ ਸਾਹਮਣੇ ਆਇਆ ਹੈ। ਜਗਮੀਤ ਸਿੰਘ ਨੇ ਦੱਸਿਆ ਕਿ ਉਸਨੇ ਟਰੂਡੋ ਨੂੰ ਹਾਲ ਹੀ ਵਿੱਚ ਬੰਦ ਕਮਰੇ ਵਿੱਚ ਹੋਈ ਮੀਟਿੰਗ ਦੌਰਾਨ ਚਿਤਾਵਨੀ ਦਿੱਤੀ ਹੈ।

ਚਿਤਾਵਨੀ ਮੁਤਾਬਕ ਜੇਕਰ ਟਰੂਡੋ ਸਰਕਾਰ ਫਾਰਮਾਕੇਅਰ ਕਾਨੂੰਨ ਪੇਸ਼ ਕਰਨ ਲਈ 1 ਮਾਰਚ ਦੀ ਸਮਾਂ ਸੀਮਾ ਖੁੰਝਾਉਂਦੀ ਹੈ ਤਾਂ ਇਸ ਦੇ ਨਤੀਜੇ ਗੰਭੀਰ ਹੋਣਗੇ।

ਜਗਮੀਤ ਸਿੰਘ ਨੇ ਅੱਗੇ ਕਿਹਾ, ਮੈਂ ਟਰੂਡੋ ਨੂੰ ਨੋਟਿਸ ਦੇ ਦਿੱਤਾ ਹੈ ਕਿ ਜੇ ਅਜਿਹਾ ਨਾ ਹੋਇਆ ਤਾਂ ਇਸ ਦੇ ਨਤੀਜੇ ਗੰਭੀਰ ਹੋਣਗੇ। ਇੱਥੇ ਦੱਸ ਦਈਏ ਕਿ 2022 ਲਿਬਰਲ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਪਾਰਟੀ ਫਾਰਮਾਕੇਅਰ ਦੇ ਸਿਧਾਂਤਾਂ ਦੀ ਰੂਪ ਰੇਖਾ ਦੇਣ ਵਾਲੇ ਕਾਨੂੰਨ ਅਤੇ 2025 ਤੱਕ ਕੁਝ ਦਵਾਈਆਂ ਨੂੰ ਕਵਰ ਕਰਨਾ ਸ਼ੁਰੂ ਕਰਨ ਦੀ ਯੋਜਨਾ ਦੀ ਉਮੀਦ ਕਰ ਰਹੀ ਹੈ। ਨਵੰਬਰ ਵਿੱਚ ਸਰਕਾਰ ਨੇ ਮੰਨਿਆ ਕਿ ਉਹ ਸੌਦੇ ਦੀ ਅਸਲ ਸਮਾਂ ਸੀਮਾ ਨੂੰ ਪੂਰਾ ਨਹੀਂ ਪਾਵੇਗੀ, ਜਿਸ ਵਿੱਚ 2024 ਤੋਂ ਪਹਿਲਾਂ ਫਾਰਮਾਕੇਅਰ ਕਾਨੂੰਨ ਪਾਸ ਕਰਨ ਦੀ ਮੰਗ ਕੀਤੀ ਗਈ ਸੀ। ਨਿਊ ਡੈਮੋਕਰੇਟਸ ਨੇ ਕਿਹਾ ਕਿ ਸਮਾਂ ਸੀਮਾ ਨੂੰ ਖੁੰਝਾਉਣ ਨਾਲ ਲਿਬਰਲਾਂ ਨੂੰ ਨੁਕਸਾਨ ਹੋਵੇਗਾ।

# ਯੂ.ਕੇ. ਦੇ ਵਿਦੇਸ਼ ਮੰਤਰੀ ਨੇ ਜੱਗੀ ਜੌਹਲ ’ਤੇ ਤਸ਼ੱਦਦ ਦੇ ਮਾਮਲੇ ਬਾਰੇ ਭਾਰਤ ਤੋਂ ਜਾਂਚ ਮੰਗੀ



ਲੰਡਨ/ਏ.ਟੀ.ਨਿਊਜ਼ : 6 ਸਾਲਾਂ ਤੋਂ ਭਾਰਤ ’ਚ ਬੰਦ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਦੇ ਮਾਮਲੇ ਵਿੱਚ ਵਿਦੇਸ਼ ਮੰਤਰੀ ਡੇਵਿਡ ਕੈਮਰੂਨ ਨੇ ਦਖ਼ਲ ਦਿੱਤਾ ਹੈ।ਉਨ੍ਹਾਂ ਭਾਰਤ ਤੋਂ ਉਨ੍ਹਾਂ ਦਾਅਵਿਆਂ ਦੀ ਜਾਂਚ ਦੀ ਮੰਗ ਕੀਤੀ ਹੈ ਜੋ ਉਸ ’ਤੇ ਪੰਜਾਬ ’ਚ ਪੁਲਿਸ ਹਿਰਾਸਤ ਵਿੱਚ ਤਸ਼ੱਦਦ ਕੀਤਾ ਗਿਆ ਸੀ ਪਰ ਵਿਦੇਸ਼ ਮੰਤਰੀ ਨੇ ਜੱਗੀ ਜੌਹਲ ਦੀ ਰਿਹਾਈ ਦੀ ਮੰਗ ਤੋਂ ਟਾਲਾ ਵੱਟਿਆ ਹੈ ।ਵਿਦੇਸ਼ ਮੰਤਰੀ ਡੇਵਿਡ ਕੈਮਰੂਨ ਨੇ ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਉਹ ਜੱਗੀ ਦੇ ਕੇਸ ਨੂੰ ਜਲਦੀ ਹੱਲ ਹੋਇਆ ਵੇਖਣਾ ਚਾਹੁੰਦੇ ਹਨ, ਜਿਸ ਵਿੱਚ ਜੱਗੀ ਜੌਹਲ ’ਤੇ ਕੀਤੇ ਗਏ ਕਥਿਤ ਤਸ਼ੱਦਦ ਦੇ ਗੰਭੀਰ ਦੋਸ਼ਾਂ ਦੀ ਜਾਂਚ ਵੀ ਸ਼ਾਮਿਲ ਹੋਣੀ ਚਾਹੀਦੀ ਹੈ ।ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਪਰਿਵਾਰਕ ਵੀਡੀਓ ਕਾਲਾਂ ਨੂੰ ਲਾਜ਼ਮੀ ਕਰਨ ਵਾਲੇ 15 ਨਵੰਬਰ ਦੇ ਅਦਾਲਤੀ ਆਦੇਸ਼ਾਂ ਨੂੰ ਲਾਗੂ ਕਰਨ ਬਾਰੇ ਸਪੱਸ਼ਟ ਹਾਂ । ਉਨ੍ਹਾਂ ਕਿਹਾ ਕਿ ਅਸੀਂ ਭਾਰਤ ਸਰਕਾਰ ਕੋਲ ਜੱਗੀ ਦੇ ਕੇਸ ਬਾਰੇ ਆਪਣੀਆਂ ਚਿੰਤਾਵਾਂ ਨੂੰ ਉਠਾਉਣਾ ਜਾਰੀ ਰੱਖਾਂਗੇ। ਵਿਦੇਸ਼ ਮੰਤਰੀ ਨੇ ਲਿਖਿਆ ਕਿ ਉਹ ਜੌਹਲ ਪਰਿਵਾਰ ਨੂੰ ਮਿਲ ਕੇ ਖੁਸ਼ ਹਨ ।ਜੌਹਲ ਦੇ ਦੋਸ਼ ਹਨ ਕਿ ਨਵੰਬਰ 2017 ਵਿੱਚ ਗ੍ਰਿਫ਼ਤਾਰ ਕਰਨ ਉਪਰੰਤ ਪੁਲਿਸ ਹਿਰਾਸਤ ਵਿੱਚ ਮੋਗਾ ਵਿਖੇ ਤਸ਼ੱਦਦ ਕੀਤਾ ਗਿਆ ਸੀ, ਪਰ ਭਾਰਤੀ ਅਧਿਕਾਰੀ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦੇ ਹਨ ।ਕੈਮਰੂਨ ਨੇ ਇੱਕ ਹੋਰ ਪੱਤਰ ਰਾਹੀਂ ਸਕਾਟਿਸ਼ ਨੈਸ਼ਨਲ ਪਾਰਟੀ ਦੇ ਸੰਸਦ ਮੈਂਬਰ ਮਾਰਟਿਨ ਜੌਹਨ ਡੋਚਰਟੀ-ਹਿਊਜ਼ ਨੂੰ ਦੱਸਿਆ ਕਿ ਜੱਗੀ ਜੌਹਲ ਦੀ ਰਿਹਾਈ ਦੀ ਮੰਗ ਕਰਨਾ ਜੌਹਲ ਵਿਰੁੱਧ ਚੱਲ ਰਹੀ ਭਾਰਤੀ ਨਿਆਇਕ ਪ੍ਰਕਿਰਿਆ ਵਿੱਚ ਦਖ਼ਲ ਮੰਨਿਆ ਜਾਵੇਗਾ ਅਤੇ ਜੌਹਲ ਦੀ ਕੌਂਸਲਰ ਸਹਾਇਤਾ ਦੀ ਪੇਸ਼ਕਸ਼ ਨੂੰ ਖ਼ਤਰਾ ਹੋ ਸਕਦਾ ਹੈ ।ਜੱਗੀ ਜੌਹਲ ’ਤੇ ਰਵਿੰਦਰ ਗੋਸਾਈ ਸਮੇਤ ਪੰਜਾਬ ਵਿੱਚ ਸਿੱਖ ਵਿਰੋਧੀ ਸਿਆਸੀ ਅਤੇ ਧਾਰਮਿਕ ਹਸਤੀਆਂ ਦੀਆਂ ਹੱਤਿਆਵਾਂ ਵਿੱਚ ਸ਼ਾਮਿਲ ਹੋਣ ਦੇ ਦੋਸ਼ ਹਨ, ਜਦ ਕਿ ਉਹ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰ ਰਿਹਾ ਹੈ। ਵਿਦੇਸ਼ ਮੰਤਰੀ ਡੇਵਿਡ ਕੈਮਰੂਨ ਵਲੋਂ ਦਿੱਤੇ ਗਏ ਜਵਾਬ ਤੋਂ ਗੁਰਪ੍ਰੀਤ ਸਿੰਘ ਜੌਹਲ ਨੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਜੱਗੀ ਨੂੰ ਰਿਹਾਅ ਕਰਵਾ ਕੇ ਘਰ ਵਾਪਸ ਲਿਆਉਣ ਦੀ ਲੋੜ ਹੈ, ਇਸ ਤੋਂ ਹੋਰ ਕੁਝ ਵੀ ਠੀਕ ਨਹੀਂ ਹੈ।

# ਪੰਜਾਬਣ ਸਤਵਿੰਦਰ ਕੌਰ ਬਣੀ ਕੈਂਟ ਸਿਟੀ ਕੌਂਸਲ ਦੀ ਪ੍ਰਧਾਨ, ਸਰਬਸੰਮਤੀ ਨਾਲ ਹੋਈ ਚੋਣ




ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਭਾਰਤੀ ਮੂਲ ਦੀ ਪੰਜਾਬਣ ਸਤਵਿੰਦਰ ਕੌਰ ਸਰਬਸਮੰਤੀ ਨਾਲ ਕੈਂਟ ਸਿਟੀ ਕੌਂਸਲ ਦੀ ਪ੍ਰਧਾਨ ਚੁਣੀ ਗਈ ਹੈ। ਉਨ੍ਹਾਂ ਦਾ ਕਾਰਜਕਾਲ 2 ਸਾਲ ਦਾ ਹੋਵੇਗਾ। ਉਹ 7 ਮੈਂਬਰੀ ਸਿਟੀ ਕੌਂਸਲ ਦੀ ਪਿਛਲੇ 7 ਸਾਲਾਂ ਤੋਂ ਮੈਂਬਰ ਹੈ। ਸਤਵਿੰਦਰ ਕੌਰ ਨੇ ਪ੍ਰਧਾਨ ਬਿਲ ਬਾਇਸ ਦੀ ਜਗਾ ਲਈ ਹੈ ਜਿਨ੍ਹਾਂ ਨੇ ਪ੍ਰਧਾਨ ਦੇ ਅਹੁਦੇ ਲਈ ਉਸ ਨੂੰ ਨਾਮਜ਼ਦ ਕੀਤਾ ਸੀ। ਸਤਵਿੰਦਰ ਕੌਰ ਦੀ ਪ੍ਰਧਾਨ ਵਜੋਂ ਚੋਣ ਉਪਰੰਤ ਬਾਇਸ ਨੇ ਕਿਹਾ ਕਿ ਮੈਨੂੰ ਯਕੀਨ ਹੈ ਕਿ ਤੁਸੀਂ ਪੂਰੀ ਤਨਦੇਹੀ ਤੇ ਲਗਨ ਨਾਲ ਆਪਣਾ ਕੰਮ ਕਰੋਗੇ ਤੇ ਅਸੀਂ ਤੁਹਾਡਾ ਪੁਰਜੋਰ ਸਮਰਥਨ ਕਰਾਂਗੇ ਤੇ ਤੁਹਾਡੀ ਸਫਲਤਾ ਨੂੰ ਅਸੀਂ ਯਕੀਨੀ ਬਣਾਉਣ ਵਿੱਚ ਸਹਿਯੋਗ ਕਰਾਂਗੇ। ਸਤਵਿੰਦਰ ਕੌਰ ਨੇ ਬਾਇਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਸਾਰਿਆਂ ਦਾ ਇਕੋ ਇੱਕ ਟੀਚਾ ਸਮਾਜ ਦੀ ਸੇਵਾ ਕਰਨਾ ਹੈ ਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਕੈਂਟ ਸਾਡੇ ਸਾਰਿਆਂ ਦੇ ਰਹਿਣ ਲਈ ਬਿਹਤਰ ਸਥਾਨ ਬਣੇ।

# ਰਾਜ ਗਰੇਵਾਲ ਨੇ ਆਰ.ਸੀ.ਐਮ.ਪੀ. ਅਤੇ ਓਂਟਾਰੀਓ ਸਰਕਾਰ ਤੋਂ ਮੰਗਿਆ 50 ਮਿਲੀਅਨ ਡਾਲਰ ਦਾ ਹਰਜਾਨਾ



ਬਰੈਂਪਟਨ/ਏ.ਟੀ.ਨਿਊਜ਼: ਕੈਨੇਡਾ ਤੋਂ ਸਾਬਕਾ ਲਿਬਰਲ ਐਮ.ਪੀ. ਰਾਜ ਗਰੇਵਾਲ ਨੇ ਆਰ.ਸੀ.ਐਮ.ਪੀ. ਅਤੇ ਓਂਟਾਰੀਓ ਦੇ ਅਟਾਰਨੀ ਜਨਰਲ ਵਿਰੁੱਧ ਮੁਕੱਦਮਾ ਦਾਇਰ ਕਰਦਿਆਂ 5 ਕਰੋੜ ਡਾਲਰ ਦਾ ਹਰਜਾਨਾ ਮੰਗਿਆ ਹੈ। ਰਾਜ ਗਰੇਵਾਲ ਵੱਲੋਂ ਇਹ ਕਾਰਵਾਈ ਉਸ ਮੁਕੱਦਮੇ ਵਿਚੋਂ ਬਰੀ ਹੋਣ ਮਗਰੋਂ ਕੀਤੀ ਗਈ, ਜਿਸ ਤਹਿਤ ਪੰਜਾਬੀ ਮੂਲ ਦੇ ਸਿਆਸਤਦਾਨ ’ਤੇ ਨਿਜੀ ਫ਼ਾਇਦੇ ਲਈ ਐਮ.ਪੀ. ਦੇ ਅਹੁਦੇ ਦੀ ਦੁਰਵਰਤੋਂ ਅਤੇ ਫਰੌਡ ਕਰਨ ਦੇ ਦੋਸ਼ ਲਾਏ ਗਏ। ਆਉਣ ਵਾਲੇ ਸਮੇਂ ਦੌਰਾਨ ਇਹ ਮੁਕੱਦਮਾ ਪੂਰੇ ਮੁਲਕ ਵਿੱਚ ਚਰਚਾ ਦਾ ਮੁੱਦਾ ਬਣ ਸਕਦਾ ਹੈ। ਬਰੈਂਪਟਨ ਈਸਟ ਤੋਂ ਐਮ.ਪੀ. ਰਹਿ ਚੁੱਕੇ ਰਾਜ ਗਰੇਵਾਲ ਨੇ 2018 ਵਿੱਚ ਅਸਤੀਫ਼ਾ ਦੇ ਦਿੱਤਾ ਸੀ ਅਤੇ 2020 ਵਿੱਚ ਉਨ੍ਹਾਂ ਵਿਰੁੱਧ ਭਰੋਸਾ ਤੋੜਨ ਦੇ ਚਾਰ ਦੋਸ਼ ਅਤੇ 5 ਹਜ਼ਾਰ ਡਾਲਰ ਤੋਂ ਵੱਧ ਰਕਮ ਦੀ ਠੱਗੀ ਦਾ ਇਕ ਦੋਸ਼ ਲਾਇਆ ਗਿਆ।

**ਬਗੈਰ ਸਬੂਤਾਂ ਤੋਂ ਮੁਕੱਦਮਾ ਚਲਾਉਣ ਦਾ ਦੋਸ਼**

ਮੁਕੱਦਮੇ ਦਾ ਆਧਾਰ ਉਨ੍ਹਾਂ ਦੋਸ਼ਾਂ ਨੂੰ ਬਣਾਇਆ ਗਿਆ ਜਿਨ੍ਹਾਂ ਵਿੱਚ ਕਿਹਾ ਗਿਆ ਕਿ ਰਾਜ ਗਰੇਵਾਲ ਨੇ ਆਪਣੇ ਹਲਕੇ ਦੇ ਲੋਕਾਂ ਤੋਂ ਕਰਜ਼ਾ ਲਿਆ ਅਤੇ ਇਕ ਕੰਪਨੀ ਲਈ ਸਰਕਾਰੀ ਠੇਕੇ ਹਾਸਲ ਕਰਨ ਲਈ ਸਿਆਸੀ ਰਸੂਖ ਦੀ ਵਰਤੋਂ ਕੀਤੀ। ਓਂਟਾਰੀਓ ਦੀ ਸੁਪੀਰੀਅਰ ਕੋਰਟ ਆਫ ਜਸਟਿਸ ਨੇ ਸਬੂਤਾਂ ਦੀ ਘਾਟ ਨੂੰ ਵੇਖਦਿਆਂ ਰਾਜ ਗਰੇਵਾਲ ਨੂੰ ਬਰੀ ਕਰ ਦਿੱਤਾ। ਰਾਜ ਗਰੇਵਾਲ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਕ੍ਰਾਊਨ ਪ੍ਰੌਸੀਕਿਊਟਰ ਉਨ੍ਹਾਂ ਦੇ ਮੁਵੱਕਲ ਵਿੱਚ ਕਿਸੇ ਵੀ ਕਿਸਮ ਦੀ ਦੁਰਭਾਵਨਾ ਸਾਬਤ ਨਹੀਂ ਕਰ ਸਕੇ ਅਤੇ ਰਹੀ ਗੱਲ ਕਰਜ਼ੇ ਦੀ ਤਾਂ ਉਹ ਦੋਸਤਾਂ ਨਾਲ ਹੋਇਆ ਰਕਮ ਦਾ ਲੈਣ-ਦੇਣ ਸੀ। ਰਾਜ ਗਰੇਵਾਲ ਦੇ ਵਕੀਲ ਮਾਈਕਲ ਲੇਸੀ ਨੇ ਕਿਹਾ ਕਿ ਆਰ.ਸੀ.ਐਮ.ਪੀ. ਵੱਲੋਂ ਲਾਪ੍ਰਵਾਹੀ ਨਾਲ ਕੀਤੀ ਪੜਤਾਲ ਅਤੇ ਕ੍ਰਾਊਨ ਵੱਲੋਂ ਸਬੂਤਾਂ ਤੋਂ ਬਗੈਰ ਮੁਕੱਦਮਾ ਦਾਇਰ ਕੀਤੇ ਜਾਣ ਕਰ ਕੇ ਉਨ੍ਹਾਂ ਦੇ ਮੁਵੱਕਲ ਦੇ ਰੁਤਬੇ ਅਤੇ ਸਿਆਸੀ ਵੱਕਾਰ ਨੂੰ ਵੱਡੀ ਢਾਹ ਲੱਗੀ। ਹਰਜਾਨੇ ਰਾਹੀਂ ਅਸੀਂ ਇਨਸਾਫ ਦੀ ਮੰਗ ਕਰ ਰਹੇ ਹਾਂ।

**ਕੀਤੀ ਹਰਜਾਨੇ ਦੀ ਮੰਗ**

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਰਾਜ ਗਰੇਵਾਲ ਵੱਲੋਂ ਸਾਧਾਰਣ ਹਰਜਾਨੇ ਦੇ ਰੂਪ ਵਿੱਚ 25 ਮਿਲੀਅਨ ਡਾਲਰ, ਬਤੌਰ ਸਜ਼ਾ ਹਰਜਾਨੇ ਦੇ ਰੂਪ ਵਿੱਚ 20 ਮਿਲੀਅਨ ਡਾਲਰ ਅਤੇ ਖਾਸ ਹਰਜਾਨੇ ਦੇ ਰੂਪ ਵਿੱਚ 5 ਮਿਲੀਅਨ ਡਾਲਰ ਦੀ ਮੰਗ ਕੀਤੀ ਗਈ ਹੈ। ਸਾਬਕਾ ਐਮ.ਪੀ. ਨੇ ਦੋਸ਼ ਲਾਇਆ ਹੈ ਕਿ ਮੁਕੱਦਮਾ ਅੱਗੇ ਵਧਾਉਣ ਲਈ ਆਰ.ਸੀ.ਐਮ.ਪੀ. ਤੇ ਕ੍ਰਾਊਨ ਵੱਲੋਂ ਗ਼ਲਤ ਕਦਮ ਉਠਾਏ ਗਏ। ਮਾਈਕਲ ਲੇਸੀ ਨੇ ਅੱਗੇ ਕਿਹਾ ਕਿ ਬੇਬੁਨਿਆਦ ਦੋਸ਼ਾਂ ਕਾਰਨ ਉਨ੍ਹਾਂ ਦੇ ਮੁਵੱਕਲ ਦਾ ਨਿੱਜੀ ਅਤੇ ਪੇਸ਼ੇਵਰ ਨੁਕਸਾਨ ਹੋਇਆ ਅਤੇ ਸਾਡਾ ਮੰਨਣਾ ਹੈ ਕਿ ਆਰ.ਸੀ.ਐਮ.ਪੀ. ਤੇ ਕ੍ਰਾਊਨ ਨੂੰ ਵੀ ਜਵਾਬਦੇਹ ਠਹਿਰਾਇਆ ਜਾਵੇ। ਦੂਜੇ ਪਾਸੇ ਰਾਜ ਗਰੇਵਾਲ ਵੱਲੋਂ ਲਾਏ ਦੋਸ਼ਾਂ ਬਾਰੇ ਆਰ.ਸੀ.ਐਮ.ਪੀ. ਅਤੇ ਓਂਟਾਰੀਓ ਦੇ ਅਟਾਰਨੀ ਜਨਰਲ ਵੱਲੋਂ ਫਿਲਹਾਲ ਕੋਈ ਟਿੱਪਣੀ ਨਹੀਂ ਕੀਤੀ ਗਈ।

# ਰਾਸ਼ਟਰਪਤੀ ਚੋਣਾਂ ’ਚ ਬਾਈਡੇਨ ਦੀ ਉਮਰ ਦਾ ਮੁੱਦਾ ਬਣਿਆ ਚੁਣੌਤੀ

## ਹਿਲੇਰੀ ਕਲਿੰਟਨ ਨੇ ਕਿਹਾ- ਪਾਰਟੀ ਨੂੰ ਹਾਰ ਦਾ ਡਰ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਇੱਕ ਵਾਰ ਫਿਰ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿੱਚ ਹਨ ਪਰ ਉਨ੍ਹਾਂ ਦੀ ਉਮਰ ਦਾ ਮੁੱਦਾ ਹੁਣ ਚੁਣੌਤੀ ਬਣ ਗਿਆ ਹੈ। ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਅਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੀ ਪਤਨੀ ਹਿਲੇਰੀ ਕਲਿੰਟਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਰਾਸ਼ਟਰਪਤੀ ਬਾਈਡੇਨ ਦੀ ਉਮਰ ਦਾ ਮੁੱਦਾ ਡੈਮੋਕ੍ਰੇਟਿਕ ਪਾਰਟੀ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਪਾਰਟੀ ਨੂੰ ਹਾਰ ਦਾ ਡਰ ਸਤਾ ਰਿਹਾ ਹੈ। ਹਿਲੇਰੀ ਨੇ ਕਿਹਾ ਕਿ ਵ੍ਹਾਈਟ ਹਾਊਸ ਅਤੇ (ਬਾਈਡੇਨ) ਵੀ ਇਸ ਮਾਮਲੇ ਤੋਂ ਜਾਣੂ ਹਨ। ਬਾਈਡੇਨ 81 ਸਾਲ ਦੇ ਹਨ, ਜਦੋਂਕਿ ਉਨ੍ਹਾਂ ਦੇ ਵਿਰੋਧੀ ਟਰੰਪ ਇਸ ਸਮੇਂ 77 ਸਾਲ ਦੇ ਹਨ। ਦਰਅਸਲ, ਵਿਸ਼ੇਸ਼ ਵਕੀਲ ਰਾਬਰਟ ਹੇਰ ਵੱਲੋਂ ਹਾਲ ਹੀ ਵਿੱਚ ਇੱਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਵਿੱਚ ਇਹ ਸਪੱਸ਼ਟ ਤੌਰ ’ਤੇ ਕਿਹਾ ਗਿਆ ਹੈ ਕਿ ਬਾਈਡੇਨ ਮਾਨਸਿਕ ਅਤੇ ਸਰੀਰਕ ਤੌਰ ’ਤੇ ਸੰਘਰਸ਼ ਕਰ ਰਹੇ ਹਨ। ਇਸ ਲਈ ਉਨ੍ਹਾਂ ਲਈ ਚੋਣ ਲੜਨਾ ਠੀਕ ਨਹੀਂ ਹੈ। ਉਥੇ ਹੀ ਰਿਪੋਰਟ ਨੂੰ ਖਾਰਜ ਕਰਦਿਆਂ ਬਾਈਡੇਨ ਨੇ ਕਿਹਾ ਸੀ ਕਿ ਉਮਰ ਦੇ ਨਾਲ ਕੁਝ ਸਮੱਸਿਆਵਾਂ ਆਉਂਦੀਆਂ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਫਿੱਟ ਨਹੀਂ ਹਾਂ।

ਇੱਕ ਤਾਜ਼ਾ ਪੋਲ ਵਿੱਚ ਪਾਇਆ ਗਿਆ ਹੈ ਕਿ 86 ਫ਼ੀਸਦੀ ਅਮਰੀਕੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਰਾਸ਼ਟਰਪਤੀ ਵਜੋਂ ਦੂਜੀ ਵਾਰ ਚੋਣ (**ਬਾਕੀ ਸਫ਼ਾ 30 ’ਤੇ**)

# ਜੰਗ ਦਾ ਮੈਦਾਨ ਬਣੇ ਸ਼ੰਭੂ ਤੇ ਖਨੌਰੀ ਬਾਰਡਰ

## ਹਰਿਆਣਾ ਪੁਲਿਸ ਨੇ ਕਿਸਾਨਾਂ 'ਤੇ ਸੁੱਟੇ ਹੰਝੂ ਗੈਸ ਦੇ ਗੋਲੇ ਅਤੇ ਕੀਤਾ ਲਾਠੀਚਾਰਜ








ਸ਼ੰਭੂ/ਖਨੌਰੀ/ਏ.ਟੀ.ਨਿਊਜ਼ : ਕਿਸਾਨ ਅੰਦੋਲਨ 2.0 ਦਾ ਅੱਜ ਯਾਨੀ ਕਿ ਬੁੱਧਵਾਰ ਨੂੰ ਦੂਜਾ ਦਿਨ ਹੈ। ਬੁੱਧਵਾਰ ਸਵੇਰੇ ਅੰਬਾਲਾ ਨੇੜੇ ਸ਼ੰਭੂ ਬਾਰਡਰ 'ਤੇ ਇੱਕ ਵਾਰ ਫਿਰ ਕਿਸਾਨ 'ਦਿੱਲੀ ਚਲੋ' ਮਾਰਚ ਸ਼ੁਰੂ ਕਰਨ ਲਈ ਇਕੱਠੇ ਹੋਏ, ਜਿਸ ਕਾਰਨ ਹਰਿਆਣਾ ਪੁਲਿਸ ਨੇ ਭੀੜ ਨੂੰ ਤਿਤਰ-ਬਿਤਰ ਕਰਨ ਲਈ ਹੰਝੂ ਗੈਸ ਦੇ ਗੋਲੇ ਸੁੱਟੇ। ਪੰਜਾਬ ਦੇ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਵੱਖ-ਵੱਖ ਮੰਗਾਂ ਨੂੰ ਲੈ ਕੇ ਦਿੱਲੀ ਵੱਲ ਮਾਰਚ ਕਰਨ ਦੀ ਕੋਸ਼ਿਸ਼ 'ਚ ਹਰਿਆਣਾ ਦੀ ਸਰਹੱਦ 'ਤੇ ਬੈਰੀਕੇਡ ਹਟਾਉਣ ਦੀ ਨਵੇਂ ਸਿਰਿਓਂ ਕੋਸ਼ਿਸ਼ ਕੀਤੀ। ਪ੍ਰਦਰਸ਼ਨਕਾਰੀਆਂ ਨੇ ਦਾਅਵਾ ਕੀਤਾ ਕਿ ਜਦੋਂ ਕੁਝ ਕਿਸਾਨ ਸ਼ੰਭੂ ਬਾਰਡਰ 'ਤੇ ਬੈਰੀਕੇਡ ਨੇੜੇ ਇਕੱਠੇ ਹੋਏ ਤਾਂ ਹਰਿਆਣਾ ਪੁਲਿਸ ਨੇ ਹੰਝੂ ਗੈਸ ਦੇ ਕਈ ਗੋਲੇ ਦਾਗੇ।

ਖਨੌਰੀ ਬਾਰਡਰ 'ਤੇ ਅੱਜ ਹਾਲਾਤ ਮੁੜ ਤਣਾਅ ਵਾਲੇ ਬਣ ਗਏ। ਅੱਜ ਦੂਜੇ ਦਿਨ ਬਾਅਦ ਦੁਪਹਿਰ ਕਿਸਾਨਾਂ ਨੇ ਜਿਉ ਹੀ ਅੱਗੇ ਵਧਣ ਦਾ ਯਤਨ ਕੀਤਾ ਤਾਂ ਹਰਿਆਣਾ ਪੁਲਿਸ ਨਾਲ ਟਕਰਾਅ ਹੋ ਗਿਆ।

ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਉਪਰ ਲਾਠੀਚਾਰਜ ਕੀਤਾ ਗਿਆ ਅਤੇ ਦੋਵੇਂ ਪਾਸੇ ਤੋਂ ਪੱਥਰਬਾਜ਼ੀ ਵੀ ਹੋਈ ਹੈ। ਪੁਲਿਸ ਵੱਲੋਂ ਵੱਡੀ ਗਿਣਤੀ ਵਿੱਚ ਅੱਥਰੂ ਗੈਸ ਦੇ ਗੋਲੇ ਦਾਗੇ ਗਏ। ਪੁਲਿਸ ਲਾਠੀਚਾਰਜ ਨਾਲ ਕਰੀਬ 7-8 ਕਿਸਾਨ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ 'ਚੋਂ ਗਭੀਰ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ।ਖ਼ਬਰ ਲਿਖੇ ਜਾਣ ਵੇਲੇ ਤਕ ਹਾਲਾਤ ਤਣਾਅ ਵਾਲੇ ਬਣੇ ਹੋਏ ਹਨ। ਕਿਸਾਨ ਬਾਰਡਰ ਦੇ ਨੇੜੇ ਪੁੱਜ ਗਏ ਹਨ ਅਤੇ ਲਗਾਤਾਰ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਜਾ ਰਹੇ ਹਨ।






# ਬਾਈਡਨ ਦੀ ਯਾਦਾਸ਼ਤ ਬਾਰੇ ਰਿਪੋਰਟ ਰਾਜਨੀਤੀ ਤੋਂ ਪ੍ਰੇਰਿਤ: ਕਮਲਾ ਹੈਰਿਸ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਵਿਸ਼ੇਸ਼ ਕੌਂਸਲ ਰਿਪੋਰਟ ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਜੋ ਬਾਈਡਨ ਭੁੱਲ ਜਾਣ ਦੀ ਬਿਮਾਰੀ ਤੋਂ ਪੀੜਤ ਹਨ ਤੇ ਉਨ੍ਹਾਂ ਦੀ ਯਾਦਾਸ਼ਤ ਕਮਜੋਰ ਹੋ ਗਈ ਹੈ, ਨੂੰ ਲੈ ਕੇ ਡੈਮੋਕਰੈਟਿਕ ਪਾਰਟੀ ਵਿੱਚ ਹਲਚਲ ਤੇਜ ਹੋ ਗਈ ਹੈ ਤੇ ਵਾਈਟ ਹਾਊਸ ਇਸ ਰਿਪੋਰਟ ਕਾਰਨ ਹੋਏ ਨੁਕਸਾਨ ਦੀ ਪੂਰਤੀ ਲਈ ਦਿਨ ਰਾਤ ਕੰਮ ਕਰ ਰਿਹਾ ਹੈ। ਨਿਆਂ ਵਿਭਾਗ ਦੀ ਇਸ ਰਿਪੋਰਟ ਵਿੱਚ ਰਾਸ਼ਟਰਪਤੀ ਦੀ ਯਾਦਾਸ਼ਤ ਨੂੰ ਲੈ ਕੇ ਆਈ ਗਿਰਾਵਟ ਦਾ ਵੇਰਵਾ ਦਿੱਤਾ ਗਿਆ ਹੈ। ਉੱਪ ਰਾਸ਼ਟਰਪਤੀ ਕਮਲਾ ਹੈਰਿਸ ਜੋ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਅਹੁੱਦੇ 'ਤੇ ਵੀ ਕੰਮ ਕਰ ਚੁੱਕੀ ਹੈ, ਨੇ ਕਿਹਾ ਹੈ ਕਿ ਇੱਕ ਸਾਬਕਾ ਵਕੀਲ ਵਜੋਂ ਮੈ ਐਲਾਨ ਕਰਦੀ ਹਾਂ ਕਿ ਬਾਈਡਨ ਬਾਰੇ ਟਿਪਣੀਆਂ ਜੋ ਇੱਕ ਵਕੀਲ ਵੱਲੋਂ ਕੀਤੀਆਂ ਗਈਆਂ ਹਨ, ਨਿਰਆਧਾਰ, ਗਲਤ ਤੇ ਅਣਉਚਿੱਤ ਹਨ।

ਹੈਰਿਸ ਜੋ ਵਾਈਟ ਹਾਊਸ ਵਿੱਚ ਗੰਨ ਹਿੰਸਾ ਰੋਕਣ ਬਾਰੇ ਹੋਈ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ, ਨੇ ਕਿਹਾ ਕਿ ਰਿਪੋਰਟ ਵਿੱਚ ਜਿਸ ਢੰਗ ਨਾਲ ਰਾਸ਼ਟਰਪਤੀ ਦੇ ਵਿਵਹਾਰ ਨੂੰ ਦਰਸਾਇਆ ਗਿਆ ਹੈ ਉਹ ਸਪਸ਼ਟ ਤੌਰ 'ਤੇ ਰਾਜਨੀਤੀ ਤੋਂ ਪ੍ਰੇਰਿਤ ਹੈ।

# ਦੁਨੀਆਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ ਕੋਰੋਨਾ ਤੋਂ ਖ਼ਤਰਨਾਕ ਫੰਗਲ ਇਨਫੈਕਸ਼ਨ ਕੈਂਡੀਡਾ ਔਰਿਸ

## ਦਵਾਈਆਂ ਬੇਅਸਰ, ਅਮਰੀਕਾ ਵਿੱਚ ਦਹਿਸ਼ਤ ਦਾ ਮਾਹੌਲ

ਵਾਸ਼ਿੰਗਟਨ/ਏ.ਟੀ.ਨਿਊਜ਼: ਇਨ੍ਹੀਂ ਦਿਨੀਂ ਅਮਰੀਕਾ ਵਿੱਚ ਇੱਕ ਬਹੁਤ ਹੀ ਘਾਤਕ ਇਨਫੈਕਸ਼ਨ ਦਾ ਕਹਿਰ ਤੇਜ਼ੀ ਨਾਲ ਵਧ ਰਿਹਾ ਹੈ। ਇਸ ਫੰਗਲ ਇਨਫੈਕਸ਼ਨ ਨੂੰ ਕੋਰੋਨਾ ਤੋਂ ਵੀ ਜ਼ਿਆਦਾ ਘਾਤਕ ਮੰਨਿਆ ਜਾ ਰਿਹਾ ਹੈ। ਮਾਹਿਰਾਂ ਅਨੁਸਾਰ ਕੈਂਡੀਡਾ ਔਰਿਸ ਨਾਂ ਦਾ ਇਹ ਇਨਫੈਕਸ਼ਨ ਲੋਕਾਂ ਲਈ ਬਹੁਤ ਘਾਤਕ ਸਾਬਤ ਹੋ ਰਿਹਾ ਹੈ।

ਇਸ ਤੋਂ ਪ੍ਰਭਾਵਿਤ 60 ਫੀਸਦੀ ਲੋਕ ਮਰ ਰਹੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਇਸ ਸੰਕ੍ਰਮਣ 'ਤੇ ਦਵਾਈਆਂ ਦਾ ਕੋਈ ਅਸਰ ਨਹੀਂ ਹੋ ਰਿਹਾ ਹੈ ਅਤੇ ਅਮਰੀਕਾ ਵਿੱਚ ਇਸ ਦੇ ਮਾਮਲੇ ਵਧਦੇ ਜਾ ਰਹੇ ਹਨ। ਇਸ ਨਾਲ ਦੁਨੀਆਂ ਭਰ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ, ਕਿਉਂਕਿ ਜੇਕਰ ਇਹ ਸੰਕ੍ਰਮਣ ਦੂਜੇ ਦੇਸ਼ਾਂ 'ਚ ਤੇਜ਼ੀ ਨਾਲ ਫੈਲਦਾ ਹੈ ਤਾਂ ਇਹ ਮਹਾਮਾਰੀ ਦਾ ਰੂਪ ਲੈ ਸਕਦਾ ਹੈ।



ਲੋਕ ਅਜੇ ਤੱਕ ਕੋਰੋਨਾ ਮਹਾਮਾਰੀ ਦੇ ਪ੍ਰਕੋਪ ਤੋਂ ਨਹੀਂ ਉਭਰੇ ਸਨ ਕਿ ਜਾਨਲੇਵਾ ਫੰਗਲ ਇਨਫੈਕਸ਼ਨ ਦੇ ਮਾਮਲਿਆਂ ਕਾਰਨ ਹਰ ਕਿਸੇ ਦੀ ਚਿੰਤਾ ਵਧ ਗਈ ਹੈ।

ਅਮਰੀਕੀ ਵੈੱਬਸਾਈਟ ਐਨਬੀਸੀ ਨਿਊਜ਼ ਦੀ ਰਿਪੋਰਟ ਮੁਤਾਬਕ ਕੈਂਡੀਡਾ ਔਰਿਸ ਇੱਕ ਦੁਰਲੱਭ ਫੰਗਲ ਇਨਫੈਕਸ਼ਨ ਹੈ ਪਰ ਸਾਲ 2016 ਤੋਂ ਬਾਅਦ ਇਸ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਇਸ ਸਾਲ ਇਹ ਲਾਗ ਅਮਰੀਕਾ ਦੇ ਕਈ ਰਾਜਾਂ ਵਿੱਚ ਸਾਹਮਣੇ ਆਈ ਹੈ। ਇਸ ਮਹੀਨੇ, ਵਾਸ਼ਿੰਗਟਨ ਰਾਜ ਵਿੱਚ 4 ਲੋਕ ਇਸ ਘਾਤਕ ਸੰਕਰਮਣ ਦਾ ਸ਼ਿਕਾਰ ਹੋਏ। ਜਦੋਂ ਇਹ ਲਾਗ ਹੁੰਦੀ ਹੈ ਤਾਂ ਐਂਟੀਫੰਗਲ ਦਵਾਈਆਂ ਕੰਮ ਨਹੀਂ ਕਰਦੀਆਂ ਅਤੇ ਕਮਜ਼ੋਰ ਇਮਿਊਨਿਟੀ ਵਾਲੇ ਲੋਕਾਂ ਨੂੰ ਵਧੇਰੇ ਖ਼ਤਰਾ ਹੁੰਦਾ ਹੈ।

ਕੈਂਡੀਡਾ ਔਰਿਸ ਦੀ ਪਛਾਣ ਪਹਿਲੀ ਵਾਰ 2009 ਵਿੱਚ ਜਾਪਾਨ ਵਿੱਚ ਹੋਈ ਸੀ। ਇਸ ਤੋਂ ਬਾਅਦ ਇਹ ਅਮਰੀਕਾ ਪਹੁੰਚ ਗਿਆ ਅਤੇ ਸਾਲ 2026 ਤੋਂ ਇਸ ਲਾਗ ਦੇ ਕਈ ਮਾਮਲੇ ਸਾਹਮਣੇ ਆਏ। ਕੈਂਡੀਡਾ ਔਰਿਸ ਦੇ ਕੇਸ 2020 ਤੋਂ 2021 ਤੱਕ ਤੇਜ਼ੀ ਨਾਲ ਵਧੇ ਹਨ ਅਤੇ ਲਾਗ ਦੇ ਕੇਸਾਂ ਵਿੱਚ 94% ਦਾ ਵਾਧਾ ਹੋਇਆ ਹੈ। ਸਾਲ 2022 ਵਿੱਚ 2300 ਤੋਂ ਵੱਧ ਮਾਮਲੇ ਸਾਹਮਣੇ ਆਏ ਸਨ।

ਹਰ ਸਾਲ ਇਸ ਇਨਫੈਕਸ਼ਨ ਦੇ ਹਜ਼ਾਰਾਂ ਮਾਮਲੇ ਸਾਹਮਣੇ ਆ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਹੁਣ ਤੱਕ 40 ਦੇਸ਼ਾਂ ਵਿੱਚ ਕੈਂਡੀਡਾ ਔਰਿਸ ਇਨਫੈਕਸ਼ਨ ਦੇ ਮਾਮਲੇ ਸਾਹਮਣੇ ਆਏ ਹਨ। ਇਹ ਲਾਗ ਖੁੱਲ੍ਹੇ ਜ਼ਖ਼ਮਾਂ ਅਤੇ ਫੇਫੜਿਆਂ ਨੂੰ ਸੰਕਰਮਿਤ ਕਰ ਸਕਦੀ ਹੈ। ਇਹ ਖ਼ੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਸਕਦਾ ਹੈ ਅਤੇ ਮੌਤ ਦਾ ਕਾਰਨ ਬਣ ਸਕਦਾ ਹੈ।

# ਅਮਰੀਕਾ ਵਿੱਚ ਚੋਰ 200 ਫੁੱਟ ਉੱਚਾ ਰੇਡੀਓ ਟਾਵਰ ਤੇ ਟਰਾਂਸਮੀਟਰ ਲੈ ਗਏ, ਰੇਡੀਓ ਸਟੇਸ਼ਨ ਹੋਇਆ ਬੰਦ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਅਲਾਬਾਮਾ ਰਾਜ ਵਿੱਚ ਛੋਟੇ ਜਿਹੇ ਕਸਬੇ ਜਸਪਰ ਵਿਖੇ 70 ਸਾਲ ਤੋਂ ਵਧ ਸਮਾਂ ਪਹਿਲਾਂ ਸਥਾਪਿਤ ਰੇਡੀਓ ਸਟੇਸ਼ਨ ਦਾ 200 ਫੁੱਟ ਉੱਚਾ ਟਾਵਰ ਤੇ ਟਰਾਂਸਮੀਟਰ ਚੋਰੀ ਹੋ ਜਾਣ ਦੀ ਖ਼ਬਰ ਹੈ। ਡਬਲਯੂ ਜੇ. ਐਲ. ਐਕਸ. ਦੇ ਜਨਰਲ ਮੈਨੇਜਰ ਬਰੈਟ ਏਲਮੋਰ ਨੇ ਕਿਹਾ ਕਿ ਰੇਡੀਓ ਸਟੇਸ਼ਨ ਦਾ ਹਰ ਪੁਰਜਾ ਚੋਰੀ ਕਰ ਲਿਆ ਗਿਆ ਹੈ ਤੇ ਟਾਵਰ ਦੀ ਤਾਰ ਕੱਟ ਦਿੱਤੀ ਗਈ ਹੈ। ਉਨ੍ਹਾਂ ਕਿਹਾ ਮੈਂ ਸੁਣਿਆ ਸੀ ਕਿ ਇਸ ਖੇਤਰ ਵਿੱਚ ਚੋਰ ਹਰ ਚੀਜ ਚੋਰੀ ਕਰਕੇ ਲੈ ਜਾਂਦੇ ਹਨ ਪਰੰਤੂ ਮੈਨੂੰ ਇਹ ਆਸ ਨਹੀਂ ਸੀ ਕਿ ਉਹ ਰੇਡੀਓ ਟਾਵਰ ਵੀ ਲਿਜਾ ਸਕਦੇ ਹਨ। ਏਲਮੋਰ ਨੇ ਕਿਹਾ ਕਿ ਉਹ ਸਦਮੇ ਵਿੱਚ ਹੈ ਕਿ 1950ਵਿਆਂ ਵਿੱਚ ਸਥਾਪਿਤ ਕੀਤਾ ਟਾਵਰ ਗਾਇਬ ਹੈ। ਉਨ੍ਹਾਂ ਕਿਹਾ ਕਿ ਏ ਐਮ ਸਟੇਸ਼ਨ ਫਿਲਹਾਲ ਬੰਦ ਹੈ ਜਿਸ ਨੂੰ ਦੁਬਾਰਾ ਚਲਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲਿਸ ਦੇ ਜਨਤਿਕ ਸੂਚਨਾ ਅਫ਼ਸਰ ਰੈਚਲ ਕਾਰ ਨੇ ਕਿਹਾ ਹੈ ਕਿ ਪੁਲਿਸ ਵਿਭਾਗ ਚੋਰੀ ਦੀ ਘਟਨਾ ਦੀ ਜਾਂਚ ਕਰ ਰਿਹਾ ਹੈ।



# ਆਸਟ੍ਰੇਲੀਆ ਦੇ ਸਕੂਲਾਂ 'ਚ ਨਵੀਂ ਫੂਡ ਪਾਲਿਸੀ ਲਾਗੂ

ਸਿਡਨੀ/ਏ.ਟੀ.ਨਿਊਜ਼ : ਇੱਕ ਨਵੀਂ ਸਿਹਤਮੰਦ ਭੋਜਨ ਨੀਤੀ ਦੇ ਤਹਿਤ ਪੱਛਮੀ ਆਸਟ੍ਰੇਲੀਅਨ ਸਕੂਲਾਂ ਦੀਆਂ ਕੰਟੀਨਾਂ ਵਿੱਚ ਸਧਾਰਨ ਹੈਮ ਅਤੇ ਪਨੀਰ ਸੈਂਡਵਿਚ 'ਤੇ ਪਾਬੰਦੀ ਲਗਾਈ ਗਈ ਹੈ। ਨਵੀਆਂ ਸਿਫ਼ਾਰਸ਼ਾਂ ਦੇ ਤਹਿਤ ਹੈਮ ਨੂੰ ਹੁਣ ਇਸਦੀ ਟ੍ਰੈਫਿਕ ਲਾਈਟ ਪ੍ਰਣਾਲੀ ਵਾਂਗ 'ਲਾਲ' ਵਜੋਂ ਮੁੜ-ਵਰਗੀਕ੍ਰਿਤ ਕੀਤਾ ਗਿਆ ਹੈ, ਜੋ ਸਕੂਲਾਂ ਨੂੰ ਨਿਰਦੇਸ਼ ਦਿੰਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਕੀ ਵੇਚ ਸਕਦੇ ਹਨ। ਕੈਂਟੀਨ ਭੋਜਨ ਵਿਕਲਪਾਂ ਨੂੰ 2007 ਤੋਂ ਪੌਸ਼ਟਿਕ ਲਈ ਹਰੇ, ਕਦੇ-ਕਦਾਈਂ ਅੰਬਰ, ਜਾਂ ਜੰਕ ਲਈ ਲਾਲ ਜਿਵੇਂ ਕਿ ਚਿਪਸ ਅਤੇ ਲੋਲੀਜ਼ ਦੇ ਰੂਪ ਵਿੱਚ ਸ਼੍ਰੇਣੀਬੱਧ ਕਰਦਾ ਹੈ, ਜਿਨ੍ਹਾਂ ਦੀ ਵਿਕਰੀ 'ਤੇ ਪਾਬੰਦੀ ਲਗਾਈ ਗਈ ਹੈ। ਤਬਦੀਲੀਆਂ ਵਿੱਚ ਹੋਰ ਪ੍ਰਸਿੱਧ ਆਈਟਮਾਂ ਨੂੰ ਜਿਵੇਂ ਕਿ ਸੌਸੇਜ ਰੋਲ ਨੂੰ 'ਲਾਲ' ਵਜੋਂ ਮੁੜ ਵਰਗੀਕ੍ਰਿਤ ਕੀਤਾ ਗਿਆ ਹੈ। ਪ੍ਰੀਮੀਅਰ ਰੋਜਰ ਕੁੱਕ ਨੇ ਤਬਦੀਲੀਆਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕਦੇ ਵੀ ਹੈਮ ਅਤੇ ਪਨੀਰ ਸੈਂਡਵਿਚ ਨਹੀਂ ਖਾ ਸਕਦੇ। ਸਕੂਲ ਕੰਟੀਨ ਐਸੋਸੀਏਸ਼ਨ ਦੀ ਮੁੱਖ ਕਾਰਜਕਾਰੀ ਮੇਗਨ ਸੌਜ਼ੀਅਰ ਨੇ ਕਿਹਾ ਕਿ ਉਹ ਤਬਦੀਲੀਆਂ ਨੂੰ ਸਮਝਦੀ ਹੈ ਪਰ ਚਿਤਾਵਨੀ ਦਿੱਤੀ ਕਿ ਇਹ ਵਿਦਿਆਰਥੀਆਂ ਨੂੰ ਕੰਟੀਨਾਂ ਤੋਂ ਸਾਮਾਨ ਖਰੀਦਣ ਤੋਂ ਰੋਕ ਸਕਦੀ ਹੈ। ਨਵੀਂ ਫੂਡ ਪਾਲਿਸੀ ਪਹਿਲਾਂ ਹੀ ਲਾਗੂ ਹੋ ਚੁੱਕੀ ਹੈ। ਸਕੂਲ ਪਹਿਲਾਂ ਹੀ ਕੁਝ ਪ੍ਰਸਿੱਧ ਆਈਟਮਾਂ ਨੂੰ ਆਪਣੇ ਮੀਨੂ ਤੋਂ ਹਟਾ ਚੁੱਕਿਆ ਹੈ।

# ਕੈਲੀਫ਼ੋਰਨੀਆ ਵਿੱਚ ਵਾਪਰੇ ਹੈਲੀਕਾਪਟਰ ਹਾਦਸੇ 'ਚ 5 ਨੌਸੈਨਿਕਾਂ ਦੇ ਮਾਰੇ ਜਾਣ ਦੀ ਪੁਸ਼ਟੀ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਦੱਖਣੀ ਕੈਲੀਫ਼ੋਰਨੀਆ ਦੇ ਦੂਰ ਦਰਾਜ ਦੇ ਖੇਤਰ ਵਿੱਚ ਮੰਗਲਵਾਰ ਦੀ ਰਾਤ ਸਿਖਲਾਈ ਉਡਾਨ ਦੌਰਾਨ ਤਬਾਹ ਹੋਏ ਇੱਕ ਹੈਲੀਕਾਪਟਰ ਵਿੱਚ ਸਵਾਰ ਸਾਰੇ 5 ਨੌਸੈਨਿਕਾਂ ਦੇ ਮਾਰੇ ਜਾਣ ਦੀ ਖਬਰ ਹੈ। ਸੈਨਿਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਮੈਰਾਈਨ ਕੋਰਪਸ ਯੁਨਿਟ ਨੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ ਹੈ। ਬਿਆਨ ਅਨੁਸਾਰ ਮਾਰੇ ਗਏ ਪਾਇਲਟ ਤੇ ਅਮਲੇ ਦੇ ਮੈਂਬਰਾਂ ਦੀਆਂ ਮ੍ਰਿਤਕ ਦੇਹਾਂ ਲੱਭਣ ਦੀ ਕੋਸ਼ਿਸ਼ ਹੋ ਰਹੀ ਹੈ। ਮੇਜਰ ਜਨਰਲ ਮਾਈਕਲ ਜੇ ਬਰੌਗਸਚੁਲਟ ਜੋ ਥਰਡ ਮੈਰਾਈਨ ਏਅਰਕਰਾਫਟ ਵਿੰਗ ਦੇ ਕਮਾਡਿੰਗ ਜਨਰਲ ਹਨ, ਨੇ ਕਿਹਾ ਕਿ ਸ਼ਹੀਦ ਪਾਇਲਟ ਤੇ ਹੋਰ ਸੈਨਿਕਾਂ ਨੇ ਨਿਰਸਵਾਰਥ ਸੇਵਾਵਾਂ ਨਿਭਾਈਆਂ ਹਨ ਜਿਨਾਂ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਥਰਡ ਮੈਰਾਈਨ ਏਅਰਕਰਾਫਟ ਵਿੰਗ ਨੇ ਕਿਹਾ ਹੈ ਕਿ ਮਾਰੇ ਗਏ ਸੈਨਿਕਾਂ ਦੇ ਨਾਂ ਸਬੰਧਿਤ ਪਰਿਵਾਰਾਂ ਨਾਲ ਸੰਪਰਕ ਕਰਨ ਉਪਰੰਤ ਜਾਰੀ ਕੀਤੇ ਜਾਣਗੇ।

# ਸੱਠ ਸਾਲਾਂ ਬਾਅਦ ਤੇਜ਼ੀ ਨਾਲ ਘਟਦੀ ਹੈ ਸੋਚਣ-ਸਮਝਣ ਦੀ ਸ਼ਕਤੀ

## ਅਮਰੀਕਾ ਦੇ ਜਾਨਸ ਹਾਪਕਿੰਸ ਯੂਨੀਵਰਸਿਟੀ ਤੇ ਬੈਂਗਲੁਰੂ ਦੇ ਸੇਂਟ ਜਾਨਸ ਮੈਡੀਕਲ ਕਾਲਜ ਨੇ ਪੇਸ਼ ਕੀਤੀ ਰਿਪੋਰਟ

ਵਾਸ਼ਿੰਗਟਨ/ਏ.ਟੀ.ਨਿਊਜ਼ : ਭਾਰਤ ਆਪਣੀ ਤੇਜ਼ੀ ਨਾਲ ਵਧਦੀ ਉਮਰ ਦੀ ਆਬਾਦੀ ਨਾਲ ਡਿਮੈਂਸ਼ੀਆ ਦੇ ਖਤਰਨਾਕ ਬੋਝ ਦਾ ਸਾਹਮਣਾ ਕਰ ਰਿਹਾ ਹੈ। ਇਕ ਨਵੇਂ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਸੱਠ ਸਾਲਾਂ ਬਾਅਦ ਤੰਤ੍ਰਿਕਾ ਬੌਧਿਕ ਅਸਮਰੱਥਾ ਤੇਜ਼ੀ ਨਾਲ ਵਧਣ ਲੱਗੀ ਹੈ, ਜੋ ਸਾਡੀ ਸੋਚਣ-ਸਮਝਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ। ਖੋਜੀਆਂ ਨੇ ਕਿਹਾ ਕਿ 60 ਤੋਂ 64 ਸਾਲ 'ਚ ਬੌਧਿਕ ਅਸਮਰੱਥਾ ਚਾਰ ਫੀਸਦੀ ਪਾਈ ਗਈ ਤਾਂ 80 ਸਾਲ 'ਚ ਇਹ ਵੱਧ ਕੇ 5.2 ਫੀਸਦੀ ਹੋ ਗਈ। ਅਮਰੀਕਾ ਦੇ ਜਾਨਸ ਹਾਪਕਿੰਸ ਯੂਨੀਵਰਸਿਟੀ ਤੇ ਬੈਂਗਲੁਰੂ ਦੇ ਸੇਂਟ ਜਾਨਸ ਮੈਡੀਕਲ ਕਾਲਜ ਦਾ ਇਹ ਅਧਿਐਨ ਜਰਨਲ ਪੀ.ਐੱਲ.ਓ.ਐੱਸ. 'ਚ ਹਾਲ ਹੀ ਵਿੱਚ ਪ੍ਰਕਾਸ਼ਿਤ ਹੋਇਆ ਹੈ। ਭਾਰਤ 'ਚ 60 ਸਾਲ ਤੋਂ ਵੱਧ ਉਮਰ ਦੇ ਅੰਦਾਜ਼ਨ 13.8 ਕਰੋੜ ਬਜ਼ੁਰਗਾਂ ਨੂੰ ਦੇਖਦੇ ਹੋਏ ਇਹ ਅੰਦਾਜ਼ਾ ਦੱਸਦਾ ਹੈ ਕਿ ਲਗਭਗ 2.4 ਕਰੋੜ ਤੇ 99 ਲੱਖ ਬਜ਼ੁਰਗ ਲੜੀਵਾਰ ਹਲਕੇ ਤੇ ਪ੍ਰਮੁੱਖ ਤੰਤ੍ਰਿਕਾ-ਬੌਧਿਕ ਅਸਮਰੱਥਾ ਤੋਂ ਪੀੜਤ ਹਨ, ਭਾਵ ਭਾਰਤ 'ਚ ਪੰਜ 'ਚੋਂ ਇੱਕ ਬਜ਼ੁਰਗ ਹਲਕੇ ਤੇ ਅਹਿਮ ਤੰਤ੍ਰਿਕਾ-ਬੌਧਿਕ ਅਸਮਰੱਥਾ ਤੋਂ ਪੀੜਤ ਹੈ। ਖੋਜੀਆਂ ਦੀ ਟੀਮ ਨੇ 18 ਭੂਗੋਲਿਕ ਤੇ ਭਾਸ਼ਾਈ ਵਿਲੱਖਣਤਾ ਵਾਲੇ ਸੂਬਿਆਂ 'ਚ ਰਹਿਣ ਵਾਲੇ ਲਗਭਗ 4100 ਉਮੀਦਵਾਰਾਂ ਨੂੰ ਅਧਿਐਨ 'ਚ ਸ਼ਾਮਲ ਕੀਤਾ।



(**ਬਾਕੀ ਸਫ਼ਾ** 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

### ਨਾਂਦੇੜ ਸਾਹਿਬ ਗੁਰਦੁਆਰਾ ਬੋਰਡ ਬਨਾਮ ਮਹਾਰਾਸ਼ਟਰ ਸਰਕਾਰ

# ਗੁਰਦੁਆਰਾ ਬੋਰਡ ਦੇ ਪੁਨਰਗਠਨ ਕਾਰਨ ਸਿੱਖਾਂ ਵਿੱਚ ਫ਼ੈਲਿਆ ਰੋਸ

## ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਸ਼ਟਰ ਸਰਕਾਰ ਦੀ ਕਾਰਵਾਈ ਦਾ ਵਿਰੋਧ

ਭਾਰਤ ਦੀ ਕੇਂਦਰ ਸਰਕਾਰ ਸਮੇਤ ਵੱਖ- ਵੱਖ ਸੂਬਿਆਂ ਦੀਆਂ ਸਰਕਾਰਾਂ ਅਕਸਰ ਵੱਖ -ਵੱਖ ਸੂਬਿਆਂ ਵਿੱਚ ਸਥਿਤ ਸਿੱਖ ਗੁਰਧਾਮਾਂ ਦੇ ਪ੍ਰਬੰਧਾਂ ਵਿੱਚ ਸਿੱਧੀ ਜਾਂ ਅਸਿੱਧੀ ਦਖ਼ਲ-ਅੰਦਾਜ਼ੀ ਕਰਨ ਦੇ ਯਤਨ ਕਰਦੀਆਂ ਰਹਿੰਦੀਆਂ ਹਨ, ਜਿਸ ਕਾਰਨ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਦੀ ਲਹਿਰ ਫੈਲ ਜਾਂਦੀ ਹੈ। ਤਾਜ਼ਾ ਮਾਮਲਾ ਸਿੱਖਾਂ ਦੇ ਪ੍ਰਸਿੱਧ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੇ ਮਹਾਰਾਸ਼ਟਰ ਸਰਕਾਰ ਵੱਲੋਂ ਕੀਤੇ ਗਏ ਪੁਨਰਗਠਨ ਦਾ ਹੈ। ਮਹਾਰਾਸ਼ਟਰ ਸਰਕਾਰ ਦੀ ਇਸ ਕਾਰਵਾਈ ਕਾਰਨ ਸਿੱਖ ਹਲਕਿਆਂ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ।

ਭਾਰਤ ਦੇ ਸੂਬੇ ਮਹਾਰਾਸ਼ਟਰ ਦੇ ਨਾਂਦੇੜ ਵਿੱਚ ਸਥਿਤ ਤਖ਼ਤ ਹਜ਼ੂਰ ਸਾਹਿਬ, ਸਿੱਖਾਂ ਦੇ ਪੰਜਾਂ ਤਖ਼ਤਾਂ ਵਿੱਚੋਂ ਇੱਕ ਹੈ। ਇੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਆਖ਼ਰੀ ਸਮਾਂ ਬਿਤਾਇਆ ਸੀ ਅਤੇ ਇੱਥੇ ਹੀ ਉਹ ਜੋਤੀ-ਜੋਤਿ ਸਮਾਏ ਸਨ ।ਦੁਨੀਆਂ ਭਰ ਵਿੱਚ ਵਸਦੇ ਸਿੱਖ ਇਸ ਤਖ਼ਤ ਸਾਹਿਬ ’ਤੇ ਨਤਮਸਤਕ ਹੋਣ ਆਉਂਦੇ ਰਹਿੰਦੇ ਹਨ। ਹੁਣ ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਨਾਂਦੇੜ ਦੇ ਪੁਨਰ ਗਠਨ ਕਾਰਨ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਇਸ ਪੁਨਰਗਠਨ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਆਮ ਸਿੱਖ ਵੀ ਸਰਕਾਰ ਵੱਲੋਂ ਕੀਤੇ ਗਏ ਪੁਨਰਗਠਨ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖ਼ਲ-ਅੰਦਾਜ਼ੀ ਸਮਝ ਰਹੇ ਹਨ। ਇਸ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ



ਨਾਂਦੇੜ ਸਿੱਖ ਗੁਰਦੁਆਰਾ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਅਬਚਲ ਨਗਰ ਬੋਰਡ ਐਕਟ 1956 ਤਹਿਤ ਹੁੰਦੀ ਹੈ। ਸੂਬਾ ਸਰਕਾਰ ਹੁਣ ਇਸੇ ਐਕਟ ਵਿੱਚ ਸੋਧ ਕਰਨ ਜਾ ਰਹੀ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੇਸ਼ ਕੀਤੀ ਇਸ ਸੋਧ ਵਿੱਚ ਸੂਬਾ ਸਰਕਾਰ ਆਪਣੇ ਨੁਮਾਇੰਦਿਆਂ ਦੀ ਗਿਣਤੀ ਵਧਾਉਣਾ ਚਾਹੁੰਦੀ ਹੈ। ਨਵੀਂ ਸੋਧ ਅਨੁਸਾਰ ਪ੍ਰਬੰਧਕ ਕਮੇਟੀ ਦੇ 17 ਮੈਂਬਰਾਂ ਵਿੱਚੋਂ 12 ਸਿੱਧੇ ਮਹਾਰਾਸ਼ਟਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ, ਤਿੰਨ ਮੈਂਬਰਾਂ ਦੀ ਚੋਣ ਹੋਵੇਗੀ ਅਤੇ ਸ਼੍ਰੋਮਣੀ ਕਮੇਟੀ ਹੁਣ ਸਿਰਫ਼ ਦੋ ਮੈਂਬਰਾਂ ਨੂੰ ਹੀ (ਬਾਕੀ ਸਫ਼ਾ 30 ’ਤੇ)

### ਮਹਾਰਾਸ਼ਟਰ ਸਰਕਾਰ ਨੇ ਗੁਰਦੁਆਰਾ ਸੋਧ ਬਿਲ ਰੋਕਿਆ : ਆਰ ਪੀ ਸਿੰਘ



ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਾ ਪ੍ਰਬੰਧਕ ਬੋਰਡ ਵਿੱਚ ਕੀਤੇ ਗਏ ਸੋਧ ਨੂੰ ਲੈ ਕੇ ਭਾਜਪਾ ਬੁਲਾਰੇ ਆਰ.ਪੀ. ਸਿੰਘ ਨੇ ਉੱਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਮਾਮਲੇ ’ਚ ਦਖ਼ਲਅੰਦਾਜੀ ਕਰਨ। ਆਰ.ਪੀ. ਸਿੰਘ ਨੇ ‘ਐਕਸ’ ’ਤੇ ਪੋਸਟ ਕਰ ਕੇ ਕਿਹਾ ਕਿ ਉੱਪ ਮੁੱਖ ਮੰਤਰੀ ਨੇ ਕਿਹਾ ਹੈ ਕਿ “ਮਹਾਰਾਸ਼ਟਰ ਸਰਕਾਰ ਨੇ ਵਿਧਾਨ ਸਭਾ ’ਚ ਪਹਿਲੇ ਵਿਆਪਕ ਸਲਾਹ-ਮਸ਼ਵਰੇ ਲਈ ਨਾਂਦੇੜ ਸਾਹਿਬ ਗੁਰਦੁਆਰਾ ਸੋਧ ਐਕਟ ਬਿੱਲ ਨੂੰ ਰੋਕਣ ਦਾ ਫ਼ੈਸਲਾ ਕੀਤਾ ਹੈ। ਇਸ ਮਿਆਦ ਦੌਰਾਨ ਮੌਜੂਦਾ ਸਥਿਤੀ ਬਰਕਰਾਰ ਰਹੇਗੀ ਅਤੇ ਮੌਜੂਦਾ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਸਾਹਿਬ ਬੋਰਡ ਐਕਟ 1956 ਪ੍ਰਭਾਵੀ ਰਹੇਗਾ।”

### 9 ਸਾਲਾਂ ਵਿੱਚ ਦੋ ਵਾਰ ਐਕਟ ਵਿੱਚ ਕੀਤੀ ਸੋਧ

ਨੌਂ ਸਾਲਾਂ ਬਾਅਦ ਭਾਜਪਾ ਦੀ ਅਗਵਾਈ ਵਾਲੀ ਜਾਂ ਸਹਿਯੋਗੀ ਮਹਾਰਾਸ਼ਟਰ ਸਰਕਾਰ ਨੇ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ ਐਕਟ, 1956 ਵਿੱਚ ਦੂਜੀ ਵਾਰ ਸੋਧ ਕਰਕੇ ਇਹ ਫੈਸਲਾ ਕਰਨ ਲਈ ਪੂਰੀ ਤਰ੍ਹਾਂ ਕੰਟਰੋਲ ਕਰ ਲਿਆ ਹੈ ਕਿ ਕੌਣ ਪ੍ਰਧਾਨ ਹੋਵੇਗਾ। 17-ਮੈਂਬਰੀ ਬੋਰਡ ਅਤੇ ਇਸ ਦੀ ਪਸੰਦ ਦੇ ਮੈਂਬਰਾਂ ਦੀ ਬਹੁਗਿਣਤੀ ਹੋਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਬੋਰਡ ਦੇ ਪ੍ਰਧਾਨ ਦੀ ਚੋਣ 17 ਮੈਂਬਰਾਂ ਵਿੱਚੋਂ ਹੁੰਦੀ ਸੀ ਪਰ ਫਰਵਰੀ 2015 ਵਿੱਚ ਪਹਿਲਾਂ ਕੀਤੀ ਸੋਧ ਰਾਹੀਂ ਇਨ੍ਹਾਂ ਵਿੱਚੋਂ ਪ੍ਰਧਾਨ ਨਿਯੁਕਤ ਕਰਨ ਦਾ ਅਧਿਕਾਰ ਸੂਬਾ ਸਰਕਾਰ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਸੀ।

2015 ਦੀ ਸੋਧ ਦਾ ਸਾਰੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਅਤੇ ਨਾਂਦੇੜ ਸਥਿਤ ਸਿੱਖਾਂ ਵੱਲੋਂ ਵਿਰੋਧ ਵੀ ਕੀਤਾ ਗਿਆ ਸੀ ਪਰ ਸੂਬਾ ਸਰਕਾਰ ਨੇ ਇਸ ਨੂੰ ਵਾਪਸ ਨਹੀਂ ਲਿਆ ਸੀ।

2015 ਵਿੱਚ, ਮਹਾਰਾਸ਼ਟਰ ਵਿੱਚ ਸੱਤਾਧਾਰੀ ਭਾਜਪਾ ਸਰਕਾਰ ਨੇ 1956 ਦੇ ਐਕਟ ਦੀ ਧਾਰਾ 11 ਵਿੱਚ ਸੋਧ ਕਰਕੇ ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਦੀਆਂ ਸ਼ਕਤੀਆਂ ਵਿੱਚ ਕਟੌਤੀ ਕਰ ਦਿੱਤੀ ਸੀ ਤਾਂ ਜੋ ਬੋਰਡ ਦੇ ਚੇਅਰਮੈਨ ਨੂੰ ਸਿੱਧੇ ਤੌਰ ’ਤੇ ਨਿਯੁਕਤ ਕਰਨ ਦਾ ਅਧਿਕਾਰ ਦਿੱਤਾ ਜਾ ਸਕੇ। ਇਸ ਤੋਂ ਪਹਿਲਾਂ ਚੇਅਰਮੈਨ ਦੀ ਚੋਣ ਬੋਰਡ ਦੇ ਮੈਂਬਰਾਂ ਵੱਲੋਂ ਕੀਤੀ ਜਾਂਦੀ ਸੀ। ਭਾਜਪਾ ਵਿਧਾਇਕ ਤਾਰਾ ਸਿੰਘ 2015 ਵਿੱਚ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਪਹਿਲੇ ਵਿਅਕਤੀ ਬਣੇ ਸਨ। ਸ਼੍ਰੋਮਣੀ ਕਮੇਟੀ ਨੇ 2015 ਵਿੱਚ ਇਸ ਸੋਧ ਦਾ ਵਿਰੋਧ ਕੀਤਾ ਸੀ ਪਰ ਕੋਈ ਫਾਇਦਾ ਨਹੀਂ ਹੋਇਆ। 2019 ਵਿੱਚ, ਸ਼੍ਰੋਮਣੀ ਕਮੇਟੀ ਨੇ ਭਾਜਪਾ ਅਤੇ ਰਾਸ਼ਟਰੀ ਸਵੈ ਸੇਵਕ ਸੰਘ ’ਤੇ ਕਥਿਤ ਤੌਰ ’ਤੇ ਸਿੱਖ ਗੁਰਦੁਆਰਿਆਂ ’ਤੇ ਅਸਿੱਧੇ ਤੌਰ ’ਤੇ ਕਬਜ਼ਾ ਕਰਨ ਲਈ ਸੋਧ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਸੀ।

### ਪਾਕਿ ਦੀ ਰਾਜਨੀਤੀ ’ਚ ਵੱਡਾ ਉਲਟਫੇਰ : ਸ਼ਹਿਬਾਜ਼ ਸ਼ਰੀਫ ਨੂੰ ਚੁਣਿਆ ਪ੍ਰਧਾਨਮੰਤਰੀ !



ਲਾਹੌਰ/ਏ.ਟੀ.ਨਿਊਜ਼ : ਪਾਕਿਸਤਾਨ ’ਚ ਹੋਈਆਂ ਆਮ ਚੋਣਾਂ ਦੀ ਭਰੋਸੇਯੋਗਤਾ ’ਤੇ ਉੱਠ ਰਹੇ ਸਵਾਲਾਂ ਦਰਮਿਆਨ ਨਵਾਂ ਪ੍ਰਧਾਨ ਮੰਤਰੀ ਚੁਣਿਆ ਗਿਆ ਹੈ। ਇਸ ਚੋਣ ਵਿੱਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ’ਚ ਗੱਠਜੋੜ ਸਰਕਾਰ ਬਣੇਗੀ। ਪਰ, ਖਾਸ ਗੱਲ ਇਹ ਹੈ ਕਿ ਪੀਐੱਮਐੱਲ-ਐੱਨ ਦੇ ਸਿਖਰਲੇ ਨੇਤਾ ਨਵਾਜ਼ ਸ਼ਰੀਫ਼ ਅਤੇ ਦੂਜੀ ਸਭ ਤੋਂ ਮਹੱਤਵਪੂਰਨ ਪਾਰਟੀ ਪੀਪੀਪੀ ਦੇ ਮੁਖੀ ਬਿਲਾਵਲ ਭੁੱਟੋ ਨੂੰ ਇਹ ਤਾਜ ਨਹੀਂ ਮਿਲ ਰਿਹਾ ਹੈ।

ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀਐੱਮਐੱਲ-ਐੱਨ) ਦੇ ਪ੍ਰਧਾਨ ਸ਼ਹਿਬਾਜ਼ ਸ਼ਰੀਫ ਨੂੰ ਮੰਗਲਵਾਰ ਰਾਤ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਉਨ੍ਹਾਂ ਦੀ ਪਾਰਟੀ ਨੇ ਨਾਮਜ਼ਦ ਕੀਤਾ ਹੈ। ਪੀਐੱਮਐੱਲ-ਐੱਨ ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ‘ਐਕਸ’ ’ਤੇ ਕਿਹਾ ਕਿ ਪਾਰਟੀ ਸੁਪਰੀਮੋ ਨਵਾਜ਼ ਸ਼ਰੀਫ਼ (74) ਨੇ ਆਪਣੇ ਛੋਟੇ ਭਰਾ ਸ਼ਹਿਬਾਜ਼ ਸ਼ਰੀਫ਼ (72) ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਅਤੇ ਧੀ ਮਰੀਅਮ ਨਵਾਜ਼ (50) ਨੂੰ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਨਾਮਜ਼ਦ ਕੀਤਾ ਹੈ।

ਉਨ੍ਹਾਂ ਨੇ ਕਿਹਾ, ਨਵਾਜ਼ ਸ਼ਰੀਫ ਨੇ ਪੀ.ਐੱਮ.ਐੱਲ.-ਐੱਨ (ਅਗਲੀ ਸਰਕਾਰ ਬਣਾਉਣ ਲਈ) ਦਾ ਸਮਰਥਨ ਕਰਨ ਵਾਲੀਆਂ ਸਿਆਸੀ ਪਾਰਟੀਆਂ ਦਾ ਧੰਨਵਾਦ ਕੀਤਾ ਹੈ ਅਤੇ ਉਮੀਦ ਜਤਾਈ ਹੈ ਕਿ ਅਜਿਹੇ ਫੈਸਲੇ ਪਾਕਿਸਤਾਨ ਨੂੰ ਸੰਕਟ ’ਚੋਂ ਬਾਹਰ ਕੱਢਣਗੇ। ਜੇਲ ’ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ ਨੂੰ ਛੱਡ ਕੇ ਵੱਡੀਆਂ ਪਾਰਟੀਆਂ ਨੇ ਐਲਾਨ ਕੀਤਾ ਹੈ ਕਿ ਪੀਐੱਮਐੱਲ-ਐੱਨ ਦੀ ਅਗਵਾਈ ਵਿੱਚ ਗੱਠਜੋੜ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰਨਗੇ।

### ਮਿਆਂਮਾਰ ਵਿੱਚ ਨਵਾਂ ਕਾਨੂੰਨ ਲਾਗੂ

## ਮਰਦ ਅਤੇ ਔਰਤਾਂ ਦੋਹਾਂ ਨੂੰ ਜੁਆਇਨ ਕਰਨੀ ਹੋਵੇਗੀ ਫ਼ੌਜ, ਨਹੀਂ ਤਾਂ ਹੋਵੇਗੀ ਸਜ਼ਾ



ਯੰਗੂਨ/ਏ.ਟੀ.ਨਿਊਜ਼ : ਮਿਆਂਮਾਰ ਵਿੱਚ ਜਾਰੀ ਐਮਰਜੈਂਸੀ ਦੇ ਦੌਰਾਨ ਮਿਆਂਮਾਰ ਦੀ ਫ਼ੌਜੀ ਸਰਕਾਰ ਨੇ ਸਾਰੇ ਨੌਜਵਾਨਾਂ ਲਈ ਲਾਜ਼ਮੀ ਫ਼ੌਜੀ ਸੇਵਾ ਲਾਗੂ ਕਰ ਦਿੱਤੀ ਹੈ। ਇਸ ਭਰਤੀ ਕਾਨੂੰਨ ਦੇ ਸਰਗਰਮ ਹੋਣ ਨਾਲ ਮਰਦਾਂ ਅਤੇ ਔਰਤਾਂ ਦੋਵਾਂ ਨੂੰ ਲਾਜ਼ਮੀ ਤੌਰ ’ਤੇ ਫੌਜ ’ਚ ਭਰਤੀ ਹੋਣਾ ਹੋਵੇਗਾ। ਭਰਤੀ ਤੋਂ ਬਚਣ ਵਾਲਿਆਂ ਨੂੰ 3 ਤੋਂ 5 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਸਟੇਟ ਮੀਡੀਆ ਨੇ ਕਿਹਾ ਹੈ ਕਿ ਫ਼ੌਜੀ ਸਰਕਾਰ ਨੇ ਨਵੇਂ ਭਰਤੀ ਕਾਨੂੰਨਾਂ ਦਾ ਐਲਾਨ ਕੀਤਾ ਹੈ ਜਿਸ ਨਾਲ ਦੇਸ਼ ਦੀ ਚੱਲ ਰਹੀ ਐਮਰਜੈਂਸੀ ਦੀ ਸਥਿਤੀ ਦੇ ਦੌਰਾਨ ਸਾਰੀਆਂ ਨੌਜਵਾਨ ਔਰਤਾਂ ਅਤੇ ਮਰਦਾਂ ਲਈ ਫ਼ੌਜ ਵਿੱਚ ਭਰਤੀ ਹੋਣਾ ਲਾਜ਼ਮੀ ਹੋ ਗਿਆ ਹੈ। ਫ਼ੌਜੀ ਸਰਕਾਰ ਨੇ ਕਿਹਾ ਕਿ 18-35 ਸਾਲ ਦੀ ਉਮਰ ਦੇ ਸਾਰੇ ਮਰਦ ਅਤੇ 18-27 ਸਾਲ ਦੀ ਉਮਰ ਦੀਆਂ ਔਰਤਾਂ ਨੂੰ 2 ਸਾਲ ਤੱਕ ਸੇਵਾ ਕਰਨੀ ਹੋਵੇਗੀ। ਫ਼ੌਜੀ ਬਗਾਵਤ ਜਾਰੀ ਰਹੀ ਤਾਂ ਕੁੱਲ ਮਿਲਾ ਕੇ 5 ਸਾਲ ਤੱਕ ਸੇਵਾ ਵਿਸਤਾਰ ਵੀ ਕੀਤਾ ਜਾ ਸਕਦਾ ਹੈ ਕਿਉਂਕਿ ਫ਼ੌਜੀ ਸਰਕਾਰ ਹਥਿਆਰਬੰਦ ਬਾਗੀਆਂ ਨੂੰ ਕਾਬੂ ਕਰਨ ਲਈ ਸੰਘਰਸ਼ ਕਰ ਰਹੀ ਹੈ। ਸਰਕਾਰ ਨੇ ਕਿਹਾ ਕਿ ਭਰਤੀ ਦੇ ਨਵੇਂ ਨਿਯਮਾਂ ਅਨੁਸਾਰ 45 ਸਾਲ ਤੋਂ ਘੱਟ ਉਮਰ ਦੇ ਡਾਕਟਰਾਂ ਨੂੰ ਤਿੰਨ ਸਾਲ ਫ਼ੌਜ ਵਿੱਚ ਸੇਵਾ ਕਰਨੀ ਪਵੇਗੀ।

ਦਰਅਸਲ, ਮੌਜੂਦਾ ਸੱਤਾਧਾਰੀ ਫ਼ੌਜੀ ਕੌਂਸਲ, ਜਿਸ ਨੂੰ ਸਟੇਟ ਐਡਮਿਨਿਸਟ੍ਰੇਸ਼ਨ ਕੌਂਸਲ ਕਿਹਾ ਜਾਂਦਾ ਹੈ, 2021 ਵਿੱਚ ਆਂਗ ਸਾਨ ਸੂ ਕੀ ਦੀ ਚੁਣੀ ਹੋਈ ਨਾਗਰਿਕ ਸਰਕਾਰ ਨੂੰ ਬੇਦਖਲ ਕਰਨ ਤੋਂ ਬਾਅਦ ਸੱਤਾ ਵਿੱਚ ਆਈ ਸੀ। ਕਬਜੇ ਤੋਂ ਮਿਆਂਮਾਰ ਦੀ ਫ਼ੌਜੀ ਸਰਕਾਰ ਆਪਣੇ ਸ਼ਾਸਨ ਦੇ ਵਿਰੁੱਧ ਪੂਰੇ ਦੇਸ਼ ਵਿੱਚ ਹਥਿਆਰਬੰਦ ਵਿਰੋਧ ਦਾ ਸਾਹਮਣਾ ਕਰ ਰਹੀ ਹੈ। ਪਿਛਲੇ ਹਫ਼ਤੇ ਮਿਆਂਮਾਰ ਦੀ ਬਾਰਡਰ ਗਾਰਡ ਪੁਲਿਸ ਦੇ ਲਗਭਗ 350 ਮੈਂਬਰ ਅਤੇ ਪੱਛਮੀ ਸੂਬੇ ਰਖਾਇਨ ਵਿੱਚ ਨਸਲੀ ਘੱਟਗਿਣਤੀ ਬਲਾਂ ਨਾਲ ਲੜਨ ਵਾਲੇ ਫ਼ੌਜੀ ਬੰਗਲਾਦੇਸ਼ ਭੱਜ ਗਏ। ਹਥਿਆਰਬੰਦ ਗਰੁੱਪਾਂ ਨਾਲ ਲੜਨ ਵਿੱਚ ਫ਼ੌਜ ਦੇ ਹਮਲੇ ਸਫਲ ਨਹੀਂ ਹੋ ਰਹੇ ਹਨ, ਜਿਸ ਕਾਰਨ ਅਫਸਰਾਂ ਦਾ ਮਨੋਬਲ ਡਿੱਗ ਗਿਆ ਹੈ। ਹੁਣ ਸਰਕਾਰ ਦਾ ਕਹਿਣਾ ਹੈ ਕਿ ਨਵਾਂ ਫ਼ੌਜੀ ਸੇਵਾ ਕਾਨੂੰਨ ਇਨ੍ਹਾਂ ਲੜਾਕਿਆਂ ’ਤੇ ਸਫਲਤਾ ਹਾਸਲ ਕਰਨ ’ਚ ਮਦਦ ਕਰੇਗਾ। ਫ਼ੌਜੀ ਸਰਕਾਰ ਦੇ ਬੁਲਾਰੇ ਮੇਜਰ ਜਨਰਲ ਜ਼ੌ ਮਿਨ ਤੁਨ ਨੇ ਇਕ ਬਿਆਨ ਵਿੱਚ ਕਿਹਾ ਕਿ ਇਹ ਕਾਨੂੰਨ ਮਿਆਂਮਾਰ ਦੀ ਮੌਜੂਦਾ ਸਥਿਤੀ ਦੇ

(ਬਾਕੀ ਸਫ਼ਾ 30 ’ਤੇ)

# ਨਹੀਂ ਬਣੀ ਅਕਾਲੀ-ਭਾਜਪਾ ਗੱਠਜੋੜ ਦੀ ਗੱਲ




ਚੰਡੀਗੜ੍ਹ/ਏ.ਟੀ.ਨਿਊਜ਼ : ਆਗਾਮੀ ਲੋਕ ਸਭਾ ਚੋਣਾਂ ਕਾਰਨ ਪਿਛਲੇ ਕਈ ਦਿਨਾਂ ਤੋਂ ਅਕਾਲੀ ਦਲ ਤੇ ਭਾਜਪਾ ਵਿਚਾਲੇ ਗੱਠਜੋੜ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਸਨ। ਇਸੇ ਦੌਰਾਨ ਮਿਲੀ ਤਾਜ਼ਾ ਜਾਣਕਾਰੀ ਮੁਤਾਬਕ ਪੰਜਾਬ 'ਚ ਅਕਾਲੀ ਦਲ ਤੇ ਭਾਜਪਾ ਦੇ ਗੱਠਜੋੜ ਦੀ ਗੱਲਬਾਤ ਅਸਫ਼ਲ ਹੋ ਗਈ ਹੈ। ਇਸ ਤੋਂ ਪਹਿਲਾਂ ਪੰਜਾਬ 'ਚ ਆਮ ਆਦਮੀ ਪਾਰਟੀ ਨੇ ਵੀ ਕਾਂਗਰਸ ਨਾਲ ਗਠਜੋੜ ਕੀਤੇ ਬਗੈਰ ਇਕੱਲਿਆਂ ਚੋਣਾਂ ਲੜਨ ਦਾ ਫੈਸਲਾ ਕੀਤਾ ਸੀ।

ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ ਅਕਾਲੀ ਦਲ ਵੱਲੋਂ ਭਾਜਪਾ ਅੱਗੇ ਕਿਸਾਨੀ ਅੰਦੋਲਨ, ਬੰਦੀ ਸਿੱਖਾਂ ਦੀ ਰਿਹਾਈ ਆਦਿ ਮਾਮਲੇ ਚੁੱਕੇ ਗਏ ਸਨ, ਜਿਨ੍ਹਾਂ ਨੂੰ ਲੈ ਕੇ ਦੋਵਾਂ ਪਾਰਟੀਆਂ ਵਿਚਾਲੇ ਸਹਿਮਤੀ ਨਹੀਂ ਬਣੀ ਤੇ ਗਠਜੋੜ ਦੀ ਗੱਲਬਾਤ ਬੇਸਿੱਟਾ ਹੀ ਰਹੀ। ਇਸ ਤੋਂ ਇਲਾਵਾ ਇਹ ਵੀ ਖ਼ਬਰਾਂ ਸਾਹਮਣੇ ਆ ਰਹੀਆਂ ਹਨ ਕਿ ਦੋਵਾਂ ਪਾਰਟੀਆਂ ਵਿਚਾਲੇ ਸੀਟਾਂ ਦੇ ਵਟਾਂਦਰੇ ਨੂੰ ਲੈ ਕੇ ਸਹਿਮਤੀ ਨਹੀਂ ਬਣੀ।

ਜ਼ਿਕਰਯੋਗ ਹੈ ਕਿ ਸਾਲ 2020-21 ਦੌਰਾਨ ਜਦੋਂ ਕੇਂਦਰ ਸਰਕਾਰ ਨਵੇਂ ਕਿਸਾਨੀ ਕਾਨੂੰਨ ਲੈ ਕੇ ਆਈ ਤਾਂ ਇਨ੍ਹਾਂ ਦਾ ਵਿਰੋਧ ਕਰਦਿਆਂ ਕਿਸਾਨਾਂ ਨੇ ਦਿੱਲੀ ਕੂਚ ਕਰ ਦਿੱਤਾ ਸੀ। ਇਸੇ ਅੰਦੋਲਨ ਕਾਰਨ ਅਕਾਲੀ ਦਲ ਨੇ ਪੰਜਾਬ 'ਚ ਭਾਜਪਾ ਨਾਲੋਂ ਗੱਠਜੋੜ ਤੋੜ ਦਿੱਤਾ ਸੀ। ਉਸ ਤੋਂ ਬਾਅਦ ਅਕਾਲੀ ਦਲ ਨੇ ਬਸਪਾ ਨਾਲ ਗੱਠਜੋੜ ਕੀਤਾ ਸੀ, ਪਰ ਚੋਣਾਂ ਦੇ ਨਤੀਜਿਆਂ 'ਚ ਕੋਈ ਸੁਧਾਰ ਨਹੀਂ ਹੋਇਆ। ਇਸ ਤੋਂ ਬਾਅਦ 2024 ਦੀਆਂ ਚੋਣਾਂ 'ਚ ਪਾਰਟੀ ਨੇ ਇੱਕ ਵਾਰ ਫਿਰ ਤੋਂ ਭਾਜਪਾ ਨਾਲ ਗੱਠਜੋੜ ਦੀ ਗੱਲਬਾਤ ਚਲਾਈ ਸੀ, ਪਰ ਕੋਈ ਸਹਿਮਤੀ ਨਹੀਂ ਬਣ ਸਕੀ।

## ਅਕਾਲੀ ਦਲ ਨੂੰ ਵੱਡਾ ਝਟਕਾ, ਬਸਪਾ ਨੇ ਤੋੜਿਆ ਗੱਠਜੋੜ



ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਸ਼੍ਰੋਮਣੀ ਅਕਾਲੀ ਦਲ ਨਾਲ ਦੋ ਸਾਲ ਪੁਰਾਣਾ ਗੱਠਜੋੜ ਤੋੜ ਦਿੱਤਾ ਹੈ। ਬਸਪਾ ਨੇ ਇਹ ਫੈਸਲਾ ਸੂਬਾ ਕਾਰਜਕਾਰਣੀ ਦੀ ਬੈਠਕ ਵਿੱਚ ਲਿਆ ਹੈ। ਉਥੇ ਹੀ ਅਕਾਲੀ ਦਲ ਨੂੰ ਤਿੰਨ ਪਾਸਿਓਂ ਝਟਕਾ ਲੱਗਾ ਹੈ। ਇੱਕ ਪਾਸੇ ਬਸਪਾ ਨੇ ਗੱਠਜੋੜ ਤੋੜ ਦਿੱਤਾ ਹੈ। ਦੂਜੇ ਪਾਸੇ ਕਿਸਾਨ ਅੰਦੋਲਨ ਕਾਰਨ ਭਾਜਪਾ ਦੇ ਨਾਲ ਅਕਾਲੀ ਦਲ ਦੀ ਗੱਲਬਾਤ ਅੱਧ ਵਿਚਾਲੇ ਲਟਕ ਗਈ ਹੈ। ਤੀਜਾ ਝਟਕਾ ਆਮ ਆਦਮੀ ਪਾਰਟੀ ਨੇ ਦਿੱਤਾ ਹੈ। ਅਕਾਲੀ ਦਲ ਦੇ ਮਾਲਵਾ ਜ਼ੋਨ ਦੇ ਪ੍ਰਧਾਨ ਅਤੇ ਪਟਿਆਲਾ ਤੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਹਰਪਾਲ ਜੁਨੇਜਾ ਅਕਾਲੀ ਦਲ ਨੂੰ ਅਲਵਿਦਾ ਆਖ 'ਆਪ' ਵਿੱਚ ਸ਼ਾਮਲ ਹੋ ਗਏ ਹਨ। ਦੂਜੇ ਪਾਸੇ ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਅੰਬੇਡਕਰ ਭਵਨ ਚੰਡੀਗੜ੍ਹ ਵਿਖੇ ਹੋਈ ਹੈ। ਮੀਟਿੰਗ ਵਿੱਚ ਬਹੁਜਨ ਸਮਾਜ (ਬਾਕੀ ਸਫ਼ਾ 30 'ਤੇ)

## ਪੰਜਾਬ ਦੇ ਰਾਜਪਾਲ ਬਣੇ ਰਹਿਣਗੇ ਬਨਵਾਰੀ ਲਾਲ ਪੁਰੋਹਿਤ, ਕੇਂਦਰ ਨੇ ਅਸਤੀਫ਼ਾ ਨਹੀਂ ਕੀਤਾ ਪ੍ਰਵਾਨ



ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸ਼ਕ ਬਨਵਾਰੀ ਲਾਲ ਪੁਰੋਹਿਤ ਦੋਵਾਂ ਅਹੁਦਿਆਂ 'ਤੇ ਬਣੇ ਰਹਿ ਸਕਦੇ ਹਨ। ਕੇਂਦਰ ਸਰਕਾਰ ਨੇ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਨਹੀਂ ਕੀਤਾ ਹੈ। ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਬਨਵਾਰੀ ਲਾਲ ਪੁਰੋਹਿਤ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਜਪਾ ਪ੍ਰਧਾਨ ਜੇ. ਪੀ. ਨੱਡਾ ਨਾਲ ਨਵੀਂ ਦਿੱਲੀ ਵਿੱਚ ਮੁਲਾਕਾਤ ਤੋਂ ਬਾਅਦ ਅਸਤੀਫਾ ਦੇ ਦਿੱਤਾ ਸੀ।

ਅਸਤੀਫਾ ਦੇਣ ਤੋਂ ਬਾਅਦ ਪੁਰੋਹਿਤ ਆਪਣੀ ਪਾਰੀ ਕਾਫੀ ਸਰਗਰਮੀ ਨਾਲ ਖੇਡ ਰਹੇ ਹਨ। ਉਨ੍ਹਾਂ ਯੂ. ਟੀ., ਚੰਡੀਗੜ੍ਹ ਵਿੱਚ ਅਧਿਕਾਰੀਆਂ ਨਾਲ ਨਾ ਸਿਰਫ਼ ਮੁੜ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਸਗੋਂ ਜਵਾਬ ਵੀ ਮੰਗਣੇ ਵੀ ਸ਼ੁਰੂ ਕਰ ਦਿੱਤੇ ਹਨ। ਬੀਤੇ ਦਿਨ ਯੂ.ਟੀ. ਪ੍ਰਸ਼ਾਸਕ ਪੁਰੋਹਿਤ ਨੇ ਨਵੇਂ ਸਲਾਹਕਾਰ ਰਾਜੀਵ ਵਰਮਾ ਨਾਲ ਵੀ ਲੰਬੀ ਮੀਟਿੰਗ ਕੀਤੀ। ਇਸ ਤੋਂ ਬਾਅਦ ਟਰਾਂਸਪੋਰਟ ਵਿਭਾਗ ਵੱਲੋਂ ਅਯੁੱਧਿਆ ਲਈ ਸੀ. ਟੀ. ਯੂ. ਬੱਸ ਸੇਵਾ ਸ਼ੁਰੂ ਕੀਤੀ ਗਈ। ਪੁਰੋਹਿਤ ਨੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਵੱਖ-ਵੱਖ ਪ੍ਰਾਜੈਕਟਾਂ ਦੀ ਸਮੀਖਿਆ ਰਿਪੋਰਟ ਵੀ ਲਈ। ਜਿਸ ਤਰ੍ਹਾਂ ਬਨਵਾਰੀ ਲਾਲ ਪੁਰੋਹਿਤ ਅਸਤੀਫਾ ਭੇਜ ਕੇ ਮੁੜ ਆਪਣੇ ਕੰਮ ਵਿੱਚ ਸਰਗਰਮ ਹੋ ਗਏ ਹਨ, ਉਸ ਤੋਂ ਇਹ ਸੰਕੇਤ ਮਿਲ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਇਸ ਅਹੁਦੇ ਦੀ ਜ਼ਿੰਮੇਵਾਰੀ ਜਾਰੀ ਰੱਖਣ ਲਈ ਕਿਹਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਲੋਕ ਸਭਾ ਚੋਣਾਂ ਦਾ ਐਲਾਨ ਜਲਦੀ ਹੋ ਸਕਦਾ ਹੈ ਅਤੇ ਚੋਣ ਜ਼ਾਬਤਾ ਲਾਗੂ ਹੋਣ ਦੀ ਸੰਭਾਵਨਾ ਹੈ। ਸਿਰਫ਼ ਕੇਂਦਰ ਸਰਕਾਰ ਹੀ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਤੱਕ ਬਰਕਰਾਰ ਰੱਖ ਸਕਦੀ ਹੈ। ਇਸ ਤੋਂ ਬਾਅਦ ਹੀ ਕੋਈ ਨਵਾਂ ਬਦਲਾਅ ਕੀਤਾ ਜਾ ਸਕਦਾ ਹੈ।

## ਭਾਨਾ ਸਿੱਧੂ ਮਾਲੇਰਕੋਟਲਾ ਜੇਲ੍ਹ 'ਚੋਂ ਰਿਹਾਅ



ਮਾਲੇਰਕੋਟਲਾ/ਏ.ਟੀ.ਨਿਊਜ਼ : ਸਮਾਜਿਕ ਕਾਰਕੁਨ ਤੇ ਬਲੌਗਰ ਭਾਨਾ ਸਿੱਧੂ ਇੱਥੇ ਸਬ-ਜੇਲ੍ਹ ਮਾਲੇਰਕੋਟਲਾ ਤੋਂ ਰਿਹਾਅ ਹੋ ਗਿਆ। ਜੇਲ੍ਹ ਤੋਂ ਬਾਅਦ ਆਉਣ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਭਾਨੇ ਨੇ ਕਿਹਾ ਕਿ ਉਹ ਕਿਸਾਨਾਂ ਵੱਲੋਂ ਦਿੱਲੀ ਵਿੱਚ ਲਗਾਏ ਜਾ ਰਹੇ ਮੋਰਚੇ ਵਿੱਚ ਸ਼ਾਮਲ ਹੋਵੇਗਾ।

ਉਸ ਨੇ ਦੱਸਿਆ ਕਿ ਉਸ ਦੇ ਦਾਦਾ ਨੇ ਵੀ 60 ਸਾਲ ਕਿਸਾਨ ਜਥੇਬੰਦੀ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ। ਉਸਨੇ ਆਪਣੀ ਰਿਹਾਈ ਲਈ ਅਕਾਲ ਪੁਰਖ, ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਅਤੇ ਬੀਬੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਉਸ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਮੌਕੇ ਭਾਨਾ ਸਿੱਧੂ ਨੇ ਡਿਬਰੂਗੜ੍ਹ ਸਮੇਤ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਪਿਛਲੇ 28 ਸਾਲਾਂ ਨਾਲੋਂ ਵੀ ਵੱਧ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਦੀ ਗੱਲ ਕੀਤੀ। ਉਸ ਨੇ ਕਿਹਾ ਕਿ ਉਹ ਹਮੇਸ਼ਾ ਪੰਜਾਬ ਲਈ ਲੜਦਾ ਰਹੇਗਾ ਭਾਵੇਂ ਕਿ ਉਸ ਨੂੰ ਇਸ ਦੀ ਕੋਈ ਵੀ ਕੀਮਤ ਚੁਕਾਉਣੀ ਪਏ। ਉਸ ਨੇ ਕਿਹਾ ਕਿ ਉਹ ਆਪਣੇ ਪਿੰਡ ਵਿੱਚ ਸਿੱਖ, ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਦੀ ਮੌਜੂਦਗੀ ਵਿੱਚ ਜੇਲ੍ਹ ਅੰਦਰ ਹੋਏ ਤਸ਼ੱਦਦ ਬਾਰੇ ਖੁਲਾਸਾ ਕਰੇਗਾ।

ਉਸ ਨੇ ਕਿਹਾ ਕਿ ਜੇਲ੍ਹ ਵਿੱਚ ਉਸ ਦੀ ਕੁੱਟਮਾਰ ਹੋਈ, ਬਰਫ਼ 'ਤੇ ਪਾਇਆ ਗਿਆ, ਕੱਪੜੇ ਲਾਹ ਕੇ ਵੀਡੀਓਜ਼ ਬਣਾਈਆਂ ਗਈਆਂ ਅਤੇ ਸਰਕਾਰ ਵੱਲੋਂ ਆਈਆਂ ਫੋਨ ਕਾਲਾਂ ਦੇ ਸਬੂਤ ਸਮੇਤ ਉਹ ਅਜਿਹੇ ਕਈ ਖੁਲਾਸੇ ਕਰੇਗਾ।

## ਕਿਸਾਨਾਂ ਨਾਲ ਗੱਲਬਾਤ ਕਰੇ ਸਰਕਾਰ : ਗਿਆਨੀ ਹਰਪ੍ਰੀਤ ਸਿੰਘ



ਚੰਡੀਗੜ੍ਹ/ਏ.ਟੀ.ਨਿਊਜ਼- ਐਮ.ਐਸ.ਪੀ. ਸਮੇਤ ਹੋਰ ਮੰਗਾਂ ਨੂੰ ਲੈ ਕੇ ਕਿਸਾਨਾਂ ਵਲੋਂ ਦਿੱਲੀ ਵੱਲ ਨੂੰ ਕੂਚ ਕੀਤਾ ਜਾ ਰਿਹਾ ਹੈ। ਸ਼ੰਭੂ ਬਾਰਡਰ 'ਤੇ ਇਸ ਸਮੇਂ ਕਿਸਾਨਾਂ ਦਾ ਵੱਡਾ ਇਕੱਠ ਹੈ, ਜਿਸ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਪੁਲਸ ਵਲੋਂ ਕਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਕਿਸਾਨੀ ਸੰਘਰਸ਼ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਹਨਾਂ ਨੇ ਖੱਟਰ ਸਰਕਾਰ 'ਤੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਗਿ. ਹਰਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਉਹਨਾਂ ਨਾਲ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ। ਦੋਵਾਂ ਧਿਰਾਂ ਨੂੰ ਸੰਜਮ ਅਤੇ ਸੁਹਿਰਦਤਾਂ ਤੋਂ ਕੰਮ ਲੈਣਾ ਚਾਹੀਦਾ ਹੈ। ਕਿਸਾਨੀ ਸੰਘਰਸ਼ ਦੌਰਾਨ ਸਰਹੱਦਾਂ 'ਤੇ ਸਰਕਾਰ ਸਖ਼ਤੀ ਕਰਕੇ ਕਿਸਾਨਾਂ 'ਤੇ ਅੱਤਿਆਚਾਰ ਕਰ ਰਹੀ ਹੈ, ਜੋ ਸਹੀ ਨਹੀਂ ਹਨ। ਪੰਜਾਬ ਨੂੰ ਕਸ਼ਮੀਰ ਨੂੰ ਪੂਰੇ ਭਾਰਤ ਨਾਲੋਂ ਸਰਹੱਦਾਂ ਸੀਲ ਕਰਕੇ ਹਰਿਆਣਾ ਸਰਕਾਰ ਨੇ ਬਿਲਕੁਲ ਵੱਖਰਾ ਕਰ ਦਿੱਤਾ ਹੈ। ਇਸ ਮੌਕੇ ਸ਼ੰਭੂ ਸਰਹੱਦ 'ਤੇ ਜੋ ਹਾਲਾਤ ਬਣੇ ਹੋਏ ਹਨ, ਉਸ ਨੂੰ ਵੇਖ ਕੇ ਇੰਝ ਲੱਗਦਾ ਜਿਵੇਂ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਹੈ। ਪੰਜਾਬ ਸਰਕਾਰ ਨੂੰ ਵੀ ਇਸ ਮੌਕੇ ਕਾਰਵਾਈ ਕਰਨੀ ਚਾਹੀਦੀ ਹੈ, ਕਿਉਂਕਿ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੀ ਧਰਤੀ 'ਤੇ ਬੈਠੇ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ ਹਨ ਅਤੇ ਗੋਲੀਆਂ ਚਲਾਈਆਂ ਗਈਆਂ ਹਨ। ਇਸ ਨਾਲ ਪੰਜਾਬ ਪੁਲਿਸ ਦੇ ਕਈ ਨੌਜਵਾਨ ਗੰਭੀਰ ਜ਼ਖ਼ਮੀ ਹੋਏ ਹਨ। ਇਸ ਸਬੰਧੀ ਪੰਜਾਬ ਸਰਕਾਰ ਨੂੰ ਪਰਚੇ ਦਰਜ ਕਰਨੇ ਚਾਹੀਦੇ ਹਨ।

## ਚੰਡੀਗੜ੍ਹ 'ਚ ਆਉਣ-ਜਾਣ ਵਾਲੇ ਰਸਤਿਆਂ 'ਤੇ ਨਾਕੇ

## ਦਿੱਲੀ ਜਾਣ ਵਾਲੀਆਂ ਫਲਾਈਟਾਂ ਹੋਈਆਂ ਬੇਹੱਦ ਮਹਿੰਗੀਆਂ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੇ ਦਿੱਲੀ ਕੂਚ ਦੇ ਮੱਦੇਨਜ਼ਰ ਸੂਬੇ ਦੀ ਰਾਜਧਾਨੀ 'ਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ। ਪੰਜਾਬ ਤੋਂ ਸ਼ਹਿਰ ਦੇ 11 ਐਂਟਰੀ-ਐਗਜ਼ਿਟ ਪੁਆਇੰਟਾਂ 'ਤੇ ਸਖ਼ਤ ਨਾਕੇਬੰਦੀ ਕੀਤੀ ਗਈ। ਲੋਕਾਂ ਦੀ ਸੁਰੱਖਿਆ ਲਈ ਪੁਲਿਸ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਕਿਸਾਨਾਂ ਵਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਕੂਚ ਨੂੰ ਧਿਆਨ 'ਚ ਰੱਖਦਿਆਂ ਹਰਿਆਣਾ ਸਰਕਾਰ ਵੱਲੋਂ ਸਰਹੱਦ ਸੀਲ ਕੀਤੇ ਜਾਣ ਕਾਰਨ ਆਵਾਜਾਈ ਕਾਫ਼ੀ ਪ੍ਰਭਾਵਿਤ ਹੋ ਰਹੀ ਹੈ। ਇਸ ਤਹਿਤ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੀਆਂ ਫਲਾਈਟਾਂ ਦੀਆਂ ਟਿਕਟਾਂ ਦੀਆਂ ਕੀਮਤਾਂ 'ਚ 4 ਗੁਣਾ ਵਾਧਾ ਹੋ ਗਿਆ ਹੈ। ਇੰਨਾ ਹੀ ਨਹੀਂ ਬੱਸਾਂ ਅਤੇ ਟੈਕਸੀਆਂ ਦੀ ਆਵਾਜਾਈ 'ਤੇ ਅਸਰ ਪੈਣ ਕਾਰਨ ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੇ ਯਾਤਰੀਆਂ ਅਤੇ ਸਥਾਨਕ ਯਾਤਰੀਆਂ ਦੀ ਗਿਣਤੀ 'ਚ ਵੀ ਵਾਧਾ ਹੋਇਆ ਹੈ। ਇਸ ਕਾਰਨ ਚੰਡੀਗੜ੍ਹ ਰੇਲਵੇ ਸਟੇਸ਼ਨ ਦੇ ਟਿਕਟ ਕਾਊਂਟਰਾਂ 'ਤੇ ਯਾਤਰੀਆਂ ਦੀ ਭੀੜ ਲੱਗੀ ਹੋਈ ਹੈ। ਇੰਨਾ ਹੀ ਨਹੀਂ ਯਾਤਰੀਆਂ ਦੀ ਸਹੂਲਤ ਨੂੰ ਧਿਆਨ 'ਚ ਰੱਖਦੇ ਹੋਏ ਰੇਲਵੇ ਨੂੰ ਸਾਰੇ ਟਿਕਟ ਕਾਊਂਟਰ ਖੋਲ੍ਹਣੇ ਪਏ।

| ਏਅਰਲਾਈਨਜ਼ ਦਾ ਨਾਮ | ਪਹਿਲਾਂ ਟਿਕਟ | ਹੁਣ ਟਿਕਟ |
|---|---|---|
| ਏਅਰਲਾਈਨਜ਼ ਏਅਰ | 2499 | 11219 |
| ਵਿਸਤਾਰਾ | 3907 | 16796 |
| ਇੰਡੀਗੋ | 3343 | 10,386 |

ਦਿੱਲੀ ਵਿਚਾਲੇ ਚੱਲਣ ਵਾਲੀਆਂ ਫਲਾਈਟਾਂ ਦੀਆਂ ਟਿਕਟਾਂ ਦੀਆਂ ਕੀਮਤਾਂ ਦੀ ਗੱਲ ਕਰੀਏ ਤਾਂ ਰੂਟੀਨ ਟਿਕਟ 4 ਹਜ਼ਾਰ ਤੋਂ 4500 ਰੁਪਏ ਤੱਕ ਰਹਿੰਦੀ ਹੈ। ਪਰ ਯਾਤਰੀਆਂ ਦੀ ਵੱਧਦੀ ਗਿਣਤੀ ਨੂੰ ਦੇਖਦੇ ਹੋਏ ਸਾਰੀਆਂ ਏਅਰਲਾਈਨਾਂ ਨੇ ਟਿਕਟਾਂ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ। ਫਲਾਈਟਾਂ ਦਾ ਇਹ ਹਾਲ ਹੈ ਕਿ ਲੋਕਾਂ ਨੂੰ ਟਿਕਟਾਂ ਨਹੀਂ ਮਿਲ ਰਹੀਆਂ ਹਨ। ਜਾਣਕਾਰੀ ਮੁਤਾਬਕ ਚੰਡੀਗੜ੍ਹ ਤੋਂ ਦਿੱਲੀ ਲਈ ਰੋਜ਼ਾਨਾ ਕਰੀਬ 12 ਫਲਾਈਟਾਂ ਉਡਾਣ ਭਰਦੀਆਂ ਹਨ। ਏਅਰਲਾਈਨਜ਼ ਵਲੋਂ 14 ਫਰਵਰੀ ਨੂੰ ਟਿਕਟਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ। ਇਸ ਦੇ ਨਾਲ ਹੀ ਵੰਦੇ ਭਾਰਤ ਅਤੇ ਸ਼ਤਾਬਦੀ ਵਰਗੀਆਂ ਟਰੇਨਾਂ 'ਚ ਵੀ ਸੀਟਾਂ ਉਪਲੱਬਧ ਨਹੀਂ ਹਨ। ਜਾਣਕਾਰੀ ਮੁਤਾਬਕ ਬੁੱਧਵਾਰ ਨੂੰ ਚੰਡੀਗੜ੍ਹ-ਦਿੱਲੀ ਵਿਚਾਲੇ ਚੱਲਣ ਵਾਲੀ ਵੰਦੇ ਭਾਰਤ ਟਰੇਨ ਵਿਚ 44 ਵੇਟਿੰਗ ਸਨ, ਜਦਕਿ ਤਤਕਾਲ ਵਿੱਚ ਵੇਟਿੰਗ ਟਿਕਟਾਂ ਵੀ ਮੁਹੱਈਆ ਨਹੀਂ ਹਨ।

## ਵਾਈਟ ਪੇਪਰ ਬਨਾਮ ਬਲੈਕ ਪੇਪਰ

# ਭਾਜਪਾ ਅਤੇ ਕਾਂਗਰਸ ਵਿਚਾਲੇ ਸ਼ੁਰੂ ਹੋਇਆ ਗਹਿਗੱਚ ਮੁਕਾਬਲਾ

## ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਭਾਜਪਾ ਅਤੇ ਕਾਂਗਰਸ ਵਿਚਾਲੇ ਛਿੜੀ ਸਿਆਸੀ ਜੰਗ

ਲੋਕ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਜਿਥੇ ਭਾਰਤ ਦੀ ਕੌਮੀ ਸਿਆਸਤ ਵਿੱਚ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਉਥੇ ਹੀ ਸੱਤਾਧਾਰੀ ਭਾਜਪਾ ਅਤੇ ਵਿਰੋਧੀ ਧਿਰ ਕਾਂਗਰਸ ਵਿਚਾਲੇ ਗਹਿਗੱਚ ਸਿਆਸੀ ਲੜਾਈ ਹੋਣ ਲੱਗ ਪਈ ਹੈ। ਇਸ ਸਮੇਂ ਜਿਥੇ ਭਾਜਪਾ ਵੱਲੋਂ ਆਪਣੇ ਦਸ ਸਾਲ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਨੂੰ ਦੱਸਿਆ ਜਾ ਰਿਹਾ ਹੈ ਅਤੇ ਸਾਬਕਾ ਮਨਮੋਹਨ ਸਰਕਾਰ ਦੇ ਰਾਜ ਦੀ ਆਲੋਚਨਾ ਕੀਤੀ ਜਾ ਰਹੀ ਹੈ, ਉਥੇ ਹੀ ਕਾਂਗਰਸ ਵੱਲੋਂ ਮੌਜੂਦਾ ਭਾਜਪਾ ਸਰਕਾਰ ਦੀ ਨਿਖੇਧੀ ਕਰਦਿਆਂ ਪਿਛਲੀ ਮਨਮੋਹਨ ਸਰਕਾਰ ਦੇ ਗੁਣ ਗਾਏ ਜਾ ਰਹੇ ਹਨ। ਹਾਲਾਤ ਤਾਂ ਇਹ ਵੀ ਬਣ ਗਏ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ 2004 ਤੋਂ 2014 ਤੱਕ ਡਾ. ਮਨਮੋਹਨ ਸਿੰਘ ਦੇ ਦੋ ਕਾਰਜਕਾਲਾਂ ਦੌਰਾਨ ਸੰਯੁਕਤ ਪ੍ਰਗਤੀਸ਼ੀਲ ਮੋਰਚੇ (ਯੂ.ਪੀ.ਏ.) ਸਰਕਾਰ ਦੇ ਕੰਮਕਾਜ 'ਤੇ ਸੰਸਦ 'ਚ ਵਾਈਟ ਪੇਪਰ ਲਿਆ ਸਕਦੀ, ਕਾਂਗਰਸ ਨੇ ਵੱਡਾ ਦਾਅ ਖੇਡਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 10 ਸਾਲਾਂ ਦੇ ਕੰਮਾਂ 'ਤੇ ਆਧਾਰਿਤ ਬਲੈਕ ਪੇਪਰ ਜਾਰੀ ਕਰ ਦਿੱਤਾ ਹੈ।

ਭਾਰਤ ਦੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 1 ਫਰਵਰੀ ਨੂੰ ਬਜਟ ਪੇਸ਼ ਕਰਦੇ ਹੋਏ ਵਾਈਟ ਪੇਪਰ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਯੂ.ਪੀ.ਏ. ਸਰਕਾਰ ਕਾਰਨ ਜੋ ਨੁਕਸਾਨ ਹੋਇਆ ਸੀ, ਉਹ ਮੋਦੀ ਸਰਕਾਰ ਦੇ ਕੰਮਾਂ ਕਰਕੇ ਦੇਸ਼ ਨੇ ਭਰ ਲਿਆ ਹੈ। ਭਾਵੇਂ ਸਭ ਨੂੰ ਪਤਾ ਸੀ ਕਿ ਭਾਜਪਾ ਸਰਕਾਰ ਅਗਲੇ ਤਿੰਨ ਮਹੀਨਿਆਂ ਅੰਦਰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਜਿਹਾ ਕਰਨ ਜਾ ਰਹੀ ਹੈ, ਪਰ ਭਾਜਪਾ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਕਾਂਗਰਸ ਹੋਰ ਤੇਜ਼ੀ ਨਾਲ ਇਸ ਵਿਰੁੱਧ ਬਲੈਕ ਪੇਪਰ ਲੈ ਕੇ ਆਵੇਗੀ। ਹਾਲਾਂ ਕਿ, 8 ਫਰਵਰੀ ਨੂੰ ਹੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 2014 ਤੋਂ ਪਹਿਲਾਂ ਦੀ ਭਾਰਤੀ ਅਰਥਵਿਵਸਥਾ ਨਾਲ ਜੁੜਿਆ ਇੱਕ ਵਾਈਟ ਪੇਪਰ ਪੇਸ਼ ਕੀਤਾ, ਜਿਸ ਵਿੱਚ ਯੂਪੀਏ ਸਰਕਾਰ ਦੇ ਆਰਥਿਕ ਦੁਰ ਪ੍ਰਬੰਧ ਬਾਰੇ ਦੱਸਿਆ ਗਿਆ ਸੀ। ਵਾਈਟ ਪੇਪਰ ਵਿੱਚ ਕਿਹਾ ਗਿਆ ਹੈ ਕਿ ਤਤਕਾਲੀ ਸਰਕਾਰ ਆਰਥਿਕ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਅਸਫਲ ਰਹੀ। ਸਗੋਂ ਸਰਕਾਰ ਵੱਲੋਂ ਲਏ ਗਏ ਫੈਸਲਿਆਂ ਨੇ ਦੇਸ਼ ਨੂੰ ਹੋਰ ਪਿਛਾਂਹ ਖਿੱਚ ਲਿਆ।

ਇਸ ਵਿੱਚ ਯੂ.ਪੀ.ਏ. ਸਰਕਾਰ 'ਤੇ ਵੱਡਾ ਦੋਸ਼ ਲਗਾਇਆ ਗਿਆ ਕਿ ਯੂ.ਪੀ.ਏ. ਦੇ ਸ਼ਾਸਕ ਨਾ ਸਿਰਫ਼




ਅਰਥਚਾਰੇ 'ਚ ਗਤੀਸ਼ੀਲਤਾ ਲਿਆਉਣ 'ਚ ਨਾਕਾਮ ਰਹੇ, ਸਗੋਂ ਉਨ੍ਹਾਂ ਨੇ ਅਰਥਵਿਵਸਥਾ ਨੂੰ ਇਸ ਤਰ੍ਹਾਂ ਲੁੱਟਿਆ ਕਿ ਸਾਡੇ ਉਦਯੋਗਪਤੀਆਂ ਨੇ ਰਿਕਾਰਡ 'ਤੇ ਕਿਹਾ ਕਿ ਉਹ ਵਿਦੇਸ਼ਾਂ 'ਚ ਨਿਵੇਸ਼ ਕਰਨ ਨੂੰ ਤਰਜੀਹ ਦੇਣਗੇ। ਇਹ ਵਾਈਟ ਪੇਪਰ ਯੂਪੀਏ ਦੇ ਦਸ ਸਾਲਾਂ ਬਨਾਮ ਐਨਡੀਏ ਦੇ ਦਸ ਸਾਲਾਂ ਦੀ ਤੁਲਨਾ ਕਰਦਾ ਹੈ ਅਤੇ ਕਹਿੰਦਾ ਹੈ ਕਿ ਉਦੋਂ ਅਸੀਂ 'ਨਾਜ਼ੁਕ ਪੰਜ' ਅਰਥਵਿਵਸਥਾਵਾਂ ਵਿੱਚੋਂ ਇੱਕ ਸੀ, ਹੁਣ, ਅਸੀਂ 'ਟੌਪ ਫਾਈਵ' ਅਰਥਵਿਵਸਥਾਵਾਂ ਵਿੱਚੋਂ ਇੱਕ ਹਾਂ।

ਇਹ ਵੀ ਵਿਅੰਗਮਈ ਗੱਲ ਹੈ ਕਿ ਇੱਕ ਪਾਸੇ ਉਨ੍ਹਾਂ ਦੀ ਸਰਕਾਰ ਡਾ. ਮਨਮੋਹਨ ਸਿੰਘ ਦੇ ਕਾਰਜਕਾਲ 'ਤੇ ਵਾਈਟ ਪੇਪਰ ਲੈ ਕੇ ਆਈ ਹੈ, ਦੂਜੇ ਪਾਸੇ ਮੋਦੀ ਵੀਰਵਾਰ ਨੂੰ ਉਸੇ ਡਾ. ਮਨਮੋਹਨ ਸਿੰਘ ਦੇ ਯੋਗਦਾਨ ਦੀ ਸ਼ਲਾਘਾ ਕਰ ਰਹੇ ਸਨ। ਇਹ ਰਾਜ ਸਭਾ ਦੇ 56 ਮੈਂਬਰਾਂ ਦੀ ਸੇਵਾਮੁਕਤੀ ਦਾ ਮੌਕਾ ਸੀ, ਜਿਨ੍ਹਾਂ ਵਿੱਚ ਡਾ. ਸ਼੍ਰੀ ਮੋਦੀ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਅਤੇ ਸਦਨ ਵਿੱਚ ਵਿਰੋਧੀ ਪਾਰਟੀ ਦੇ ਨੇਤਾ ਦੇ ਰੂਪ ਵਿੱਚ ਆਪਣੇ ਸੰਸਦੀ ਕਾਰਜਕਾਲ ਦੌਰਾਨ ਆਪਣੇ ਅਨਮੋਲ ਵਿਚਾਰਾਂ ਨਾਲ ਵਿਚਾਰ-ਵਟਾਂਦਰੇ ਨੂੰ ਭਰਪੂਰ ਬਣਾਇਆ ਹੈ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਨਰਿੰਦਰ ਮੋਦੀ ਜਿਸ ਗੱਲ ਲਈ ਮਨਮੋਹਨ ਸਿੰਘ ਦੀ ਤਾਰੀਫ਼ ਕਰ ਰਹੇ ਸਨ, ਉਸ ਦਾ ਸੋਸ਼ਲ ਮੀਡੀਆ 'ਤੇ ਭਾਜਪਾ ਸਮਰਥਕਾਂ ਨੇ ਮਜ਼ਾਕ ਉਡਾਇਆ ਸੀ। ਵੈਸੇ, ਇਹ ਕੌਣ ਭੁੱਲ ਸਕਦਾ ਹੈ ਕਿ ਸ੍ਰੀ ਮੋਦੀ ਨੇ ਖੁਦ ਡਾ: ਮਨਮੋਹਨ ਸਿੰਘ ਬਾਰੇ ਕਈ ਅਸ਼ਲੀਲ ਟਿੱਪਣੀਆਂ ਕੀਤੀਆਂ ਸਨ। ਇਨ੍ਹਾਂ ਵਿੱਚ ਰੇਨਕੋਟ ਪਾ ਕੇ ਇਸ਼ਨਾਨ ਕਰਨ ਦਾ ਮਾਮਲਾ ਅਜੇ ਵੀ ਦਰਜ ਹੈ। ਮੋਦੀ-ਭਾਜਪਾ ਇਸ ਯੂ.ਪੀ.ਏ. ਸਰਕਾਰ ਅਤੇ ਮਨਮੋਹਨ ਸਿੰਘ ਵਿਰੁੱਧ ਤੱਥਹੀਣ ਕਹਾਣੀਆਂ ਰਚ ਕੇ ਸੱਤਾ ਵਿੱਚ ਆਏ ਹਨ, ਜਿਸ ਦਾ ਸੱਚ ਸਮੇਂ ਦੇ ਨਾਲ ਉਜਾਗਰ ਹੋ ਗਿਆ ਹੈ। ਕਾਂਗਰਸ ਵੱਲੋਂ ਜਾਰੀ ਬਲੈਕ ਪੇਪਰ ਵਿੱਚ ਨਾ ਸਿਰਫ਼ ਮੋਦੀ ਦੇ ਕਾਰਜਕਾਲ ਦੌਰਾਨ ਮਹਿੰਗਾਈ, ਬੇਰੁਜ਼ਗਾਰੀ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੀ ਦੁਰਦਸ਼ਾ ਦਾ ਜ਼ਿਕਰ ਕੀਤਾ ਗਿਆ ਹੈ, ਸਗੋਂ ਇਹ ਵੀ ਕਿਹਾ ਗਿਆ ਹੈ ਕਿ ਸ੍ਰੀ ਮੋਦੀ ਆਪਣੀਆਂ ਨਾਕਾਮੀਆਂ ਨੂੰ ਛੁਪਾਉਂਦੇ ਹਨ ਅਤੇ ਪਿਛਲੀਆਂ ਕਾਂਗਰਸ ਸਰਕਾਰਾਂ ਦੀਆਂ ਪ੍ਰਾਪਤੀਆਂ ਨੂੰ ਨਕਾਰਦੇ ਹਨ। ਬਲੈਕ ਪੇਪਰ ਦੱਸਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਆਪਣੇ ਦੋਸਤਾਂ ਨੂੰ ਕਿਵੇਂ ਲਾਭ ਪਹੁੰਚਾਉਂਦੇ ਹਨ। ਇਸ ਵਿੱਚ ਦੇਸ਼ ਵਾਸੀਆਂ ਦਾ ਧਿਆਨ ਇਸ ਗੱਲ ਵੱਲ ਵੀ ਖਿੱਚਿਆ ਗਿਆ ਹੈ ਕਿ ਸ਼੍ਰੀ ਮੋਦੀ ਨੇ ਹਰ ਸਾਲ 2 ਕਰੋੜ ਲੋਕਾਂ ਨੂੰ ਨੌਕਰੀਆਂ ਦੇਣ ਅਤੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਬਲੈਕ ਪੇਪਰ ਵਿੱਚ ਮਨਰੇਗਾ ਦਾ ਪੈਸਾ ਲਾਭਪਾਤਰੀਆਂ ਤੱਕ ਨਾ ਪਹੁੰਚਣ ਦਾ ਵੀ ਜ਼ਿਕਰ ਹੈ। ਕਾਂਗਰਸ ਨੇ ਕਿਹਾ ਹੈ ਕਿ 10 ਸਾਲਾਂ ਵਿੱਚ ਭਾਜਪਾ ਨੇ ਵਿਰੋਧੀ ਧਿਰ ਦੇ 400 ਤੋਂ ਵੱਧ ਵਿਧਾਇਕਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕੀਤਾ ਹੈ। ਇਸ ਵਿੱਚ ਮੋਦੀ ਸਰਕਾਰ ਵੱਲੋਂ ਗੈਰ-ਭਾਜਪਾ ਰਾਜਾਂ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਵੀ ਉਜਾਗਰ ਕੀਤਾ ਗਿਆ ਹੈ। ਭਾਜਪਾ ਦੇ ਵਾਈਟ ਪੇਪਰ ਅਤੇ ਕਾਂਗਰਸ ਦੇ ਬਲੈਕ ਪੇਪਰ ਨੇ ਦੇਸ਼ ਦੇ ਚੋਣ ਮਾਹੌਲ ਵਿੱਚ ਗਰਮਾ-ਗਰਮੀ ਹੋਰ ਵਧਾ ਦਿੱਤੀ ਹੈ। ਜਦੋਂ ਦੋਵੇਂ ਪਾਰਟੀਆਂ ਚੋਣ ਪ੍ਰਚਾਰ ਲਈ ਤਿਆਰ ਹੋ ਜਾਂਦੀਆਂ ਹਨ ਤਾਂ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕਿਸ ਦੇ ਪੇਪਰ ਦਾ ਜਨਤਾ 'ਤੇ ਕੀ ਅਸਰ ਪਵੇਗਾ। ਉਂਝ, ਦਸ ਸਾਲ ਪਹਿਲਾਂ ਕੀਤੇ ਗਏ ਕੰਮਾਂ ਵਿੱਚ ਖਾਮੀਆਂ ਲੱਭਣ ਦੀ ਬਜਾਏ ਚੰਗਾ ਹੁੰਦਾ ਜੇ ਮੋਦੀ ਇਮਾਨਦਾਰੀ ਨਾਲ ਦੱਸਦੇ ਕਿ ਉਨ੍ਹਾਂ ਦੀਆਂ ਆਪਣੀਆਂ ਪ੍ਰਾਪਤੀਆਂ ਕੀ ਹਨ।ਭਾਰਤ ਦੇ ਲੋਕਾਂ ਵੱਲੋਂ ਭਾਜਪਾ ਦੇ ਵਾਈਟ ਪੇਪਰ ਅਤੇ ਕਾਂਗਰਸ ਦੇ ਬਲੈਕ ਪੇਪਰ ਬਾਰੇ ਕੀ ਹੁੰਗਾਰਾ ਭਰਿਆ ਜਾ ਰਿਹਾ ਹੈ, ਇਸ ਦਾ ਪਤਾ ਤਾਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਹੀ ਲੱਗੇਗਾ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਮੌਕੇ ਸਜਾਇਆ ਗਿਆ ਬਾਰਾਤ ਰੂਪੀ ਨਗਰ ਕੀਰਤਨ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼ : ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਸਬੰਧੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ 'ਗੁਰੂ ਕੇ ਮਹਿਲ' ਗੁ. ਭੋਰਾ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਬਾਰਾਤ ਰੂਪੀ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।





ਸਭ ਤੋ ਪਹਿਲਾਂ ਪਿਛਲੇ ਤਿੰਨ ਦਿਨਾਂ ਤੋਂ ਚਲ ਰਹੇ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਜਿਸ ਤੋ ਬਾਅਦ ਜੈਕਾਰਿਆ ਦੀ ਗੂੰਜ ਵਿੱਚ ਅਰਦਾਸ ਮਗਰੋਂ ਨਗਰ ਕੀਰਤਨ ਸਾਹਿਬ ਆਰੰਭ ਕੀਤਾ ਗਿਆ। ਜਿਸ ਦਾ ਪਹਿਲਾ ਪੜਾਅ ਦੇਰ ਸ਼ਾਮ ਗੁਰਦੁਆਰਾ ਸਿਹਰਾ ਸਾਹਿਬ (ਸ੍ਰੀ ਅਨੰਦਪੁਰ ਸਾਹਿਬ ਤੋਂ 20 ਕਿਲੋਮੀਟਰ) ਵਿਖੇ ਪੁੱਜਿਆ, ਜਿੱਥੇ ਗੁਰਮਤਿ ਸਮਾਗਮ ਉਪਰੰਤ ਇਹ ਨਗਰ ਕੀਰਤਨ ਗੁਰਦੁਆਰਾ ਆਨੰਦ ਕਾਰਜ 'ਗੁਰੂ ਕਾ ਲਾਹੌਰ' ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਇਆ ਅਤੇ ਗੁਰਮਤਿ ਸਮਾਗਮ ਕੀਤੇ ਗਏ।

ਦੱਸਣਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦ ਕਾਰਜ ਗੁਰੂ ਕਾ ਲਾਹੌਰ ਵਿਖੇ ਹੋਏ ਸਨ ਅਤੇ ਹਰ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਾਰ ਸੇਵਾ ਕਿਲ੍ਹਾ ਆਨੰਦਗੜ੍ਹ ਸਾਹਿਬ ਅਤੇ ਵੱਖ-ਵੱਖ ਸੰਪਰਦਾਵਾਂ ਦੇ ਮੁਖੀਆਂ ਵੱਲੋਂ ਮਿਲ ਕੇ ਇਸ ਅਸਥਾਨ 'ਤੇ ਧਾਰਮਿਕ ਸਮਾਗਮ ਕਰਾਏ ਜਾਂਦੇ ਹਨ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਸੰਗਤ ਸ਼ਿਰਕਤ ਕਰਦੀ ਹੈ।

ਇਸ ਖ਼ਾਸ ਦਿਹਾੜੇ ਮੌਕੇ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਦੇ ਲੰਗਰ ਲਗਾਏ ਜਾਂਦੇ ਹਨ, ਜਿਸ ਵਿਚ ਕਈ ਕੁਇੰਟਲ ਮਠਿਆਈ ਸੰਗਤ ਨੂੰ ਵਰਤਾਈ ਜਾਂਦੀ ਹੈ। ਸਪੈਸ਼ਲ ਦੇਸੀ ਘਿਓ ਦੀ ਮਠਿਆਈ ਵੱਖ-ਵੱਖ ਤਰ੍ਹਾਂ ਦੀ ਹੁੰਦੀ ਹੈ, ਜੋਕਿ ਆਕਰਸ਼ਣ ਦਾ ਕੇਂਦਰ ਰਹਿੰਦੀ ਹੈ। ਇਸ ਨੂੰ ਬਣਾਉਣ ਤਿਆਰ ਕਰਨ ਲਈ 15 ਦਿਨਾਂ ਤੋ ਤਿਆਰੀਆਂ ਵੱਡੇ ਪੱਧਰ 'ਤੇ ਕਰਨੀਆਂ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਇਲਾਵਾ ਸਥਾਨਕ ਸੰਗਤਾਂ ਵੱਲੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਲਈ ਲੰਗਰ ਅਤੇ ਹੋਰ ਸਟਾਲਾਂ 'ਤੇ ਵੱਖ-ਵੱਖ ਪਕਵਾਨਾਂ ਲੰਗਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਜਾਣੋ ਕੀ ਹੈ ਇਤਿਹਾਸ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦ ਕਾਰਜ ਲਾਹੌਰ ਦੇ ਰਹਿਣ ਵਾਲੇ ਹਰਜੱਸ ਜੀ ਦੀ ਸੁਪਤਰੀ ਜੀਤੋ ਜੀ ਨਾਲ ਤੈਅ ਹੋਏ ਸਨ ਪਰ ਉਸ ਸਮੇਂ ਲਾਹੌਰ ਵਿੱਚ ਹਾਲਾਤ ਠੀਕ ਨਾ ਹੋਣ ਕਰਕੇ ਬਾਰਾਤ ਲੈ ਕੇ ਜਾਣਾ ਸੰਭਵ ਨਹੀਂ ਸੀ। ਲਾਹੌਰ ਨਿਵਾਸੀ ਹਰਜੱਸ ਜੀ ਨੂੰ ਇਸ ਸਥਾਨ 'ਤੇ ਬੁਲਾਵਾ ਭੇਜਿਆ ਗਿਆ ਅਤੇ ਇੱਕ ਨਵਾਂ ਲਾਹੌਰ ਸ੍ਰੀ ਅਨੰਦਪੁਰ ਸਾਹਿਬ ਦੇ ਨਜ਼ਦੀਕ ਵਸਾਇਆ ਗਿਆ ਅਤੇ ਇਸ ਦਾ ਨਾਂ ਗੁਰੂ ਕਾ ਲਾਹੌਰ ਰੱਖਿਆ ਗਿਆ। ਇਸ ਸਮੇਂ ਇਹ ਸਥਾਨ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਵਿੱਚ ਪੈਂਦਾ ਹੈ, ਜੋ ਸ੍ਰੀ ਅਨੰਦਪੁਰ ਸਾਹਿਬ ਤੋਂ 25 ਕੁ ਕਿਲੋਮੀਟਰ ਪੈਂਦਾ ਹੈ।

# ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 10ਵੀਂ ਤੇ 12ਵੀਂ ਦੀਆਂ ਪ੍ਰੀਖਿਆਵਾਂ ਕਾਰਨ ਹੋਈਆਂ ਮੁਲਤਵੀ

ਚੰਡੀਗੜ੍ਹ /ਏ.ਟੀ.ਨਿਊਜ਼ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੁਣ 6 ਮਾਰਚ 2024 ਨੂੰ ਹੋਣ ਵਾਲੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਚੋਣ ਕਮਿਸ਼ਨਰ ਜਸਟਿਸ ਐਚ.ਐਸ. ਭੱਲਾ ਨੇ ਚੋਣਾਂ ਸਬੰਧੀ ਜਾਰੀ ਕੀਤਾ ਪ੍ਰੋਗਰਾਮ ਵਾਪਸ ਲੈ ਲਿਆ ਹੈ। ਚੋਣ ਕਮਿਸ਼ਨਰ ਜਸਟਿਸ ਐੱਚਐੱਸ ਭੱਲਾ ਨੇ ਅੱਜ ਦੇਰ ਸ਼ਾਮ ਪੱਤਰ ਜਾਰੀ ਕਰ ਦਿੱਤਾ ਹੈ। ਜਸਟਿਸ ਐੱਚਐੱਸ ਭੱਲਾ ਨੇ ਕਿਹਾ ਕਿ ਲੰਘੇ ਦਿਨ ਹਰਿਆਣਾ ਸਕੂਲ ਸਿੱਖਿਆ ਬੋਰਡ ਦੇ ਡਾਇਰੈਕਟਰ ਨੇ ਪੱਤਰ ਲਿੱਖ ਕੇ ਚੋਣਾਂ ਦੇਰੀ ਨਾਲ ਕਰਵਾਉਣ ਦੀ ਅਪੀਲ ਕੀਤੀ ਸੀ। ਇਸ ਪੱਤਰ ਵਿੱਚ ਸਿੱਖਿਆ ਵਿਭਾਗ ਦੇ ਅਧਿਕਾਰੀ ਨੇ ਹਵਾਲਾ ਦਿੱਤਾ ਕਿ ਹਰਿਆਣਾ ਵਿੱਚ ਸੀਬੀਐੱਸਸੀ ਦੀ 10ਵੀਂ ਤੇ 12ਵੀਂ ਜਮਾਦ ਦੀਆਂ ਪ੍ਰੀਖਿਆਵਾਂ 15 ਫਰਵਰੀ ਤੋਂ 2 ਅਪਰੈਲ 2024 ਤੱਕ ਚੱਲਣਗੀਆਂ ਜਦਕਿ ਹਰਿਆਣਾ ਸਕੂਲ ਸਿੱਖਿਆ ਬੋਰਡ ਦੀ 10ਵੀਂ ਤੇ 12ਵੀਂ ਜਮਾਤ ਦੀ ਪ੍ਰੀਖਿਆ 27 ਫਰਵਰੀ ਤੋਂ 2 ਅਪਰੈਲ ਤੱਕ ਚੱਲਣਗੀਆਂ। ਸਿੱਖਿਆ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਬੋਰਡ ਪ੍ਰੀਖਿਆਵਾਂ ਦੇ ਨਾਲ ਹੀ ਪੈਣੀਆਂ ਹਨ। ਇਸ ਲਈ ਚੋਣਾਂ ਦਾ ਸ਼ਡੀਉਲ ਵਾਪਸ ਲਿਆ ਜਾਵੇ। ਜਸਟਿਸ ਐੱਚਐੱਸ ਭੱਲਾ ਕਿਹਾ ਕਿ ਉਨ੍ਹਾਂ ਨੇ ਸਿੱਖਿਆ ਵਿਭਾਗ ਦੇ ਅਧਿਕਾਰੀ ਦੀ ਅਪੀਲ ਨੂੰ ਮੰਨਦੇ ਹੋਏ ਚੋਣਾਂ ਦਾ ਪ੍ਰੋਗਰਾਮ ਵਾਪਸ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਨਵਾਂ ਪ੍ਰੋਗਰਾਮ ਜਲਦ ਜਾਰੀ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 6 ਮਾਰਚ 2024 ਨੂੰ ਹੋਣੀਆਂ ਸਨ।

# ਅਕਾਲੀ-ਭਾਜਪਾ ਦੇ ਸੰਭਾਵੀ ਗੱਠਜੋੜ ਲਈ ਸਿਰਦਰਦੀ ਬਣੀ ਡੇਰਾ ਪ੍ਰੇਮੀ ਦੀ ਗ੍ਰਿਫ਼ਤਾਰੀ

## ਪ੍ਰਦੀਪ ਕਲੇਰ 'ਤੇ ਬਰਗਾੜੀ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੀ ਸਾਜਿਸ਼ ਰਚਣ ਦੇ ਇਲਜ਼ਾਮ

## ਦੋਸ਼ੀ ਦੇ ਭਾਜਪਾ ਆਗੂਆਂ ਨਾਲ ਨੇ ਡੂੰਘੇ ਸੰਬੰਧ, ਭਾਜਪਾ ਆਗੂ ਨੇ ਪੁਲਿਸ ਤੋਂ ਛੁਡਵਾਉਣ ਦੀ ਵੀ ਕੀਤੀ ਸੀ ਕੋਸ਼ਿਸ਼

ਫਰੀਦਕੋਟ/ਏ.ਟੀ.ਨਿਊਜ਼ : ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਕੁਝ ਦਿਨ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਸਬੰਧੀ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਮੈਂਬਰ ਪ੍ਰਦੀਪ ਕਲੇਰ ਨੂੰ ਹਰਿਆਣਾ ਦੇ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਗ੍ਰਿਫ਼ਤਾਰੀ ਨੇ ਅਕਾਲੀ ਦਲ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਪ੍ਰਦੀਪ ਕਲੇਰ ਉੱਤੇ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਅਤੇ ਇਸ ਮਗਰੋਂ ਇਸੇ ਪਿੰਡ ਦੀਆਂ ਕੰਧਾਂ ਉੱਤੇ ਵਿਵਾਦਤ ਪੋਸਟਰ ਚਿਪਕਾਉਣ ਦੇ ਨਾਲ-ਨਾਲ ਬਰਗਾੜੀ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੀ ਸਾਜਿਸ਼ ਰਚਣ ਦੇ ਦੋਸ਼ ਹਨ। ਪੁਲਿਸ ਮੁਤਾਬਕ ਪ੍ਰਦੀਪ ਇਨ੍ਹਾਂ ਘਟਨਾਵਾਂ ਦਾ 'ਮੁੱਖ ਸਾਜਿਸ਼ਕਰਤਾ' ਸੀ। ਪ੍ਰਦੀਪ ਕਲੇਰ



ਨੂੰ ਸਾਲ 2021 ਵਿੱਚ ਐਲਾਨੀਆ ਅਪਰਾਧੀ (ਪ੍ਰੋਕਲੇਮਡ ਓਫੈਂਡਰ) ਐਲਾਨਿਆ ਗਿਆ ਸੀ। ਪ੍ਰਦੀਪ ਕਲੇਰ ਦੀ ਉਮਰ 41 ਸਾਲ ਹੈ। ਉਹ ਸਿਰਸਾ ਵਿਚਲੇ ਡੇਰਾ ਸੱਚਾ ਸੌਦਾ ਦੀ ਨੈਸ਼ਨਲ ਸਮਿਤੀ ਦੀ ਯੂਥ ਵਿੰਗ ਦਾ ਆਗੂ ਹੈ। ਪ੍ਰਦੀਪ ਕਲੇਰ ਡੇਰਾ ਸਿਰਸਾ ਨਾਲ ਲੰਬੇ ਸਮੇਂ ਤੋਂ ਸਬੰਧ ਵਿੱਚ ਸੀ ਅਤੇ ਡੇਰਾ ਸੱਚਾ ਸੌਦਾ ਸਿਰਸਾ ਵਿਖੇ ਹੀ ਰਹਿੰਦਾ ਸੀ। ਯਾਦ ਰਹੇ ਕਿ 22 ਜਨਵਰੀ 2024 ਨੂੰ ਅਯੁੱਧਿਆ ਵਿਖੇ ਸ਼੍ਰੀ ਰਾਮ ਮੰਦਰ ਦੇ ਉਦਘਾਟਨੀ ਸਮਾਗਮ ਦੌਰਾਨ ਪ੍ਰਦੀਪ ਕਲੇਰ ਦੀ ਇੱਕ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਇਸ ਤਸਵੀਰ ਦੇ ਸਾਹਮਣੇ ਆਉਣ ਤੋਂ ਬਾਅਦ ਫ਼ਰੀਦਕੋਟ ਪੁਲਿਸ ਨੂੰ ਉਸਦੇ ਉੱਤਰ ਪ੍ਰਦੇਸ਼ ਵਿੱਚ ਲੁਕੇ ਹੋਣ ਬਾਰੇ ਜਾਣਕਾਰੀ ਮਿਲੀ ਸੀ।

ਪ੍ਰਦੀਪ ਕਲੇਰ ਉੱਤੇ ਫ਼ਰੀਦਕੋਟ ਅਤੇ ਮੋਗਾ ਜ਼ਿਲ੍ਹੇ ਅੰਦਰ ਅੱਠ ਮਾਮਲੇ ਦਰਜ ਹਨ। ਉਸ ਉੱਤੇ ਧਾਰਮਿਕ ਭਾਵਨਾਵਾਂ ਭੜਕਾਉਣ, ਅਪਰਾਧਿਕ ਸਾਜ਼ਿਸ਼ ਰਚਣ ਸਣੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਸਨ। ਉਹ ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਭਗੌੜਾ ਹੈ। ਪ੍ਰਦੀਪ ਕਲੇਰ ਦੇ ਖ਼ਿਲਾਫ਼ ਜ਼ਿਲ੍ਹਾ ਬਠਿੰਡਾ ਦੇ ਦਿਆਲਪੁਰਾ ਥਾਣੇ ਅਤੇ ਮੋਗਾ ਦੇ ਸਮਾਲਸਰ ਥਾਣੇ ਵਿੱਚ ਵੀ ਮਾਮਲਾ ਦਰਜ ਹੈ।

**ਭਾਜਪਾ ਆਗੂਆਂ ਨਾਲ ਨੇੜਲੇ ਸੰਬੰਧ**

ਮਿਲੀ ਜਾਣਕਾਰੀ ਅਨੁਸਾਰ ਪ੍ਰਦੀਪ ਕਲੇਰ ਪਿਛਲੇ ਲੰਬੇ ਸਮੇਂ ਤੋਂ ਅਯੁੱਧਿਆ ਵਿੱਚ ਹੀ ਰਹਿ ਰਿਹਾ ਸੀ ਅਤੇ ਉਸ ਦੇ ਭਾਜਪਾ ਦੇ ਕੌਮੀ ਆਗੂਆਂ ਨਾਲ ਨੇੜਲੇ ਸਬੰਧ ਹਨ। ਪ੍ਰਦੀਪ ਕਲੇਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਇੱਕ ਕੇਂਦਰੀ ਮੰਤਰੀ ਨੇ ਪ੍ਰਦੀਪ ਕਲੇਰ ਨੂੰ ਛੁਡਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਜਾਂਚ ਟੀਮ ਦੀ ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਬੇਅਦਬੀ ਕਾਂਡ ਵਾਪਰਨ ਵਾਲੇ ਦਿਨਾਂ ਵਿੱਚ ਅਯੁੱਧਿਆ ਇਲਾਕੇ ਵਿੱਚੋਂ ਕੁਝ ਫੋਨ ਕਾਲਾਂ ਫ਼ਰੀਦਕੋਟ ਇਲਾਕੇ ਵਿੱਚ ਆਈਆਂ ਸਨ।

(ਬਾਕੀ ਸਫ਼ਾ 30 'ਤੇ)

# ਪੰਜਾਬੀ ਮਾਤ ਭਾਸ਼ਾ ਬਚਾਓ ਦਿਵਸ 21 ਫ਼ਰਵਰੀ ਨੂੰ

ਰਾਜਪੁਰਾ/ਏ.ਟੀ.ਨਿਊਜ਼ : ਰਾਜਪੁਰਾ ਵਿਖੇ ਪੰਜਾਬੀ ਮਾਤ ਭਾਸ਼ਾ ਬਚਾਓ ਦਿਵਸ ਬਾਰੇ ਇੱਕ ਵਿਸ਼ੇਸ਼ ਇੱਕਤਰੱਤਾ ਹੋਈ।

ਡਾ. ਗੁਰਵਿੰਦਰ ਸਿੰਘ ਅਮਨ ਪ੍ਰਧਾਨ ਲੋਕ ਸਾਹਿਤ ਸੰਗਮ ਤੇ ਚੇਅਰਮੈਨ ਕਲਚਰਲ ਫੈਡਰੇਸ਼ਨ ਨੇ ਵਿਚਾਰ ਰੱਖੇ ਕਿ ਪੰਜਾਬੀ ਮਾਂ ਬੋਲੀ ਪੰਜਾਬੀਆਂ ਦੀ ਭਾਸ਼ਾ ਹੈ ਨਾ ਕਿ ਕਿਸੇ ਮਜ੍ਹਬ ਜਾਂ ਫਿਰਕੇ ਦੀ। ਇਸ ਨੂੰ ਬੋਲਣਾ, ਲਿਖਣਾ ਤੇ ਪੜਨਾ ਹਰ ਪੰਜਾਬੀ ਲਈ ਇੱਕ ਮਾਣ ਵਾਲੀ ਗੱਲ ਹੈ।

ਉਹਨਾਂ ਮੰਗ ਕੀਤੀ ਕਿ ਭਾਰਤ ਦੇ ਹਰ ਸੂਬੇ ਵਿੱਚ ਇਸਦਾ ਸਤਿਕਾਰ ਹੋਵੇ। ਪੰਜਾਬ ਦਾ ਲਾਇਬ੍ਰੇਰੀ ਐਕਟ ਗੰਭੀਰਤਾ ਨਾਲ ਲਾਗੂ ਕੀਤਾ ਜਾਵੇ। ਨਿੱਜੀ ਅਤੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਵਿਸ਼ੇ ਨੂੰ ਲਾਜਮੀ ਕਰਨਾ ਚਾਹੀਦਾ ਹੈ।

ਉਚ ਸਰਕਾਰੀ ਅਦਾਰਿਆਂ ਅਤੇ ਦਫ਼ਤਰਾਂ ਵਿੱਚ ਪੰਜਾਬੀ ਲਾਗੂ ਕਰਨੀ ਤੇ ਸਰਕਾਰੀ ਸੂਚਨਾ ਦੇ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖੇ ਜਾਣ, ਪੰਜਾਬੀ ਭਾਸ਼ਾ ਟ੍ਰਿਬਿਊਨਲ ਬਣਾਇਆ ਜਾਵੇ, ਤਹਿਸੀਲਾਂ ਕਚਹਿਰੀਆਂ ਤੇ ਕਾਨੂੰਨ ਦਫ਼ਤਰਾਂ ਵਿੱਚ ਸਾਰੇ ਕੰਮ ਪੰਜਾਬੀ ਵਿੱਚ ਕੀਤੇ ਜਾਣ, ਉਚ ਸੇਵਾਵਾਂ ਜਿਵੇਂ ਆਈ.ਏ.ਐਸ. ਤੇ ਪੀ.ਸੀ.ਐਸ. ਆਦਿ ਦੀਆਂ ਪ੍ਰੀਖਿਆਵਾਂ ਪੰਜਾਬੀ ਵਿੱਚ ਹੋਣ।

ਸਕੱਤਰੇਤ ਤੋਂ ਭੇਜੇ ਜਾਂਦੇ ਸਾਰੇ ਚਿੱਠੀ ਪੱਤਰ ਪੰਜਾਬੀ ਵਿੱਚ ਹੋਣ। ਉਹਨਾਂ ਖੁਸ਼ੀ ਜਾਹਿਰ ਕੀਤੀ ਕਿ ਚੜਦੇ ਪੰਜਾਬ ਨਾਲੋਂ ਲਹਿੰਦੇ ਪੰਜਾਬ ਵਿੱਚ ਪੰਜਾਬੀ ਬੋਲੀ ਜਿਆਦਾ ਤਰਜੀਹ ਦਿੱਤੀ ਜਾਂਦੀ ਹੈ। ਚਾਹੇ ਉਹਨਾਂ ਦੀ ਲਿਪੀ ਸ਼ਾਹਮੁੱਖੀ ਜਾਂ ਉਰਦੂ ਹੀ ਹੈ। ਉਹਨਾਂ ਲਹਿੰਦੇ ਪੰਜਾਬ ਵਿੱਚ ਛਪਦੇ ਪੰਜਾਬੀ ਅਖਬਾਰਾਂ ਨੂੰ ਲੋਕ ਪਿਆਰ ਕਰਦੇ ਹਨ।

ਇਸ ਮੌਕੇ 'ਤੇ ਜਸਵਿੰਦਰ ਸਿੰਘ, ਕੁਲਵੰਤ ਸਿੰਘ ਜੱਸਲ, ਰਵਿੰਦਰ ਕ੍ਰਿਸ਼ਨ, ਦਿਨੇਸ਼ ਵਰਮਾ, ਕਰਮ ਸਿੰਘ ਹਕੀਰ, ਸੁਰਿੰਦਰ ਕੌਰ, ਬਾੜਾ ਸਰਹਿੰਦ, ਸੁਨੀਤਾ ਰਾਣੀ, ਪ੍ਰੇਮ ਕੁਮਾਰ, ਯਸ਼ ਪਾਲ, ਰਤਨ ਸ਼ਰਮਾ, ਅਵਤਾਰ ਪੁਆਰ ਆਦਿ ਹਾਜ਼ਰ ਸਨ।

# ਐਮ.ਪੀ. ਔਜਲਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ ਨੂੰ ਲੋਕ ਸਭਾ 'ਚ ਉਠਾਇਆ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ ਨੂੰ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਪਾਰਲੀਮੈਂਟ ਵਿੱਚ ਸਵਾਲ ਚੁੱਕਿਆ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਦੌਰਾਨ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਸੀ। ਜਿਸ 'ਤੇ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਸਿਆਸੀ ਰੋਟੀਆਂ ਹੀ ਸੇਕੀਆਂ ਹਨ, ਪਰ ਕਿਸੇ ਵੀ ਸਰਕਾਰ ਨੇ ਅੱਜ ਤੱਕ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿੱਤੀਆ। ਜਿਸ ਕਾਰਨ ਸਮੁੱਚੀ ਸਿੱਖ ਕੌਮ ਵਿੱਚ ਭਾਰੀ ਰੋਸ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੈਂਬਰ ਪਾਰਲੀਮੈਂਟ ਔਜਲਾ ਨੇ ਪਾਰਲੀਮੈਂਟ ਵਿੱਚ ਆਪਣੀ ਆਵਾਜ਼ ਚੁੱਕ ਕੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ। ਇੱਥੇ ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਸਿੱਖ ਆਗੂਆਂ ਅਤੇ ਜਥੇਬੰਦੀਆਂ ਨੇ ਔਜਲਾ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਸੀ ਕਿ ਬੇਅਦਬੀ ਕਰਨ ਵਾਲੇ ਦੋਸ਼ੀਆਂ ਦੇ ਖਿਲਾਫ ਸਰਕਾਰ ਸਖਤ ਤੋਂ ਸਖਤ ਕਾਰਵਾਈ ਕਰਵਾਈ ਜਾਵੇ।

ਦਰਪਣ ਝੂਠ ਨਹੀਂ ਬੋਲਦਾ

# ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰਨ ਲਈ ਸਰਗਰਮ

**☛ ਸਾਡੇ ਮੁਸਲਿਮ ਭਰਾਵਾਂ ਨੂੰ ਸੀ.ਏ.ਏ. ਬਾਰੇ ਭੜਕਾਇਆ ਜਾ ਰਿਹਾ ਹੈ : ਅਮਿਤ ਸ਼ਾਹ**

**☛ ਸਮਾਨ ਨਾਗਰਿਕਤਾ ਕਾਨੂੰਨ ਦੇ ਕਿਉਂ ਵਿਰੋਧੀ ਨੇ ਸਿੱਖ ਪੰਥ ਤੇ ਮੁਸਲਮਾਨ**

ਭਾਰਤੀ ਜਨਤਾ ਪਾਰਟੀ ਇਸ ਸਮੇਂ ਲੋਕ ਸਭਾ ਚੋਣਾਂ ਦੀ ਤਿਆਰੀ ਵਿੱਚ ਲੱਗੀ ਹੋਈ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੱਡਾ ਐਲਾਨ ਕੀਤਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੂਰੇ ਦੇਸ਼ ਵਿੱਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਸੀ.ਏ.ਏ. ਕਿਸੇ ਵੀ ਵਿਅਕਤੀ ਦੀ ਨਾਗਰਿਕਤਾ ਨਹੀਂ ਖੋਹੇਗਾ। ਕੇਂਦਰੀ ਗ੍ਰਹਿ ਮੰਤਰੀ ਨੇ ਦੋਸ਼ ਲਾਇਆ ਕਿ ਸਾਡੇ ਮੁਸਲਿਮ ਭਰਾਵਾਂ ਨੂੰ ਸੀ.ਏ.ਏ. ਬਾਰੇ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਭੜਕਾਇਆ ਜਾ ਰਿਹਾ ਹੈ। ਸੀ.ਏ.ਏ. ਸਿਰਫ਼ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ ਦੀਆਂ ਧਾਰਮਿਕ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਲਈ ਹੈ।

ਯਾਦ ਰਹੇ ਕਿ ਯੂਨੀਫ਼ਾਰਮ ਸਿਵਲ ਕੋਡ (ਸਮਾਨ ਨਾਗਰਿਕ ਕਾਨੂੰਨ) ਦੀ ਚਰਚਾ ਬਹੁਤ ਸਮੇਂ ਤੋਂ ਚੱਲ ਰਹੀ ਹੈ। ਉੱਤਰਾਖੰਡ ਸਰਕਾਰ ਨੇ ਇਸ ਨੂੰ ਕਾਨੂੰਨੀ ਜਾਮਾ ਪਹਿਨਾ ਕੇ ਹੋਰ ਰਾਜਾਂ ਲਈ ਉਦਾਹਰਨ ਪੇਸ਼ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਕਿ ਇਸ ਨੂੰ ਲਾਗੂ ਕਰਨ ਦੀ ਪਹਿਲ ਦੂਜੀਆਂ ਥਾਂਵਾਂ 'ਤੇ ਹੋਵੇ, ਇਸ ਵਿੱਚ ਜੋ ਕਮੀਆਂ ਹਨ, ਉਨ੍ਹਾਂ ਨੂੰ ਸਰਕਾਰ ਲਈ ਦੂਰ ਕਰਨਾ ਜ਼ਰੂਰੀ ਹੈ।



ਮੋਦੀ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ 2019 ਰਾਹੀਂ ਨਾਗਰਿਕਤਾ ਕਾਨੂੰਨ 1955 ਵਿੱਚ ਸੋਧ ਕੀਤੀ ਸੀ, ਜਿਸ ਤਹਿਤ 31 ਦਸੰਬਰ 2014 ਤੋਂ ਪਹਿਲਾਂ ਅਫ਼ਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਭਾਰਤੀ ਉਪਮਹਾਂਦੀਪ (ਦਿੱਲੀ ਸਲਤਨਤ) ਦੇ ਖਿੱਤੇ ਵਿੱਚ ਦਾਖਲ ਹੋਏ ਹਿੰਦੂਆਂ, ਜੈਨੀਆਂ, ਬੋਧੀਆਂ, ਪਾਰਸੀਆਂ, ਸਿੱਖਾਂ ਅਤੇ ਇਸਾਈਆਂ ਨੂੰ 'ਗੈਰ-ਕਾਨੂੰਨੀ ਪਰਵਾਸੀ' ਨਹੀਂ ਮੰਨਿਆ ਜਾਵੇਗਾ ਅਤੇ ਉਹਨਾਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਜਾਵੇਗੀ।

ਇਸ ਨਾਲ ਸਰਕਾਰ ਨੇ ਅਸਾਮ ਸਮਝੌਤੇ ਤਹਿਤ ਮਿਥੀ ਗਈ 24 ਮਾਰਚ 1971 ਦੀ ਆਖਰੀ ਤਰੀਕ ਨੂੰ 31 ਦਸੰਬਰ 2014 ਤੱਕ ਵਧਾ ਲਿਆ ਸੀ। ਭਾਵ ਕਿ ਜੋ ਸਮਾਂ ਅਸਾਮ ਸਮਝੌਤੇ ਤਹਿਤ ਸਿਰਫ਼ 6 ਸਾਲ ਦੇ ਕਰੀਬ ਸੀ ਉਸ ਨੂੰ ਵਧਾ ਕੇ 54 ਸਾਲ ਤੋਂ ਵੱਧ ਕਰ ਦਿੱਤਾ ਗਿਆ ਸੀ।

ਦੂਜਾ, ਅਸਾਮ ਵਿਚ ਚੱਲੀ ਨਾਗਰਿਕਤਾ ਰਜਿਸਟਰ ਮੁਹਿੰਮ ਤਹਿਤ 'ਗ਼ੈਰ-ਕਾਨੂੰਨੀ ਪਰਵਾਸੀ' ਐਲਾਨੇ ਗਏ ਲੋਕਾਂ ਦੇ ਵੱਡੇ ਹਿੱਸੇ, ਜੋ ਕਿ ਗ਼ੈਰ-ਮੁਸਲਿਮ ਸਨ, ਨੂੰ ਨਾਗਰਿਕ ਬਣਾ ਲਿਆ ਸੀ। ਸਰਕਾਰ ਨੇ ਇਸ ਕਾਨੂੰਨ ਵਿੱਚ ਉਕਤ ਛੇ ਧਰਮਾਂ/ਭਾਈਚਾਰਿਆਂ ਦਾ ਜ਼ਿਕਰ ਕੀਤਾ ਹੈ ਪਰ ਇਸ ਸੂਚੀ ਵਿੱਚ ਮੁਸਲਮਾਨਾਂ ਨੂੰ ਸ਼ਾਮਲ ਨਹੀਂ ਕੀਤਾ। ਇਸ ਦਾ ਮਤਲਬ ਹੈ ਅਫ਼ਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਭਾਰਤ ਵਿੱਚ ਦਾਖਲ ਹੋਏ ਮੁਸਲਮਾਨ 'ਗੈਰ-ਕਾਨੂੰਨੀ ਪਰਵਾਸੀ' ਮੰਨੇ ਜਾਣਗੇ ਅਤੇ ਉਹਨਾਂ ਨੂੰ ਭਾਰਤ ਦੀ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ। ਨਾਗਰਿਕਤਾ ਸੋਧ ਕਾਨੂੰਨ 2019 ਦੇ ਵਿਵਾਦ ਨਾਲ ਜੁੜੇ ਵੱਖ-ਵੱਖ ਪਹਿਲੂ ਹਨ। ਇੱਕ ਪੱਖ ਇਸ ਕਾਨੂੰਨ ਤਹਿਤ ਮੁਸਲਮਾਨਾਂ ਨਾਲ ਕੀਤੇ ਪੱਖਪਾਤ ਦਾ ਹੈ। ਦੂਜਾ ਉੱਤਰ-ਪੂਰਬੀ ਰਾਜਾਂ ਦੇ ਲੋਕਾਂ ਵੱਲੋਂ ਇਸ ਕਾਨੂੰਨ ਨੂੰ ਆਪਣੀ ਵਸੋਂ ਦੀ ਬਣਤਰ ਅਤੇ ਸੱਭਿਆਚਾਰ ਉੱਤੇ ਹਮਲੇ ਵਜੋਂ ਵੇਖਿਆ ਜਾ ਰਿਹਾ ਹੈ। ਤੀਜਾ ਤਾਮਿਲਨਾਡੂ ਅਤੇ ਕਰਨਾਟਕ ਵਿੱਚ ਇਸ ਦੇ ਵਿਰੋਧ ਦਾ ਕਾਰਨ ਉਕਤ ਦੋਵਾਂ ਕਾਰਨਾਂ ਤੋਂ ਵੱਖਰਾ ਹੈ ਤੇ ਇਸ ਦਾ ਸੰਬੰਧ ਸ੍ਰੀਲੰਕਾ ਦੇ ਤਾਮਿਲਾਂ ਨਾਲ ਹੈ। ਚੌਥਾ ਬੰਗਾਲੀ ਕੌਮ ਵੱਲੋਂ ਜ਼ਬਰਦਸਤ ਵਿਰੋਧ ਦਾ ਕਾਰਨ ਇਸ ਨੂੰ ਬੰਗਾਲੀ ਕੌਮ ਨਾਲ ਵਿਤਕਰੇ ਵੱਜੋਂ ਦੇਖਿਆ ਜਾ ਰਿਹਾ ਹੈ। ਭਾਜਪਾ ਦੇ ਰਾਜ ਵਿੱਚ ਮੁਸਲਮਾਨ ਹਿੰਦੂਤਵੀ ਹੈਂਕੜ ਦੀ ਸਿੱਧੀ ਮਾਰ ਝੱਲ ਰਹੇ ਹਨ। ਗਊ-ਮਾਸ, ਤੀਨ-ਤਲਾਕ, ਕਸ਼ਮੀਰ ਅਤੇ ਬਾਬਰੀ ਮਸਜਿਦ-ਅਯੁਧਿਆ ਫ਼ੈਸਲੇ ਤੋਂ ਬਾਅਦ ਹੁਣ ਨਾਗਰਿਕਤਾ ਸੋਧ ਕਾਨੂੰਨ ਨਾਲ ਭਾਜਪਾ ਮੁਸਲਮਾਨਾਂ ਵਿਰੁਧ ਆਪਣਾ ਹਮਲਾਵਰ ਰੁਖ ਬਰਕਰਾਰ ਰੱਖ ਰਹੀ ਹੈ। ਮੁਸਲਮਾਨਾਂ ਦੇ ਚੋਣਵੇਂ ਹਿੱਸੇ ਇਸ ਕਨੂੰਨ ਦਾ ਵਿਰੋਧ ਕਰ ਵੀ ਰਹੇ ਹਨ।

ਭਾਰਤੀ ਉਪਮਹਾਂਦੀਪ (ਦਿੱਲੀ ਸਲਤਨਤ) ਵਿੱਚ ਵਸੋਂ, ਸੱਭਿਆਚਾਰ, ਬੋਲੀ, ਵਿਸ਼ਵਾਸ, ਨਸਲ ਆਦਿ ਦੇ ਪੱਖ ਤੋਂ ਬਹੁਤ ਭਿੰਨਤਾ ਹੈ। (ਬਾਕੀ ਸਫ਼ਾ 31 'ਤੇ)

# ਕੀ ਮੋਦੀ ਸੱਚ ਬੋਲ ਰਹੇ ਨੇ ਕਿ ਭਾਰਤ ਦੀ ਵਿਕਾਸ ਦਰ ਲਗਾਤਾਰ ਵਧ ਰਹੀ ਹੈ

**ਕੌਮਾਂਤਰੀ ਸੰਸਥਾਂਵਾਂ ਅਤੇ ਭਾਰਤ ਦੀਆਂ ਕੁਝ ਖ਼ੁਦਮੁਖ਼ਤਾਰ ਸੰਸਥਾਂਵਾਂ ਅਨੁਸਾਰ, ਬੇਰੁਜ਼ਗਾਰੀ ਬਹੁਤ ਉੱਚੇ ਪੱਧਰ 'ਤੇ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਦਾਅਵਾ ਕਰਦੇ ਹੋਏ ਕਿਹਾ ਕਿ ਨਵਾਂ ਭਾਰਤ ਹੁਣ ਤੇਜ਼ ਰਫ਼ਤਾਰ ਨਾਲ ਕੰਮ ਕਰੇਗਾ। ਇਸ ਲਈ ਉਨ੍ਹਾਂ ਨੇ ਆਪਣੇ ਤੀਜੇ ਕਾਰਜਕਾਲ ਲਈ ਖਾਕਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ 15 ਲੱਖ ਤੋਂ ਵੱਧ ਲੋਕਾਂ ਤੋਂ ਸੁਝਾਅ ਲਏ ਹਨ। ਮੋਦੀ ਨੇ ਕਿਹਾ ਕਿ ਭਾਰਤ ਵਿੱਚ ਪੂਰੀ ਦੁਨੀਆਂ ਦਾ ਭਰੋਸਾ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ, ਹਰ ਵਿਕਾਸ ਮਾਹਿਰ ਸਮੂਹ ਵਿੱਚ ਚਰਚਾ ਹੈ ਕਿ ਭਾਰਤ ਪਿਛਲੇ 10 ਸਾਲਾਂ ਵਿੱਚ ਬਦਲ ਗਿਆ ਹੈ। ਮੋਦੀ ਨੇ ਕਿਹਾ ਕਿ ਹੁਣ ਭਾਰਤ ਲਈ ਉਹ ਸਮਾਂ ਹੈ ਜਦੋਂ ਸਾਡੀ ਵਿਕਾਸ ਦਰ ਲਗਾਤਾਰ ਵਧ ਰਹੀ ਹੈ ਤੇ ਵਿੱਤੀ ਘਾਟਾ ਘਟ ਰਿਹਾ ਹੈ, ਜਦੋਂ ਸਾਡਾ ਨਿਰਯਾਤ ਵੱਧ ਰਿਹਾ ਹੈ ਤੇ ਚਾਲੂ ਖਾਤੇ ਦਾ ਘਾਟਾ ਘਟ ਰਿਹਾ ਹੈ, ਜਦੋਂ ਉਤਪਾਦਕ ਨਿਵੇਸ਼ ਰਿਕਾਰਡ ਉੱਚ ਪੱਧਰ 'ਤੇ ਹੈ ਤੇ ਮਹਿੰਗਾਈ ਕਾਬੂ ਹੇਠਾਂ ਹੈ। ਇਹ ਉਹ ਸਮਾਂ ਹੈ ਜਦੋਂ ਮੌਕੇ ਤੇ ਆਮਦਨੀ ਦੋਵੇਂ ਵਧ ਰਹੇ ਹਨ ਤੇ ਗਰੀਬੀ ਘਟ ਰਹੀ ਹੈ, ਜਦੋਂ ਖਪਤ ਅਤੇ ਕਾਰਪੋਰੇਟ ਮੁਨਾਫ਼ਾ ਦੋਵੇਂ ਵਧ ਰਹੇ ਹਨ ਤੇ ਬੈਂਕ ਐਨ.ਪੀ.ਏ. ਵਿੱਚ ਰਿਕਾਰਡ ਕਮੀ ਹੈ।

ਸੁਆਲ ਇਹ ਹੈ ਕਿ ਜੋ ਪ੍ਰਧਾਨ ਮੰਤਰੀ ਦਾਅਵਾ ਕਰ ਰਹੇ ਹਨ ਕੀ ਉਹ ਸੱਚ ਹੈ?



ਯਾਦ ਰਹੇ ਕਿ ਕੇਂਦਰ ਸਰਕਾਰ ਨੇ ਨਵੰਬਰ 2016 ਵਿੱਚ ਨੋਟਬੰਦੀ ਲਾਗੂ ਕੀਤੀ। ਇਹ ਬੇਲੋੜਾ ਫ਼ੈਸਲਾ ਸੀ। ਇਸ ਨਾਲ ਬਹੁਤ ਸਾਰੇ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ ਨੂੰ ਢਾਹ ਲੱਗੀ; ਖ਼ਾਸਕਰ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਸੰਗਠਤ ਖੇਤਰ ਦੇ ਕਰਮੀਆਂ ਤੇ ਮਾਲਕਾਂ ਦਾ ਕਚੂੰਮਰ ਨਿੱਕਲ ਗਿਆ। ਉਂਝ ਵੀ, ਇਸ ਫ਼ੈਸਲੇ ਨਾਲ ਸਰਕਾਰ ਦੇ ਐਲਾਨੇ ਇੱਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋਈ। ਇਸ ਤੋਂ ਬਾਅਦ 2017 ਵਿੱਚ ਜੀ.ਐੱਸ.ਟੀ. (ਗੁਡਜ਼ ਐਂਡ ਸਰਵਿਸ ਟੈਕਸ) ਲਾਗੂ ਕੀਤਾ। ਇਸ ਫ਼ੈਸਲੇ ਨੇ ਵੀ ਛੋਟੇ, ਦਰਮਿਆਨੇ ਅਤੇ ਗੈਰ-ਸੰਗਠਤ ਵਪਾਰਕ ਅਦਾਰਿਆਂ ਨੂੰ ਵੱਡੀ ਢਾਹ ਲਾਈ। ਇਸ ਫ਼ੈਸਲੇ ਨੇ ਦੇਸ਼ ਦੇ ਮਜ਼ਬੂਤ ਸੰਘੀ ਢਾਂਚੇ ਨੂੰ ਨੀਵਾਂ ਦਿਖਾਇਆ, ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰ ਕੇ ਆਪਣੀ ਆਮਦਨ ਵਿੱਚ ਵਾਧਾ ਕਰਨ 'ਤੇ ਰੋਕ ਲਗਾ ਦਿੱਤੀ। ਹੁਣ ਸਾਰੇ ਸੂਬੇ ਛੋਟੀ ਮੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ 'ਤੇ ਨਿਰਭਰ ਹਨ।

ਅਰਥ ਸ਼ਾਸਤਰੀ ਡਾਕਟਰ ਕੇਸਰ ਸਿੰਘ ਭੰਗੂ ਦਾ ਕਹਿਣਾ ਹੈ ਕਿ ਵਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਦੀ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ-ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਹੋਰ ਆਰਥਿਕ ਤਰਜੀਹਾਂ ਹਨ; ਭਾਵ, ਮਹਿੰਗਾਈ ਲਈ ਜ਼ਿੰਮੇਵਾਰ ਕਾਰਕ ਅੰਦਰੂਨੀ ਹਨ, ਭਾਵੇਂ ਕੌਮਾਂਤਰੀ ਕਾਰਕਾਂ ਨੇ ਵੀ ਥੋੜ੍ਹਾ ਯੋਗਦਾਨ ਪਾਇਆ ਹੈ।

ਸਰਕਾਰ ਦੀਆਂ ਆਰਥਿਕ ਤਰਜੀਹਾਂ ਤੋਂ ਮਤਲਬ ਹੈ, ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੀਤੀਆਂ ਵਿੱਚ ਲੋਕ ਪੱਖੀ ਤਬਦੀਲੀਆਂ ਕਰ ਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦੀ, ਇਸ ਨਾਲ ਲੋਕਾਂ ਦੀ ਆਮਦਨ ਵਧਦੀ ਅਤੇ ਮਹਿੰਗਾਈ ਤੋਂ ਰਾਹਤ ਮਿਲਦੀ ਪਰ ਅਜਿਹਾ ਨਹੀਂ ਹੋਇਆ। ਭਾਰਤ ਦੀ ਆਬਾਦੀ ਦਾ ਵੱਡਾ ਹਿੱਸਾ ਘੋਰ ਗ਼ਰੀਬੀ ਵਿੱਚ ਧੱਕਿਆ ਗਿਆ। ਜਿਥੋਂ ਤੱਕ ਭ੍ਰਿਸ਼ਟਾਚਾਰ ਦਾ ਸਵਾਲ ਹੈ, ਹੁਣੇ ਜਾਰੀ ਕੌਮਾਂਤਰੀ ਭ੍ਰਿਸ਼ਟਾਚਾਰ ਸੂਚਕ ਦੱਸਦੇ ਹਨ ਕਿ ਦੇਸ਼ ਵਿੱਚ ਭ੍ਰਿਸ਼ਟਾਚਾਰ ਘਟਿਆ ਨਹੀਂ। ਇਸ ਸਬੰਧੀ ਦੇਸ਼ ਦੇ ਅੰਕਾਂ ਅਤੇ ਰੈਂਕ ਵਿੱਚ ਕੋਈ ਫ਼ਰਕ ਨਹੀਂ ਪਿਆ ਹੈ।

# ਮੋਦੀ ਸਰਕਾਰ ਵਿਰੁੱਧ ਦੱਖਣੀ ਰਾਜਾਂ ਦਾ ਬਣ ਸਕਦੈ ਸਾਂਝਾ ਮੋਰਚਾ

**ਹਾਲੀਆ ਕੇਂਦਰੀ ਬਜਟ 'ਚ ਦੱਖਣੀ ਰਾਜਾਂ ਦੀ ਅਣਦੇਖੀ ਕਾਰਨ ਦੱਖਣੀ ਰਾਜਾਂ ਦੀਆਂ ਸਰਕਾਰਾਂ ਅੰਦਰ ਰੋਸ**



ਬੀਤੇ ਦਿਨੀਂ ਦੱਖਣ ਦੇ ਦੋ ਰਾਜਾਂ ਕਰਨਾਟਕ ਤੇ ਕੇਰਲਾ ਦੀਆਂ ਸਰਕਾਰਾਂ ਨੇ ਉਨ੍ਹਾਂ ਵਿਰੁੱਧ ਹੁੰਦੀ ਵਿੱਤੀ ਬੇਇਨਸਾਫ਼ੀ ਵਿਰੁੱਧ ਦਿੱਲੀ ਆ ਕੇ ਧਰਨਾ ਦਿੱਤਾ। ਕੇਰਲਾ ਸਰਕਾਰ ਵੱਲੋਂ ਜੰਤਰ-ਮੰਤਰ ਵਿੱਚ ਦਿੱਤੇ ਗਏ ਧਰਨੇ ਨੂੰ ਦਿੱਲੀ ਤੇ ਪੰਜਾਬ ਦੇ ਮੁੱਖ ਮੰਤਰੀਆਂ ਦਾ ਵੀ ਸਾਥ ਮਿਲਿਆ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਨੇ ਕੇਰਲਾ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੂੰ ਲਿਖੀ ਚਿੱਠੀ ਵਿੱਚ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਦਾ ਰਾਜ ਵੀ ਇਸ ਲੜਾਈ ਵਿੱਚ ਕੇਰਲਾ ਦੇ ਨਾਲ ਹੈ। ਕਰਨਾਟਕ ਦੇ ਮੰਤਰੀ ਪਿਆਂਕ ਖੜਗੇ ਨੇ ਇੱਕ ਬਿਆਨ ਵਿੱਚ ਇੱਥੋਂ ਤੱਕ ਕਿਹਾ ਕਿ ਇਸ ਸਮੇਂ ਦੱਖਣੀ ਰਾਜ ਵੱਖ-ਵੱਖ ਲੜ ਰਹੇ ਹਨ, ਪਰ ਦੇਰ-ਸਵੇਰ ਇਸ ਮਸਲੇ ਉੱਤੇ ਦੱਖਣੀ ਰਾਜਾਂ ਦਾ ਸਾਂਝਾ ਮੋਰਚਾ ਬਣ ਸਕਦਾ ਹੈ।

ਇਨ੍ਹਾਂ ਰਾਜਾਂ ਦੀ ਸ਼ਿਕਾਇਤ ਹੈ ਕਿ ਜੀ. ਐਸ. ਟੀ. ਤਹਿਤ ਰਾਜਾਂ ਵਿੱਚੋਂ ਜੋ ਟੈਕਸ ਵਸੂਲਿਆ ਜਾਂਦਾ ਹੈ, ਉਸ ਵਿੱਚੋਂ ਉਨ੍ਹਾਂ ਨੂੰ ਬਣਦਾ ਹਿੱਸਾ ਨਹੀਂ ਦਿੱਤਾ ਜਾ ਰਿਹਾ। ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ ਕਿਹਾ ਹੈ ਕਿ ਜੀ. ਐਸ. ਟੀ. ਲਾਗੂ ਹੋਣ ਤੋਂ ਬਾਅਦ ਪਹਿਲਾਂ ਦੀ ਤੁਲਨਾ ਵਿੱਚ ਕਰਨਾਟਕ ਨੂੰ 1 ਲੱਖ 65 ਹਜ਼ਾਰ ਕਰੋੜ ਦਾ ਨੁਕਸਾਨ ਹੋ ਚੁੱਕਾ ਹੈ। ਐਮ. ਕੇ. ਸਟਾਲਿਨ. ਨੇ ਕਿਹਾ ਹੈ ਕਿ ਤਾਮਿਲਨਾਡੂ ਨੂੰ ਹਰ ਸਾਲ 20 ਹਜ਼ਾਰ ਕਰੋੜ ਦਾ ਘਾਟਾ ਪੈ ਰਿਹਾ ਹੈ। ਕੇਰਲਾ ਵਿਰੁੱਧ ਤਾਂ ਕੇਂਦਰ ਨੇ ਖੁੱਲ੍ਹਾ ਹਮਲਾ ਬੋਲ ਰੱਖਿਆ ਹੈ। ਉਸ 'ਤੇ ਬਜ਼ਾਰ ਵਿੱਚੋਂ ਕਰਜ਼ਾ ਲੈਣ ਉੱਤੇ ਵੀ ਰੋਕ ਲਾ ਦਿੱਤੀ ਹੈ, ਜਿਸ ਕਾਰਨ ਸਭ ਵਿਕਾਸ ਕੰਮ ਠੱਪ ਹੋ ਗਏ ਹਨ। ਇੱਥੋਂ ਤੱਕ ਕਿ ਸਮਾਜਕ ਸੁਰੱਖਿਆ ਅਧੀਨ ਦਿੱਤੀਆਂ ਜਾਂਦੀਆਂ ਪੈਨਸ਼ਨਾਂ ਨੂੰ ਜਾਰੀ ਰੱਖਣਾ ਵੀ ਮੁਸ਼ਕਿਲ ਹੋ ਗਿਆ ਹੈ।

# ਨਾਟੋ ਦੇ ਮੈਗਾ ਅਭਿਆਸ ਤੋਂ ਔਖੇ ਹੋਏ ਚੀਨ, ਰੂਸ ਅਤੇ ਇਰਾਨ

**ਜਲਦੀ ਹੀ ਇਕੱਠੇ ਸ਼ੁਰੂ ਕਰਨਗੇ ਵੱਡਾ ਅਭਿਆਸ, ਦੁਨੀਆਂ 'ਚ ਵਧਿਆ ਤਣਾਅ**



ਸ਼ੀਤ ਯੁੱਧ ਤੋਂ ਬਾਅਦ 31 ਨਾਟੋ ਦੇਸ਼ਾਂ ਵਿਚਾਲੇ ਸਭ ਤੋਂ ਵੱਡਾ ਅਭਿਆਸ ਸ਼ੁਰੂ ਕਰਨ ਤੋਂ ਬਾਅਦ ਹੁਣ ਇਰਾਨ, ਰੂਸ ਅਤੇ ਚੀਨ ਜਵਾਬੀ ਅਭਿਆਸ ਸ਼ੁਰੂ ਕਰਨ ਜਾ ਰਹੇ ਹਨ। ਇਰਾਨ ਨੇ ਕਿਹਾ ਹੈ ਕਿ ਉਹ ਕੁਝ ਹਫ਼ਤਿਆਂ ਵਿੱਚ ਨਾਟੋ ਦੀਆਂ ਚਾਲਾਂ ਦੇ ਜਵਾਬ ਵਿੱਚ ਚੀਨ ਅਤੇ ਰੂਸ ਨਾਲ ਇੱਕ ਸ਼ਕਤੀਸ਼ਾਲੀ ਫ਼ੌਜੀ ਅਭਿਆਸ ਕਰੇਗਾ। ਇਰਾਨ ਦੀ ਜਲ ਸੈਨਾ ਦੇ ਕਮਾਂਡਰ ਰੀਅਰ ਐਡਮਿਰਲ ਸ਼ਾਹਰਾਮ ਇਰਾਨੀ ਨੇ ਕਿਹਾ ਕਿ ਸੰਯੁਕਤ ਜਲ ਸੈਨਾ ਅਭਿਆਸ ਮਾਰਚ ਦੇ ਅੰਤ ਤੋਂ ਪਹਿਲਾਂ ਹੋਵੇਗਾ ਅਤੇ ਇਸਦਾ ਉਦੇਸ਼ 'ਖੇਤਰੀ ਸੁਰੱਖਿਆ' ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਅਭਿਆਸ ਦਾ ਸਥਾਨ ਅਜੇ ਤੈਅ ਨਹੀਂ ਕੀਤਾ ਗਿਆ ਹੈ ਪਰ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਹ ਓਮਾਨ ਦੀ ਖਾੜੀ ਵਿੱਚ ਹੋ ਸਕਦਾ ਹੈ। ਨਾਟੋ ਦੇ ਇੱਕ ਅਧਿਕਾਰੀ ਨੇ ਚਿਤਾਵਨੀ ਦਿੱਤੀ ਹੈ ਕਿ ਸਮਾਂ ਘਟ ਰਿਹਾ ਹੈ ਅਤੇ ਪੱਛਮੀ ਦੇਸਾਂ ਨੂੰ ਆਪਣੇ ਬਚਾਅ ਲਈ ਤਿਆਰ ਰਹਿਣਾ ਚਾਹੀਦਾ ਹੈ। (ਬਾਕੀ ਸਫ਼ਾ 31 'ਤੇ)




# ਭਾਰਤ ਦੇ ਪੰਜ ਨਵੇਂ ਭਾਰਤ ਰਤਨ

## ਚੌਧਰੀ ਚਰਨ ਸਿੰਘ, ਨਰਸਿਮਹਾ ਰਾਓ, ਸਵਾਮੀਨਾਥਨ, ਕਰਪੂਰੀ ਠਾਕੁਰ ਅਤੇ ਅਡਵਾਨੀ ਨੂੰ ਭਾਰਤ ਰਤਨ ਦੇਣ ਦਾ ਐਲਾਨ

## ਭਾਰਤ ਰਤਨ ਦੇਣ ਦੇ ਪਿੱਛੇ '5 ਐਮ' ਫਾਰਮੂਲੇ ਦਾ ਅਰਥ ਹੈ ਮੰਡਲ, ਮੰਦਿਰ, ਮੰਡੀ, ਮਾਰਕੀਟ ਅਤੇ ਮਿਲੇਟਸ

ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ, ਆਰਥਿਕ ਸੁਧਾਰਾਂ ਦੇ ਪਿਤਾਮਾ ਪੀ.ਵੀ. ਨਰਸਿਮਹਾ ਰਾਓ ਅਤੇ ਪ੍ਰਸਿੱਧ ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਕੁਝ ਦਿਨ ਪਹਿਲਾਂ, ਕੇਂਦਰ ਸਰਕਾਰ ਨੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਅਤੇ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਸੀ।ਇੱਕ ਸਾਲ ਵਿੱਚ ਹੀ ਪੰਜ ਵਿਅਕਤੀਆਂ ਨੂੰ ਭਾਰਤ ਰਤਨ ਦੇਣ ਕਾਰਨ ਕਈ ਕਿਸਮ ਦੀ ਚਰਚਾ ਵੀ ਹੋ ਰਹੀ ਹੈ ਕਿਉਂਕਿ ਭਾਰਤ ਵਿੱਚ ਇੱਕ ਸਾਲ ਵਿੱਚ ਤਿੰਨ ਵਿਅਕਤੀਆਂ ਨੂੰ ਹੀ ਭਾਰਤ ਰਤਨ ਦੇਣ ਦੀ ਪਰੰਪਰਾ ਰਹੀ ਹੈ। ਕੁਝ ਆਗੂ ਕਹਿ ਰਹੇ ਹਨ ਕਿ ਜਿਹੜੇ ਵਿਅਕਤੀਆਂ ਨੂੰ ਉਹਨਾਂ ਦੇਹਾਂਤ ਤੋਂ ਬਾਅਦ ਭਾਰਤ ਰਤਨ ਦਿੱਤਾ ਗਿਆ ਹੈ, ਉਹਨਾਂ ਨੂੰ ਇਹ ਸਨਮਾਨ ਉਹਨਾਂ ਦੇ ਜੀਵਨ ਕਾਲ ਦੌਰਾਨ ਦੇਣਾ ਚਾਹੀਦਾ ਸੀ। ਇਸ ਤੋਂ ਇਲਾਵਾ ਕਈ ਆਗੂ ਇਹ ਵੀ ਕਹਿ ਰਹੇ ਹਨ ਕਿ ਇੱਕ ਪਾਸੇ ਤਾਂ ਹਰੀ ਕ੍ਰਾਂਤੀ ਦੇ ਪਿਤਾਮਾ ਐਮ. ਐਸ. ਸਵਾਮੀਨਾਥਨ ਨੂੰ ਭਾਰਤ ਸਰਕਾਰ ਵੱਲੋਂ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਗਿਆ ਹੈ, ਦੂਜੇ ਪਾਸੇ ਭਾਰਤ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਥਾਂ ਟਾਲਮਟੋਲ ਦੀ ਨੀਤੀ ਅਪਨਾਈ ਜਾ ਰਹੀ ਹੈ ਅਤੇ ਧਰਨਾਕਾਰੀ ਕਿਸਾਨਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਸਮੇਤ ਪੂਰੇ ਦੇਸ਼ ਦੇ ਕਿਸਾਨ ਸੰਘਰਸ਼ ਦੇ ਰਾਹ ਪੈ ਗਏ ਹਨ।

ਕੁਝ ਆਗੂ ਤਾਂ ਇਹ ਵੀ ਕਹਿ ਰਹੇ ਹਨ ਕਿ ਪੰਜ ਵਿਅਕਤੀਆਂ ਨੂੰ ਭਾਰਤ ਰਤਨ ਦੇ ਕੇ ਭਾਰਤ ਸਰਕਾਰ ਨੇ ਇੱਕ ਤੀਰ ਨਾਲ ਪੰਜ ਨਿਸ਼ਾਨੇ ਲਗਾਉਣ ਦਾ ਯਤਨ ਕੀਤਾ ਹੈ। ਅਜਿਹੇ 'ਚ ਸਵਾਲ ਇਹ ਉੱਠਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਚੋਣ ਸਾਲ 'ਚ ਵੱਖ-ਵੱਖ ਵਿਚਾਰਧਾਰਾ ਵਾਲੀਆਂ ਸ਼ਖਸੀਅਤਾਂ ਨੂੰ ਦੇਸ਼ ਦਾ ਸਰਵੋਤਮ ਸਨਮਾਨ ਕਿਉਂ ਦਿੱਤਾ ਅਤੇ ਕੀ ਇਸ ਪਿੱਛੇ ਕੋਈ ਸਿਆਸੀ ਸੰਕੇਤ ਜਾਂ ਫਾਰਮੂਲਾ ਛੁਪਿਆ ਹੋਇਆ ਹੈ? ਜੇਕਰ ਡੂੰਘਾਈ ਨਾਲ ਸੋਚੀਏ ਤਾਂ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਹ ਕਦਮ 2024 ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਚੁੱਕਿਆ ਹੈ। ਇਸਦੇ ਪਿੱਛੇ ਉਸਦਾ 5 ਐਮ ਮੰਤਰ ਅਤੇ ਫਾਰਮੂਲਾ ਹੈ। ਭਾਰਤ ਰਤਨ ਦੇਣ ਦੇ ਪਿੱਛੇ 5 ਐਮ ਫਾਰਮੂਲੇ ਦਾ ਅਰਥ ਹੈ ਮੰਡਲ, ਮੰਦਿਰ, ਮੰਡੀ, ਮਾਰਕੀਟ ਅਤੇ ਮਿਲੇਟਸ।

**ਕਰਪੂਰੀ ਠਾਕੁਰ ਤੋਂ ਮੰਡਲ ਮੰਤਰ :**

ਭਾਰਤੀ ਰਾਜਨੀਤੀ ਵਿੱਚ ਮੰਡਲ ਸ਼ਬਦ ਦੀ ਵਰਤੋਂ ਓਬੀਸੀ ਵੋਟ ਬੈਂਕ ਦਾ ਸਮਾਨਾਰਥੀ ਬਣ ਗਈ ਹੈ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇ ਕੇ, ਪ੍ਰਧਾਨ ਮੰਤਰੀ ਮੋਦੀ, ਜੋ ਖੁਦ ਓਬੀਸੀ ਨੇਤਾ ਹਨ, ਨੇ ਪੱਛੜੀਆਂ ਜਾਤੀਆਂ, ਖਾਸ ਕਰਕੇ ਅਤਿ ਪਛੜੀਆਂ ਜਾਤੀਆਂ ਦੀ ਵੱਡੇ ਪੱਧਰ 'ਤੇ ਮਦਦ ਕਰਨ ਦੀ ਕੋਸ਼ਿਸ਼ ਕੀਤੀ ਹੈ।2024 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਕਰਪੂਰੀ ਠਾਕੁਰ ਨੂੰ ਸਰਵਉੱਚ ਸਨਮਾਨ ਦੇ ਕੇ ਪੀਐਮ ਮੋਦੀ ਨੇ ਬਿਹਾਰ ਵਿੱਚ ਨਾ ਸਿਰਫ਼ ਨਿਤੀਸ਼ ਕੁਮਾਰ ਨੂੰ ਆਪਣੇ ਨਾਲ ਲਿਆਂਦਾ ਹੈ, ਸਗੋਂ ਆਲੇ-ਦੁਆਲੇ ਦੀਆਂ ਅਖੌਤੀ ਸਮਾਜਿਕ ਨਿਆਂ ਪਾਰਟੀਆਂ ਦੇ ਈਬੀਸੀ ਵੋਟ ਬੈਂਕ ਵਿੱਚ ਵੀ ਮਾਰ ਕੀਤੀ ਹੈ।

**ਲਾਲ ਕ੍ਰਿਸ਼ਨ ਅਡਵਾਨੀ ਦੇ ਨਾਮ 'ਤੇ ਮੰਦਰ ਮੰਤਰ**

ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੇਸ਼ ਵਿੱਚ ਰਾਮ ਮੰਦਰ ਅੰਦੋਲਨ ਦੇ ਸਮਾਨਾਰਥੀ ਰਹੇ ਹਨ। ਸਤੰਬਰ 1990 ਵਿੱਚ ਉਨ੍ਹਾਂ ਨੇ ਸੋਮਨਾਥ ਤੋਂ ਅਯੁੱਧਿਆ ਤੱਕ ਰਾਮ ਰੱਥ ਯਾਤਰਾ ਕੱਢੀ ਪਰ ਬਿਹਾਰ ਦੀ ਲਾਲੂ ਯਾਦਵ ਸਰਕਾਰ ਨੇ ਅਕਤੂਬਰ 1990 ਵਿੱਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਹੁਣ ਜਦੋਂ ਅਯੁੱਧਿਆ ਵਿੱਚ ਵਿਸ਼ਾਲ ਰਾਮ ਮੰਦਰ ਦਾ ਨਿਰਮਾਣ ਹੋ ਗਿਆ ਹੈ ਅਤੇ ਉੱਥੇ ਰਾਮ ਲੱਲਾ ਬਿਰਾਜਮਾਨ ਹੋ ਚੁੱਕੇ ਹਨ ਤਾਂ ਅਡਵਾਨੀ ਨੂੰ ਭਾਰਤ ਰਤਨ ਦੇ ਕੇ ਨਾ ਸਿਰਫ਼ ਉਨ੍ਹਾਂ ਦੇ ਬਲਿਦਾਨ, ਸਮਰਪਣ ਅਤੇ ਮਿਹਨਤ ਦਾ ਸਨਮਾਨ ਕੀਤਾ ਗਿਆ ਹੈ, ਸਗੋਂ ਸੰਦੇਸ਼ ਦੇਣ ਦਾ ਯਤਨ ਵੀ ਕੀਤਾ ਗਿਆ ਹੈ। ਜੋ ਵੀ ਦੇਸ਼ ਦੇ ਹਿੱਤ ਵਿੱਚ ਕੰਮ ਕਰਦਾ ਹੈ, ਜਲਦੀ ਜਾਂ ਬਾਅਦ ਵਿੱਚ ਉਸ ਦਾ ਸਨਮਾਨ ਕੀਤਾ ਜਾਵੇਗਾ।

**ਚੌਧਰੀ ਚਰਨ ਸਿੰਘ ਦੇ ਬਹਾਨੇ ਮੰਡੀ ਨੂੰ ਨਿਸ਼ਾਨਾ ਬਣਾਇਆ :**

ਮੰਡੀ ਦਾ ਅਰਥ ਹੈ ਕਿਸਾਨਾਂ ਦੀ ਮੰਡੀ, ਉਨ੍ਹਾਂ ਦੀ ਉਪਜ, ਖੇਤੀ ਅਤੇ ਸਮੁੱਚੀ ਖੇਤੀ ਪਰੰਪਰਾ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਨੂੰ ਕਿਸਾਨਾਂ ਦਾ ਮਸੀਹਾ ਕਿਹਾ ਜਾਂਦਾ ਸੀ, ਜਿਨ੍ਹਾਂ ਨੇ ਦੇਸ਼ ਵਿੱਚ ਸਹਿਕਾਰੀ ਖੇਤੀ ਲਾਗੂ ਕਰਨ ਦੇ ਮੁੱਦੇ 'ਤੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਝੜਪ ਕੀਤੀ ਸੀ ਅਤੇ ਸਹਿਕਾਰੀ ਖੇਤੀ ਦਾ ਤਿੱਖਾ ਵਿਰੋਧ ਕੀਤਾ ਸੀ। ਚੌਧਰੀ ਨੇ ਯੂ.ਪੀ. ਵਿੱਚ ਮੰਤਰੀ ਹੁੰਦਿਆਂ ਹੀ ਜ਼ਿਮੀਂਦਾਰੀ ਪ੍ਰਥਾ ਨੂੰ ਖਤਮ ਕਰਕੇ ਕਿਸਾਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਸਨ। ਉਨ੍ਹਾਂ ਨੇ ਪਟਵਾਰੀ ਸਿਸਟਮ ਵੀ ਖ਼ਤਮ ਕਰ ਦਿੱਤਾ ਸੀ। ਉਹ ਕਿਸਾਨਾਂ ਦੇ ਸੱਚੇ ਹਮਾਇਤੀ ਸਨ। ਚੌਧਰੀ ਸਾਹਿਬ ਪੱਛਮੀ ਉੱਤਰ ਪ੍ਰਦੇਸ਼ ਸਮੇਤ ਕਰੀਬ ਅੱਧੀ ਦਰਜਨ ਨੇੜਲੇ ਰਾਜਾਂ ਵਿੱਚ ਜਾਟ ਵੋਟਰਾਂ ਅਤੇ ਕਿਸਾਨ ਵੋਟਰਾਂ ਵਿੱਚ ਇੱਕ ਸਰਵ-ਪ੍ਰਵਾਨਿਤ ਅਤੇ ਨਿਰਵਿਵਾਦ ਨੇਤਾ ਰਹੇ ਹਨ। ਉਨ੍ਹਾਂ ਨੂੰ ਇਹ ਸਨਮਾਨ ਦੇ ਕੇ ਆਰਐਲਡੀ ਨੂੰ ਐਨਡੀਏ ਵਿੱਚ ਸ਼ਾਮਲ ਕਰਨ ਤੋਂ ਇਲਾਵਾ ਕਿਸਾਨ ਅੰਦੋਲਨ ਦੀ ਅੱਗ ਨੂੰ ਠੰਡਾ ਕਰਨ ਦਾ ਯਤਨ ਵੀ ਕੀਤਾ ਗਿਆ ਹੈ।

**ਨਰਸਿਮ੍ਹਾ ਰਾਓ ਤੋਂ ਮਾਰਕੀਟ ਦਾ ਮੰਤਰ**

1991 ਤੋਂ 1996 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਪੀਵੀ ਨਰਸਿਮਹਾ ਰਾਓ ਨੇ ਆਪਣੇ (ਬਾਕੀ ਸਫ਼ਾ 30 'ਤੇ)

### ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦੇ ਐਲਾਨ 'ਤੇ ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਔਖੀ

ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਕਿਹਾ ਕਿ ਭਾਰਤ ਸਰਕਾਰ ਨੇ ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਐਲਾਨ ਕਰਕੇ ਬਹੁਤ ਹੀ ਗਲਤ ਫੈਸਲਾ ਲਿਆ ਹੈ। ਉਹ ਆਪਣੀ ਗਲਤੀ ਸੁਧਾਰੇ ਅਤੇ ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਐਲਾਨ ਵਾਪਸ ਲਵੇ। ਨਹੀਂ ਤਾਂ ਇਸ ਫੈਸਲੇ ਦੀ ਗੂੰਜ ਪੂਰੀ ਦੁਨੀਆ ਵਿੱਚ ਉੱਚੀ-ਉੱਚੀ ਸੁਣਾਈ ਦੇਵੇਗੀ।

ਉਨ੍ਹਾਂ ਕਿਹਾ ਹੈ ਕਿ ਨਵੰਬਰ 1984 ਵਿੱਚ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਵਿੱਚ ਭਾਰਤ ਦੇ ਤਤਕਾਲੀ ਗ੍ਰਹਿ ਮੰਤਰੀ ਨਰਸਿਮਹਾ ਰਾਓ ਦੀ ਵੱਡੀ ਭੂਮਿਕਾ ਸੀ। ਉਸ ਸਮੇਂ ਮਰਹੂਮ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਅਤੇ ਸਾਰੇ ਵਿਰੋਧੀ ਨੇਤਾਵਾਂ ਨੇ ਵਾਰ-ਵਾਰ ਨਰਸਿਮਹਾ ਰਾਓ ਦੀ ਆਲੋਚਨਾ ਕੀਤੀ। ਟੈਲੀਫੋਨ 'ਤੇ ਮਿਲਣ ਦਾ ਸਮਾਂ ਮੰਗਦੇ ਰਹੇ ਪਰ ਨਰਸਿਮਹਾ ਰਾਓ ਨੇ ਲੰਬੇ ਸਮੇਂ ਬਾਅਦ ਮਿਲਣ ਦਾ ਸਮਾਂ ਦਿੱਤਾ। ਜਦੋਂ ਨਰਸਿਮਹਾ ਰਾਓ ਨੇ ਵਿਰੋਧੀ ਨੇਤਾਵਾਂ ਨਾਲ ਮੁਲਾਕਾਤ ਕੀਤੀ, ਸਾਰੇ ਵਿਰੋਧੀ ਨੇਤਾਵਾਂ ਨੇ ਨਰਸਿਮਹਾ ਰਾਓ ਨੂੰ (ਬਾਕੀ ਸਫ਼ਾ 30 'ਤੇ)

# ਮੋਦੀ ਵੱਲੋਂ ਭਾਰਤ ਰਤਨਾਂ ਦਾ ਮੀਂਹ ਪਾਉਣ ਪਿਛੇ ਕੀ ਹੈ ਸਿਆਸਤ ?

ਨਵੀਂ ਦਿੱਲੀ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਦੇ ਐਨ ਪਹਿਲਾਂ ਬੀਤੇ ਦਿਨੀਂ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ ਅਤੇ ਖੇਤੀ ਵਿਗਿਆਨੀ ਐੱਮ. ਐੱਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ। ਇਹ ਤਿੰਨਾਂ ਦਾ ਸਨਮਾਨ ਚੋਣ ਰਣਨੀਤੀ ਤਹਿਤ ਕੀਤਾ ਗਿਆ। ਮੋਦੀ ਸਰਕਾਰ ਜਨਵਰੀ ਤੋਂ ਹੁਣ ਤੱਕ ਪੰਜ ਸ਼ਖਸੀਅਤਾਂ ਨੂੰ ਭਾਰਤ ਰਤਨ ਦੇ ਚੁੱਕੀ ਹੈ। ਇਸ ਪਿੱਛੇ ਸਿਆਸੀ ਲਾਹਾ ਖੱਟਣ ਦਾ ਮਨਸੂਬਾ ਇਸ ਤੱਥ ਤੋਂ ਸਾਫ ਹੁੰਦਾ ਹੈ ਕਿ ਭਾਰਤ ਰਤਨਾਂ ਦਾ ਐਲਾਨ ਤਿੰਨ ਕਿਸ਼ਤਾਂ




ਵਿੱਚ ਕੀਤਾ ਗਿਆ, ਮਗਰਲੇ ਤਿੰਨ ਭਾਰਤ ਰਤਨ ਪੱਛਮੀ ਯੂ ਪੀ, ਤੇਲਗੂ ਭਾਸ਼ੀ ਤਿਲੰਗਾਨਾ-ਆਂਧਰਾ ਤੇ ਤਾਮਿਲਨਾਡੂ ਦੇ ਵਿਅਕਤੀਆਂ ਨੂੰ ਦਿੱਤੇ ਗਏ ਹਨ। ਇਨ੍ਹਾਂ ਖੇਤਰਾਂ ਵਿੱਚ ਭਾਜਪਾ ਦੀ ਬਹੁਤੀ ਪੈਠ ਨਹੀਂ ਅਤੇ ਮੋਦੀ ਨੇ 400 ਸੀਟਾਂ ਟਪਾਉਣ ਦੀ ਆਪਣੀ ਭਵਿੱਖਬਾਣੀ ਸਹੀ ਸਾਬਤ ਕਰਨ ਲਈ ਇਨ੍ਹਾਂ ਤਿੰਨ ਗੈਰ-ਭਾਜਪਾਈਆਂ ਦੀ ਚੋਣ ਕੀਤੀ, ਜਿਨ੍ਹਾਂ ਦੀ ਆਪਣੇ ਖੇਤਰਾਂ ਵਿਚ ਕਾਫੀ ਇੱਜ਼ਤ ਰਹੀ ਹੈ। ਇਸ ਤੋਂ ਪਹਿਲਾਂ ਸਭ ਤੋਂ ਵੱਧ ਚਾਰ ਭਾਰਤ ਰਤਨ ਵਾਜਪਾਈ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਵੇਲੇ ਦਿੱਤੇ ਗਏ ਸਨ।

ਮੋਦੀ ਨੇ ਪਹਿਲਾਂ ਪੱਛਮੀ ਯੂ.ਪੀ. ਦੇ ਚੌਧਰੀ ਚਰਨ ਸਿੰਘ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ, ਜਿਹੜੇ 1979-80 ਵਿੱਚ ਪ੍ਰਧਾਨ ਮੰਤਰੀ ਰਹੇ ਤੇ ਜਿਨ੍ਹਾਂ ਨੂੰ ਕਿਸਾਨਾਂ ਦੇ ਹੱਕਾਂ ਦਾ ਚੈਂਪੀਅਨ ਕਿਹਾ ਜਾਂਦਾ ਸੀ। ਭਾਜਪਾ ਆਗੂ ਚੌਧਰੀ ਚਰਨ ਸਿੰਘ ਦੇ ਪੋਤਰੇ ਜਯੰਤ ਚੌਧਰੀ ਨੂੰ ਆਪਣੇ ਨਾਲ ਰਲਾਉਣ ਲਈ ਸਰਗਰਮ ਸਨ, ਤਾਂ ਜੋ ਖਿੱਤੇ ਵਿੱਚ ਵੱਧ ਸੀਟਾਂ ਜਿੱਤੀਆਂ ਜਾ ਸਕਣ। ਦਾਦੇ ਨੂੰ ਭਾਰਤ ਰਤਨ ਦੇ ਐਲਾਨ ਤੋਂ ਬਾਅਦ ਜਯੰਤ ਚੌਧਰੀ ਨੇ ਕਿਹਾ ਕਿ ਤੁਸੀਂ ਮੇਰਾ ਦਿਲ ਜਿੱਤ ਲਿਆ। ਨਾਲ ਹੀ ਜਯੰਤ ਨੇ ਇੰਡੀਆ ਬਲਾਕ ਨੂੰ ਛੱਡ ਕੇ ਐੱਨ ਡੀ ਏ ਵਿੱਚ ਸ਼ਾਮਲ ਹੋਣ ਦਾ ਸਪੱਸ਼ਟ ਇਸ਼ਾਰਾ ਕਰ ਦਿੱਤਾ।

ਮੋਦੀ ਨੇ ਦੂਜਾ ਐਲਾਨ ਨਰਸਿਮ੍ਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਕੀਤਾ। ਰਾਓ ਦੇ ਦੌਰ ਵਿੱਚ ਹੀ ਬਾਬਰੀ ਮਸਜਿਦ ਦਾ ਢਾਂਚਾ ਢਾਹਿਆ ਗਿਆ ਸੀ। ਰਾਓ ਨੂੰ ਭਾਰਤ ਰਤਨ ਦੇਣ ਦੇ ਐਲਾਨ ਤੋਂ ਕੁਝ ਦਿਨ ਪਹਿਲਾਂ ਹੀ ਰਾਮ ਮੰਦਰ ਦਾ ਅੰਦੋਲਨ ਚਲਾਉਣ ਵਾਲੇ ਸਾਬਕਾ ਉਪ ਪ੍ਰਧਾਨ ਮੰਤਰੀ ਅਡਵਾਨੀ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਗਿਆ ਸੀ। ਰਾਓ ਤੇ ਅਡਵਾਨੀ ਨੂੰ ਭਾਰਤ ਰਤਨ ਦੇਣ ਨੂੰ ਇਸ ਸੰਦਰਭ ਵਿੱਚ ਵੀ ਦੇਖਿਆ ਜਾ ਸਕਦਾ ਹੈ ਕਿ ਮੋਦੀ ਨੇ 22 ਜਨਵਰੀ ਨੂੰ ਅਯੁੱਧਿਆ ਵਿਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ। ਮੋਦੀ ਰਾਮ ਮੰਦਰ ਦਾ ਚੋਣਾਂ ਵਿੱਚ ਲਾਹਾ ਲੈਣ ਦਾ ਕੋਈ ਮੌਕਾ ਨਹੀਂ ਖੁੰਝਾ ਰਹੇ। ਇਸ ਸਾਲ ਦਾ ਪਹਿਲਾ ਭਾਰਤ ਰਤਨ 23 ਜਨਵਰੀ ਨੂੰ ਬਿਹਾਰ ਦੇ ਮੁੱਖ ਮੰਤਰੀ ਰਹੇ ਸੋਸ਼ਲਿਸਟ ਆਗੂ ਕਰਪੂਰੀ ਠਾਕੁਰ ਨੂੰ ਦਿੱਤਾ ਗਿਆ ਸੀ ਤੇ ਉਸ ਦੇ ਕੁਝ ਦਿਨਾਂ ਬਾਅਦ ਮੁੱਖ ਮੰਤਰੀ ਨਿਤੀਸ਼ ਕੁਮਾਰ ਇੰਡੀਆ ਬਲਾਕ ਛੱਡ ਕੇ ਐੱਨ. ਡੀ. ਏ. ਵਿੱਚ ਪਰਤ ਗਏ।

# ਲੋਕ ਸਭਾ ਚੋਣਾਂ 'ਤੇ ਕਿੰਨਾਂ ਕੁ ਪ੍ਰਭਾਵ ਪਾਵੇਗਾ ਡੇਰਾਵਾਦ



## ਪੰਜਾਬ ਵਿੱਚ ਹਨ 9,000 ਤੋਂ ਵੱਧ ਡੇਰੇ



ਡੇਰੇ ਜਾਂ ਸੰਪਰਦਾ ਪੰਜਾਬ ਲਈ ਕੋਈ ਨਵੀਂ ਗੱਲ ਨਹੀਂ ਹੈ। ਆਉਣ ਵਾਲੀਆਂ ਲੋਕ ਸਭਾ 'ਤੇ ਨਜ਼ਰ ਰੱਖਦਿਆਂ ਸਿਆਸੀ ਲੀਡਰ ਡੇਰਿਆਂ ਵੱਲ ਰੁਖ ਕਰ ਰਹੇ ਹਨ, ਜਿੱਥੇ ਡੇਰੇ ਦੇ ਗੁਰੂ ਦੀ ਬਖਸ਼ਿਸ਼ ਦਾ ਮਤਲਬ ਵੱਡੀ ਗਿਣਤੀ 'ਚ ਵਚਨਬੱਧ ਵੋਟਾਂ ਮਿਲ ਸਕਦੀਆਂ ਹਨ।

ਪੰਜਾਬ ਵਿੱਚ ਸੰਪਰਦਾਵਾਂ ਅਤੇ ਡੇਰੇ ਇੱਕ ਹਕੀਕਤ ਹਨ, ਭਾਵੇਂ ਪੰਜਾਬ ਵਿੱਚ ਅਸਲ ਵਿੱਚ ਕਿੰਨੇ ਡੇਰੇ ਮੌਜੂਦ ਹਨ, ਇਸ ਬਾਰੇ ਕੋਈ ਅੰਕੜਾ ਨਹੀਂ ਹੈ, ਪਰ ਸਿੱਖ ਵਿਦਵਾਨਾਂ ਅਤੇ ਮੋਟੇ ਅੰਦਾਜ਼ੇ ਅਨੁਸਾਰ ਇਹ ਗਿਣਤੀ 9,000 ਦੇ ਕਰੀਬ ਹੈ।

ਰਾਜਨੀਤੀ ਸ਼ਾਸਤਰੀ ਪ੍ਰੋ.ਫ਼ੈਸਰ ਸੰਤੋਖ ਸਿੰਘ ਕਹਿੰਦੇ ਹਨ, ਇਨ੍ਹਾਂ ਡੇਰਿਆਂ ਦਾ ਸੱਤਾ ਦੀਆਂ ਕੁਰਸੀਆਂ ਤੱਕ ਪਹੁੰਚਣਾ ਮੁੱਖ ਤੌਰ 'ਤੇ ਇਸ ਤੱਥ ਦਾ ਕਾਰਨ ਹੈ ਕਿ ਸਿੱਖ ਧਰਮ ਨੇ ਆਪਣੇ ਆਧੁਨਿਕ ਰੂਪ ਵਿੱਚ ਨੀਵੀਆਂ ਜਾਤਾਂ ਦੇ ਸਿੱਖਾਂ ਨੂੰ ਸਵੀਕਾਰ ਨਹੀਂ ਕੀਤਾ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਛੂਤ-ਛਾਤ ਦੇ ਵਿਰੁੱਧ ਬੋਲਿਆ ਸੀ ਅਤੇ ਬਰਾਬਰੀ ਦਾ ਪ੍ਰਚਾਰ ਕੀਤਾ ਸੀ ਜਦੋਂ ਉਨ੍ਹਾਂ ਨੇ ਇੱਕ ਨੂਰ ਤੇ ਸਭ ਜਗ ਉਪਜਿਆ (ਸਾਰਾ ਸੰਸਾਰ ਇੱਕੋ ਪ੍ਰਕਾਸ਼ ਤੋਂ ਪੈਦਾ ਹੋਇਆ ਹੈ) ਕਿਹਾ ਸੀ। ਇਸ ਲਈ ਜਿੱਥੇ ਸਿੱਖ ਧਰਮ ਅਤੇ ਇਸ ਦੇ ਆਗੂ ਫੇਲ ਹੋਏ, ਉੱਥੇ ਇਹ ਡੇਰੇ ਉਸ ਖਲਾਅ ਨੂੰ ਭਰਨ ਲਈ ਉਭਰ ਕੇ ਸਾਹਮਣੇ ਆਏ ਜਿੱਥੇ ਸਾਰਿਆਂ ਨੂੰ ਖੁੱਲ੍ਹੇਆਮ ਸੱਦਾ ਦਿੱਤਾ ਗਿਆ।



ਪ੍ਰਸਿੱਧ ਸਿੱਖ ਵਿਦਵਾਨ ਡਾ: ਦਰਸ਼ਨ ਸਿੰਘ ਦੱਸਦੇ ਹਨ: ਨਿਰਮਲਾ, ਰਵਿਦਾਸੀਆ ਅਤੇ ਇੱਥੋਂ ਤੱਕ ਕਿ ਟਕਸਾਲ ਵਰਗੇ ਡੇਰੇ ਵੀ ਸਿੱਖ ਧਰਮ ਜਿੰਨੇ ਪੁਰਾਣੇ ਹਨ। ਟਕਸਾਲ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਰਾਜ ਦੌਰਾਨ ਉਭਰੀ ਸੀ। ਜਦੋਂ ਕਿ ਮੌਜੂਦਾ ਸਮੇਂ ਵਿੱਚ ਡੇਰਾ ਸੱਚਾ ਸੌਦਾ ਵਰਗੇ ਵਪਾਰਕ ਡੇਰੇ ਸੁਰਖੀਆਂ ਵਿੱਚ ਹਨ, ਅਜਿਹੇ ਡੇਰੇ 60ਵਿਆਂ ਦੇ ਅਖੀਰ ਅਤੇ 70ਵਿਆਂ ਦੇ ਸ਼ੁਰੂ ਵਿੱਚ ਉਸ ਸਮੇਂ ਸੁਰਖੀਆਂ ਵਿੱਚ ਆਏ ਜਦੋਂ ਸ਼੍ਰੋਮਣੀ ਕਮੇਟੀ ਵਰਗੀਆਂ ਸਿੱਖ ਸੰਸਥਾਵਾਂ ਲੋਕਾਂ ਖਾਸ ਕਰਕੇ ਸਿੱਖਾਂ ਨਾਲ ਸਬੰਧਿਤ ਮੁੱਦਿਆਂ ਨੂੰ ਹੱਲ ਕਰਨ ਵਿੱਚ ਅਸਫਲ ਰਹੀਆਂ।



ਪ੍ਰਸਿੱਧ ਸਿੱਖ ਵਿਦਵਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਭ ਤੋਂ ਲੰਬੇ ਸਮੇਂ ਤੱਕ ਪ੍ਰਧਾਨ ਰਹੇ ਮਰਹੂਮ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਸਾਥੀ ਡਾ: ਬਲਕਾਰ ਸਿੰਘ ਅਨੁਸਾਰ ਡੇਰੇ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਵਿਅਕਤੀ ਦੁਆਰਾ ਚਲਾਇਆ ਜਾਣ ਵਾਲਾ ਸਥਾਨ ਹੈ। ਅਜਿਹੀਆਂ ਸੰਸਥਾਵਾਂ ਰਾਜ ਭਰ ਵਿੱਚ ਫੈਲੀਆਂ ਹੋਈਆਂ ਹਨ। ਮੈਨੂੰ ਯਾਦ ਹੈ ਕਿ ਮੈਂ ਟੌਹੜਾ ਸਾਹਬ ਨੂੰ ਮਜ਼ਾਕ ਵਿੱਚ ਕਿਹਾ ਸੀ ਕਿ ਜੇ ਉਹ ਇਜਾਜ਼ਤ ਦੇ ਦੇਣ ਤਾਂ ਉਨ੍ਹਾਂ ਦੇ ਨਾਂ 'ਤੇ ਵੀ ਡੇਰਾ ਬਣੇਗਾ। ਡੇਰਾਵਾਦ ਇਸ ਕਾਰਨ ਵੀ ਪ੍ਰਫੁੱਲਤ ਹੋਇਆ ਕਿਉਂਕਿ ਸ੍ਰੋਮਣੀ ਕਮੇਟੀ ਮਹਿਜ਼ ਇੱਕ ਪ੍ਰਬੰਧਕੀ ਸੰਸਥਾ ਬਣ ਗਈ ਅਤੇ ਅਕਾਲ ਤਖ਼ਤ ਵੀ। ਇਹ ਦੋਵੇਂ ਸੰਸਥਾਵਾਂ, ਜਿਨ੍ਹਾਂ ਨੇ ਸਿੱਖਾਂ ਨੂੰ ਅਧਿਆਤਮਿਕ ਮਾਰਗਦਰਸ਼ਨ ਪ੍ਰਦਾਨ ਕਰਨਾ ਸੀ, ਦਾ ਬਹੁਤ ਜ਼ਿਆਦਾ ਸਿਆਸੀਕਰਨ ਕੀਤਾ ਗਿਆ ਅਤੇ ਪੰਜਾਬ ਦੇ ਲੋਕ ਦਿਲਾਸੇ ਲਈ ਡੇਰਿਆਂ ਵੱਲ ਮੁੜੇ।

ਡੇਰਾ ਸੱਚਾ ਸੌਦਾ: ਹਰਿਆਣਾ ਆਧਾਰਿਤ ਇਸ ਡੇਰੇ ਦਾ ਦਾਅਵਾ ਹੈ ਕਿ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਇਸ ਦੇ ਚਾਰ ਕਰੋੜ ਪੈਰੋਕਾਰ ਹਨ। ਪੰਜਾਬ ਵਿੱਚ, ਮਾਲਵਾ ਖੇਤਰ ਵਿੱਚ ਅਤੇ ਖਾਸ ਕਰਕੇ ਦਲਿਤ ਸਿੱਖਾਂ ਵਿੱਚ ਇਸਦਾ ਪ੍ਰਭਾਵ ਹੈ। ਡੇਰੇ ਦਾ ਮੁਖੀ ਵਿਵਾਦਤ ਗੁਰੂ ਗੁਰਮੀਤ ਰਾਮ ਰਹੀਮ ਹੈ, ਜੋ ਬਲਾਤਕਾਰ ਅਤੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਕਿਹਾ ਜਾਂਦਾ ਹੈ ਕਿ ਡੇਰੇ ਨੇ 2007 ਦੀਆਂ ਚੋਣਾਂ ਵਿੱਚ ਮਾਲਵਾ ਜਿੱਤਣ ਵਿੱਚ ਕਾਂਗਰਸ ਦੀ ਮਦਦ ਕੀਤੀ ਸੀ। ਕਾਂਗਰਸ ਦੇ ਸੀਨੀਅਰ ਆਗੂ ਹਰਮਿੰਦਰ ਸਿੰਘ ਜੱਸੀ ਡੇਰਾ ਮੁਖੀ ਦੇ ਕਰੀਬੀ ਰਿਸ਼ਤੇਦਾਰ ਹਨ। ਹਾਲਾਂਕਿ, ਜਦੋਂ ਕੱਟੜਪੰਥੀ ਸਿੱਖਾਂ ਅਤੇ ਸਿੱਖ ਸੰਗਠਨਾਂ ਨੇ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਕੇ ਡੇਰਾ ਪੈਰੋਕਾਰਾਂ ਦਾ ਵਿਰੋਧ ਕੀਤਾ, ਤਾਂ ਕਾਂਗਰਸ ਡੇਰਾ ਪੈਰੋਕਾਰਾਂ ਦੀ ਰੱਖਿਆ ਕਰਨ ਤੋਂ ਪਿੱਛੇ ਹਟ ਗਈ। 2009 ਦੀਆਂ ਲੋਕ ਸਭਾ ਚੋਣਾਂ ਵਿੱਚ ਡੇਰੇ ਨੇ, ਜਿਸ ਨੇ ਹੁਣ ਤੱਕ ਅਕਾਲੀਆਂ ਨਾਲ ਸਮਝੌਤਾ ਕਰ ਲਿਆ ਸੀ, ਕਿਹਾ ਜਾਂਦਾ ਹੈ ਕਿ ਬਾਦਲ ਦੀ ਨੂੰਹ ਹਰਸਿਮਰਤ ਕੌਰ ਨੇ ਬਠਿੰਡਾ ਸੀਟ ਜਿੱਤ ਲਈ ਸੀ, ਜਦਕਿ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।



ਰਾਧਾ ਸੁਆਮੀ ਸਤਿਸੰਗ (ਬਿਆਸ): ਆਮ ਤੌਰ 'ਤੇ ਡੇਰਾ ਬਿਆਸ ਦੇ ਨਾਂ ਨਾਲ ਜਾਣੇ ਜਾਂਦੇ ਇਸ ਡੇਰੇ ਦਾ ਦੋਆਬਾ ਅਤੇ ਮਾਝਾ ਖੇਤਰਾਂ ਵਿੱਚ ਪ੍ਰਭਾਵ ਹੈ। ਆਪਣੇ ਪਹਿਲੇ ਗੁਰੂ ਬਾਬਾ ਜੈਮਲ ਸਿੰਘ ਜੀ ਮਹਾਰਾਜ ਨਾਲ 1891 ਵਿੱਚ ਡੇਰਾ ਹੋਂਦ ਵਿੱਚ ਆਇਆ ਸੀ। ਵਰਤਮਾਨ ਵਿੱਚ, ਪੂਰੀ ਦੁਨੀਆ ਵਿੱਚ ਇਸਦੇ ਪੈਰੋਕਾਰ ਹਨ। ਇਸ ਦੀਆਂ ਸਿੱਖਿਆਵਾਂ ਵੱਖ-ਵੱਖ ਧਰਮਾਂ ਤੋਂ ਲਈਆਂ ਗਈਆਂ ਹਨ ਅਤੇ ਜਦੋਂ ਕਿ ਡੇਰੇ ਦਾ ਕੋਈ ਸਿਆਸੀ ਸਬੰਧ ਨਾ ਹੋਣ ਦਾ ਦਾਅਵਾ ਹੈ, ਹਾਲਾਂਕਿ ਇਸ ਡੇਰੇ ਦੇ ਪੈਰੋਕਾਰਾਂ ਦੀ ਵੀ ਵੱਡੀ ਗਿਣਤੀ ਹੈ। ਕਿਸੇ ਸਮੇਂ ਕਾਂਗਰਸ ਦਾ ਗੜ੍ਹ ਮੰਨੇ ਜਾਂਦੇ ਡੇਰੇ ਨੇ ਇੱਕ ਵਾਰ ਸੁਖਬੀਰ ਸਿੰਘ ਬਾਦਲ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਦੇ ਵਿਆਹ ਕਾਰਨ ਅਕਾਲੀਆਂ ਵੱਲ ਆਪਣੀ ਵਫ਼ਾਦਾਰੀ ਬਦਲ ਲਈ ਸੀ। ਮਜੀਠੀਆ ਦੀ ਪਤਨੀ ਗਨੀਵ ਗਰੇਵਾਲ, ਜੋ ਹੁਣ ਮਜੀਠੀਆ ਹੈ, ਸਾਬਕਾ ਡੇਰਾ ਮੁਖੀ ਚਰਨ ਸਿੰਘ ਦੇ ਪਰਿਵਾਰ ਵਿੱਚੋਂ ਹੈ। ਮੌਜੂਦਾ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਚਰਨ ਸਿੰਘ ਦੇ ਪਰਿਵਾਰ ਦਾ ਬਹੁਤ ਸਤਿਕਾਰ ਕਰਦੇ ਹਨ।

ਇਸ ਸਮੇਂ ਹਰ ਪਾਸੇ ਲੋਕ ਸਭਾ ਚੋਣਾਂ ਦੀ ਚਰਚਾ ਹੋ ਰਹੀ ਹੈ, ਇਸ ਕਰਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਕਰ ਰਹੇ ਹਨ। ਲੋਕ ਸਭਾ ਚੋਣਾਂ ਦੌਰਾਨ ਵੋਟਾਂ ਪੱਕੀਆਂ ਕਰਨ ਲਈ ਕਈ ਸਿਆਸੀ ਆਗੂ ਵੱਖ ਵੱਖ ਡੇਰਿਆਂ 'ਚ ਜਾ ਕੇ ਡੇਰਾ ਮੁਖੀਆਂ ਨੂੰ ਮਿਲ ਰਹੇ ਹਨ ਅਤੇ ਡੇਰੇ ਦਾ ਸਹਿਯੋਗ ਮੰਗ ਰਹੇ ਹਨ। ਇਹ ਡੇਰਾਵਾਦ ਪੰਜਾਬ ਅਤੇ ਭਾਰਤ ਦੀ ਸਿਆਸਤ 'ਤੇ ਕਿੰਨਾ ਕੁ ਪ੍ਰਭਾਵ ਪਾਉਣਗੇ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।







ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

# ਸੰਪਾਦਕੀ

14 ਤੋਂ 20 ਫਰਵਰੀ, 2024

## ਕਿਸਾਨ ਫੇਰ ਦਿੱਲੀ ਵੱਲ ਨੂੰ

2020 ਵਿੱਚ ਕਰੋਨਾ ਬੰਦ ਦੌਰਾਨ ਇੰਡੀਆ ਸਰਕਾਰ ਨੇ ਇੰਡੀਆ ਦੀ ਵਸੋਂ ਦੇ ਵੱਡੇ ਹਿੱਸੇ ਦੇ ਕਿਸਾਨੀ ਕਿੱਤੇ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨ ਬਣਾ ਕੇ ਵੱਡੀ ਪੱਧਰ 'ਤੇ ਲੋਕਾਂ ਦਾ ਵਿਰੋਧ ਸਹੇੜ ਲਿਆ ਸੀ। ਪੰਜਾਬ ਅਤੇ ਹੋਰਨਾਂ ਰਾਜਾਂ ਦੀਆਂ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਦੇ ਵਿਰੋਧ ਦੌਰਾਨ ਬਹੁਤ ਮਿੱਠੇ ਕੌੜੇ ਤਜ਼ਰਬੇ ਅਤੇ ਮੌਕੇ ਹਾਸਲ ਕੀਤੇ ਸਨ। ਪਹਿਲਾਂ ਕਿਸਾਨ ਜਥੇਬੰਦੀਆਂ ਸਿਰਫ਼ ਰਾਜ ਸਰਕਾਰਾਂ ਨਾਲ ਹੀ ਵਿਰੋਧ ਵਿੱਚ ਰਹਿੰਦੀਆਂ ਸਨ, ਕੇਂਦਰ ਦੁਆਰਾ ਰਾਜ ਸਰਕਾਰਾਂ ਦੇ ਉੱਪਰ ਦੀ ਹੋ ਕੇ ਖੇਤੀ ਦੇ ਕਿੱਤੇ ਨਾਲ ਜੁੜੇ ਕਾਨੂੰਨਾਂ ਨੂੰ ਹੱਥ ਵਿੱਚ ਲੈਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਲਈ ਦਿੱਲੀ ਜਾਣਾ ਇੱਕ ਮਜਬੂਰੀ ਬਣ ਗਿਆ ਸੀ। ਭਾਵੇਂ ਉਸ ਵੇਲੇ ਅਣਮੰਨੇ ਜਿਹੇ ਮਨ ਨਾਲ ਕਿਸਾਨ ਆਗੂ ਅਤੇ ਜਥੇਬੰਦੀਆਂ ਹੌਲੀ-ਹੌਲੀ ਦਿੱਲੀ ਨੂੰ ਵਧਣ ਲੱਗੀਆਂ ਸਨ, ਪਰ ਪੰਜਾਬ ਹਰਿਆਣਾ ਦੇ ਲੋਕਾਂ ਨੇ ਇਹਨਾਂ ਕਾਨੂੰਨਾਂ ਦੇ ਵਾਪਸ ਕਰਵਾਉਣ ਅਤੇ ਦਿੱਲੀ ਜਾਣ ਦੇ ਸੱਦੇ ਨੂੰ ਖੁੱਲ੍ਹੇ ਦਿਲ ਨਾਲ ਕਬੂਲਿਆ। ਆਪ ਮੁਹਾਰਾ ਲੋਕਾਂ ਦਾ ਇਕੱਠ ਅਤੇ ਸਿੱਖ ਰਵਾਇਤ ਅਨੁਸਾਰੀ ਪ੍ਰੇਰਣਾ ਨਾਲ ਕਿਸਾਨਾਂ ਅਤੇ ਲੋਕਾਂ ਦੇ ਇਹ ਇਕੱਠ ਸਿੱਖ ਰਵਾਇਤੀ ਸ਼ਬਦ ਸੰਗਤ ਨਾਲ ਸੰਬੋਧਿਤ ਹੋਣ ਲੱਗ ਪਏ ਸਨ। ਸੰਗਤ ਦੇ ਉਦਮ, ਲੋਕਾਂ ਦੇ ਬੇਹਿਸਾਬਾ ਪਿਆਰ ਨਾਲ ਦਿੱਲੀ ਜਾਣ ਵਾਲਾ ਰਾਹ ਪੱਧਰਾ ਕੀਤਾ ਜਾਣ ਲੱਗ ਪਿਆ। ਸਰਕਾਰ ਦੀ ਬੇਵਸੀ ਵਾਰ-ਵਾਰ ਪ੍ਰਗਟ ਹੋਈ, ਜਦੋਂ ਹਰ ਮੋਰਚੇ ਅਤੇ ਹਰ ਮੁਕਾਮ 'ਤੇ ਸਰਕਾਰ ਅਤੇ ਉਸਦੇ ਵਫਾਦਾਰਾਂ ਨੂੰ ਸੰਗਤ ਨੇ ਰੋਲ ਕੇ ਰੱਖ ਦਿੱਤਾ। ਇਸ ਦੌਰਾਨ ਬੜੇ ਉਤਰਾਅ ਚੜ੍ਹਾਅ ਆਏ, ਆਖਰ ਤਿੰਨ ਕਾਨੂੰਨਾਂ ਦੀ ਵਾਪਸੀ ਹੋਈ, ਕੁਝ ਹੋਰ ਸ਼ਰਤਾਂ ਸਰਕਾਰ ਨੇ ਮੰਨਣੀਆਂ ਮੰਨੀਆਂ ਅਤੇ ਕਿਸਾਨ ਵਾਪਸ ਘਰੋਂ ਘਰੀਂ ਪਰਤ ਆਏ।

ਜਿਸ ਤਰ੍ਹਾਂ ਹੋਇਆ ਕਰਦਾ ਹੈ, ਸਰਕਾਰ ਵੱਲੋਂ ਮੰਨੀਆਂ ਗਈਆਂ ਸ਼ਰਤਾਂ ਉੱਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਸਰਕਾਰ ਨੇ ਕੋਈ ਕੰਮ ਸ਼ੁਰੂ ਨਹੀਂ ਕੀਤਾ। ਹੁਣ ਦੁਬਾਰਾ ਤੋਂ ਕਿਸਾਨਾਂ ਨੇ ਦਿੱਲੀ ਜਾਣ ਲਈ ਜਦੋਂਜਹਿਦ ਸ਼ੁਰੂ ਕੀਤੀ ਹੈ। ਬਹੁਤ ਸਾਲਾਂ ਤੋਂ ਕੇਂਦਰ ਨੇ ਕਾਨੂੰਨੀ ਬਦਲਾਅ ਕਰਦਿਆਂ ਖੇਤੀ ਨਾਲ ਸਬੰਧਿਤ ਹੱਕਾਂ ਨੂੰ ਸੂਬਿਆਂ ਤੋਂ ਖੋਹ ਕੇ ਆਪਣੇ ਅਖਤਿਆਰ ਵਿੱਚ ਕਰ ਲਿਆ ਹੈ। ਰਾਜ ਸਰਕਾਰਾਂ ਦੀ ਤਾਕਤ ਹੁਣ ਓਨੀ ਨਹੀਂ ਰਹੀ ਕਿ ਕਿਸਾਨਾਂ ਨਾਲ ਸਬੰਧਿਤ ਫੈਸਲੇ ਲੈ ਸਕਣ, ਪਿਛਲੇ ਮੋਰਚੇ ਤੋਂ ਬਾਅਦ ਕਿਸਾਨਾਂ ਦਾ ਦਿੱਲੀ ਜਾਣ ਦਾ ਝਾਕਾ ਖੁੱਲ੍ਹ ਗਿਆ ਹੈ ਅਤੇ ਤਜ਼ਰਬਾ ਵੱਧ ਗਿਆ ਹੈ। ਕਿਸਾਨ ਆਗੂ ਵਧੇਰੇ ਆਤਮ ਵਿਸ਼ਵਾਸ, ਸਹਿਜ ਅਤੇ ਠਰੰਮੇ ਨਾਲ ਆਪਣੀ ਗੱਲ ਰੱਖ ਰਹੇ ਹਨ, ਕਿਸਾਨ ਵੀ ਵਧੇਰੇ ਇੱਕਜੁਟ, ਅਨੁਸ਼ਾਸ਼ਿਤ, ਗੰਭੀਰ ਅਤੇ ਦ੍ਰਿੜ ਨਜ਼ਰ ਆਉਂਦੇ ਹਨ। ਬੇਸ਼ੱਕ ਸਰਕਾਰ ਨੇ ਵੀ ਇਸ ਤੋਂ ਬਹੁਤ ਕੁਝ ਸਿੱਖਿਆ ਹੈ, ਪਿਛਲੀ ਵਾਰ ਦੇ ਬਜਾਏ ਵਧੇਰੇ ਪੁਖਤਾ ਪ੍ਰਬੰਧ ਅਤੇ ਨਾਕਿਆਂ ਦੀਆਂ ਕਈ ਰੋਕਾਂ ਪੰਜਾਬ ਤੋਂ ਦਿੱਲੀ ਤੱਕ ਵਿਛਾਈਆਂ ਹਨ, ਇਸ ਮੋਰਚੇ ਨੂੰ ਜੰਗ ਦੀ ਤਰ੍ਹਾਂ ਲੈਂਦੇ ਹੋਏ ਕੁਦਰਤੀ ਰੋਕਾਂ, ਦਰਿਆਵਾਂ ਦਾ ਸਹਾਰਾ ਲਿਆ ਹੈ। ਪੁਲਿਸ ਕਰਮਚਾਰੀਆਂ ਨੂੰ ਹਰ ਤਰ੍ਹਾਂ ਦਾ ਹੀਲਾ ਵਰਤਣ ਅਤੇ ਪੂਰੀ ਤਿਆਰੀ ਰੱਖਣ ਦੇ ਲਈ ਕਿਹਾ ਹੈ। ਪਿਛਲੀ ਵਾਰ ਦੀ ਬਜਾਏ ਸਰਕਾਰ ਕਿਸਾਨਾਂ ਨੂੰ ਇੱਕ ਦਿਨ ਲਈ ਰੋਕਣ ਵਿੱਚ ਕਾਮਯਾਬ ਹੋਈ ਹੈ, ਪਰ ਅੱਗੇ ਸ਼ਾਇਦ ਅਜਿਹਾ ਨਾ ਕਰ ਸਕੇ। ਆਪਣੇ ਆਪ ਨੂੰ ਸਮਰੱਥ ਬਣਾਉਣ ਅਤੇ ਨਵੀਆਂ ਤਕਨਾਲੋਜੀਆਂ ਨੂੰ ਵਰਤਣ ਦਾ ਮੌਕਾ ਨਹੀਂ ਖੁੰਝਾ ਰਹੀ। ਸ਼ੰਭੂ ਸਰਹੱਦ ਉਤੇ ਭੰਬੀਰੀ (ਡਰੋਨ) ਨਾਲ ਪਹਿਲੀ ਵਾਰ ਕਿਸੇ ਅੰਦੋਲਨ ਵਿੱਚ ਹੰਝੂ ਗੈਸ ਦੇ ਗੋਲੇ ਦਾਗੇ ਗਏ ਹਨ। ਹਰਿਆਣੇ ਨਾਲ ਲੱਗਦੀਆਂ ਸੰਭੂ ਅਤੇ ਖਨੌਰੀ ਦੋਵੇਂ ਹੱਦਾਂ 'ਤੇ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ਜ਼ਖਮੀ ਹੋਏ ਹਨ, ਤਾਂ ਵੀ ਕਿਸਾਨ ਚੜ੍ਹਦੀਕਲਾ ਵਿੱਚ ਨਜ਼ਰ ਆ ਰਹੇ ਹਨ ਅਤੇ ਰਬੜ ਦੀਆਂ ਗੋਲੀਆਂ, ਲੋਹੇ ਦੀਆਂ ਕਿੱਲਾਂ, ਸੀਮਿੰਟ ਨਾਲ ਪੱਕੇ ਥੰਮ ਲਗਾ ਕੇ ਵੀ ਸਰਕਾਰ ਦੀ ਬੇਵਸੀ ਜ਼ਾਹਰ ਹੋ ਰਹੀ ਹੈ।

ਇਸ ਸੱਦੇ ਦੀ ਆਵਾਜ਼ ਪਹਿਲਾਂ ਗਿਣਤੀ ਕੁ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਹੀ ਆਈ ਸੀ, ਪਰ ਹੁਣ ਹੋਰ ਜਥੇਬੰਦੀਆਂ ਵੀ ਇਸ ਵਿੱਚ ਜੁੜ ਗਈਆਂ ਹਨ। ਰਾਸ਼ਟਰੀ ਮੀਡੀਆ ਨੇ ਥੋੜ੍ਹੀ ਨਰਮ ਸੁਰ ਵਿੱਚ ਹੀ ਕਿਸਾਨਾਂ ਦੇ ਵਿਰੋਧ ਵਿੱਚ ਮੁਹਾਜ਼ ਖੋਲ੍ਹਣਾ ਸ਼ੁਰੂ ਕੀਤਾ ਹੈ, ਸ਼ਾਇਦ ਉਨ੍ਹਾਂ ਨੂੰ ਅਜੇ ਸਪਸ਼ਟ ਦੱਸਿਆ ਨਹੀਂ ਗਿਆ ਕਿ ਹਮਲੇ ਦਾ ਸੁਰ ਕਿੰਨਾ ਕੁ ਤੇਜ਼ ਰੱਖਣਾ ਹੈ।

ਇਸ ਵਾਰ ਕਿਸਾਨਾਂ ਦੀਆਂ ਮੰਗਾਂ ਵਿੱਚ ਸਾਰੀਆਂ ਫ਼ਸਲਾਂ ਦੀ ਖਰੀਦ 'ਤੇ ਐਮ. ਐਸ. ਪੀ. ਗਰੰਟੀ ਕਨੂੰਨ, ਗੰਨੇ ਦਾ ਐਫ਼.ਆਰ.ਪੀ. ਅਤੇ ਐਸ.ਏ.ਪੀ. ਸਵਾਮੀਨਾਥਨ ਅਯੋਗ ਦੇ ਫਾਰਮੂਲੇ ਅਨੁਸਾਰ ਕਰਨ, ਹਲਦੀ ਸਮੇਤ ਸਾਰੇ ਮਸਾਲਿਆਂ ਦੀ ਖਰੀਦ ਲਈ ਰਾਸ਼ਟਰੀ ਅਯੋਗ ਬਣਾਉਣ, ਕਿਸਾਨਾਂ ਅਤੇ ਮਜਦੂਰਾਂ ਦੀ ਸੰਪੂਰਨ ਕਰਜ਼ਾ ਮੁਕਤੀ, ਪਿਛਲੇ ਦਿੱਲੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ, ਭਾਰਤ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਵੇ, ਭਾਰਤ ਦੇ ਕਿਸਾਨਾਂ ਦੀਆ ਫਸਲਾਂ ਦੀ ਪਹਿਲ ਦੇ ਅਧਾਰ 'ਤੇ ਖਰੀਦ ਕੀਤੀ ਜਾਵੇ, 58 ਸਾਲ ਤੋਂ ਵਧੇਰੇ ਉਮਰ ਦੇ ਕਿਸਾਨ ਅਤੇ ਖੇਤ ਮਜਦੂਰ ਲਈ ਪੈਨਸ਼ਨ ਯੋਜਨਾ ਲਾਗੂ ਹੋਵੇ, ਜ਼ਮੀਨ ਐਕਵਾਇਰ ਕਰਨ ਸਬੰਧੀ 2013 ਦੇ ਐਕਟ ਨੂੰ ਓਸੇ ਰੂਪ ਵਿੱਚ ਲਾਗੂ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਦੁਆਰਾ ਸੂਬਿਆਂ ਨੂੰ ਜ਼ਮੀਨ ਐਕਵਾਇਰ ਸਬੰਧੀ ਦਿੱਤੇ ਨਿਰਦੇਸ਼ ਰੱਦ ਕੀਤੇ ਜਾਣ, ਮਨਰੇਗਾ ਤਹਿਤ ਮਿਹਨਤਾਨੇ ਵਿੱਚ ਵਾਧਾ, ਸੰਵਿਧਾਨ ਦੀ 5ਵੀ ਸੂਚੀ ਲਾਗੂ ਕਰਕੇ ਆਦਿਵਾਸੀਆਂ ਦੇ ਅਧਿਕਾਰਾਂ 'ਤੇ ਕੀਤੇ ਜਾ ਰਹੇ ਹਮਲੇ ਬੰਦ ਕੀਤੇ ਜਾਣ ਆਦਿ ਸ਼ਾਮਲ ਹਨ।

ਕਿਸਾਨ ਹੁਣ ਸੰਭੂ ਅਤੇ ਖਨੌਰੀ ਹੱਦਾਂ 'ਤੇ ਰੋਕਾਂ ਹਟਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਹਰਿਆਣਾ ਪੁਲਿਸ ਅਤੇ ਸਰਕਾਰ ਨੇ ਬਹੁਤ ਜ਼ਿਆਦਾ ਸਖ਼ਤੀ ਵਧਾਈ ਹੋਈ ਹੈ, ਪੰਜਾਬ ਦੀ ਹੱਦ ਅੰਦਰ ਤੱਕ ਆ ਕੇ ਉਨ੍ਹਾਂ ਦਾ ਲੋਕਾਂ ਨੂੰ ਰੋਕਣ ਦਾ ਯਤਨ ਹੈ, ਪੰਜਾਬ ਸਰਕਾਰ ਨੂੰ ਇਸ ਸਬੰਧੀ ਸਵਾਲ ਹੋਣ 'ਤੇ ਵੀ ਲੱਗਦਾ ਨਹੀਂ ਕਿ ਪੰਜਾਬ ਸਰਕਾਰ ਹਰਿਆਣਾ ਪੁਲਿਸ ਨੂੰ ਇਧਰ ਆਉਣ ਤੋਂ ਰੋਕ ਸਕੇਗੀ। ਕਿਸਾਨ ਆਪਣੇ ਫੈਸਲੇ 'ਤੇ ਦ੍ਰਿੜ ਹਨ। ਕਿੰਨੀਆਂ ਵੀਡੀਓ ਪਹਿਲੇ ਦਿਨ ਦੀਆਂ ਸਾਹਮਣੇ ਆਈਆਂ ਹਨ ਜਿਸ ਵਿੱਚ ਕਿਸਾਨ ਕਹਿ ਰਹੇ ਹਨ ਕਿ ਮਰਨਾ ਇਕੋ ਵਾਰ ਹੈ, ਇਥੇ ਮਰੇ ਤਾਂ ਪੰਜਾਬ ਦੇ ਲੇਖੇ ਲੱਗਾਂਗੇ ਤੇ ਇਸ ਤੋਂ ਵੱਡੀ ਮਾਣ ਵਾਲੀ ਗੱਲ ਹੋਰ ਕੀ ਹੋ ਸਕੇਗੀ? ਇਸ ਸਭ ਨੇ ਇੱਕ ਵਾਰ ਫਿਰ ਪੰਜਾਬ ਦੀ ਜ਼ਮੀਨੀ ਹਕੀਕਤ ਸਾਹਮਣੇ ਲਿਆਂਦੀ ਹੈ। ਆਪਣੇ ਸਭ ਲਈ ਇਹ ਮੌਕਾ ਦਿੱਲੀ ਖ਼ਿਲਾਫ਼ ਮੋਰਚੇ ਵਿੱਚ ਇਕਜੁਟ ਹੋਣ ਦਾ ਹੈ, ਆਪਸ ਵਿੱਚ ਉਲਝਾਉਣ ਵਾਲੇ ਕਿਸੇ ਵੀ ਬਿਰਤਾਂਤ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਚੋਣਾਂ ਦੇ ਸਮਿਆਂ 'ਚ, ਸੱਭੋ ਕੁਝ ਜਾਇਜ਼



ਗੁਰਮੀਤ ਸਿੰਘ ਪਲਾਹੀ
9815802070



ਦੇਸ਼ 'ਚ ਚੋਣਾਂ ਦਾ ਮੌਸਮ ਆ ਢੁੱਕਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਿੱਤ ਨਵੇਂ ਐਲਾਨ ਹੀ ਨਹੀਂ ਕਰ ਰਹੇ, ਸਗੋਂ ਆਪਣੀ "ਦੋ ਇੰਜਨ" ਸਰਕਾਰ ਵਾਲੇ ਸੂਬਿਆਂ 'ਚ ਜਾ ਕੇ ਨਵੇਂ ਨਵੇਂ "ਵੱਡ ਅਕਾਰੀ, ਵੱਡ ਕਰੋੜੀ" ਪ੍ਰਾਜੈਕਟਾਂ ਦਾ ਉਦਘਾਟਨ ਕਰ ਰਹੇ ਹਨ ਜਾਂ ਨੀਂਹ ਪੱਥਰ ਰੱਖ ਰਹੇ ਹਨ।

ਅਯੁੱਧਿਆ ਵਿਖੇ ਰਾਮ ਮੰਦਰ 'ਚ ਪ੍ਰਧਾਨ ਮੰਤਰੀ ਵੱਲੋਂ ਸ੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਕਰਵਾਈ ਗਈ ਹੈ। ਦੇਸ਼ ਦੀ ਨਾਰੀ ਨੂੰ ਸਮਰਪਿਤ ਬਜ਼ਟ ਦੇਸ਼ ਦੀ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। ਦੇਸ਼ ਦੀਆਂ ਨਾਰੀਆਂ ਨੂੰ ਹੁਣ ਪਹਿਲਾਂ ਨਾਲੋਂ ਵੱਧ ਮਾਣ-ਤਾਣ ਮਿਲੇਗਾ। "ਆਯੁਸ਼ਮਾਨ ਭਾਰਤ ਬੀਮਾ ਕਾਰਡ" ਦੀ ਸੁਵਿਧਾ ਤਹਿਤ ਮੁਫ਼ਤ ਇਲਾਜ ਦੇਸ਼ ਦੀਆਂ ਆਸ਼ਾ ਅਤੇ ਆਂਗਨਵਾੜੀ ਵਰਕਰਾਂ (ਜਿਹਨਾਂ ਨੂੰ ਕੁਝ ਸੈਂਕੜੇ ਮਾਸਿਕ ਤਨਖ਼ਾਹ ਹੀ ਮਿਲਦੀ ਹੈ) ਤੱਕ ਵਧਾ ਦਿੱਤਾ ਗਿਆ ਹੈ। ਰੇਲਵੇ 'ਚ ਸਹੂਲਤਾਂ, ਸਿਹਤ 'ਚ ਸਹੂਲਤਾਂ, ਸਿੱਖਿਆ ਬਜ਼ਟ 'ਚ ਕੁਝ ਵਾਧਾ, ਪਰ ਖੇਤੀਬਾੜੀ ਖੇਤਰ ਦਾ ਬਜ਼ਟ ਘਟਾ ਦਿੱਤਾ ਗਿਆ ਹੈ। ਦੇਸ਼ ਦੇ ਚੋਣ ਕਮਿਸ਼ਨ 'ਚ ਮੈਂਬਰਾਂ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਬਦਲ ਦਿੱਤੀ ਗਈ ਹੈ, ਸਰਕਾਰ ਕੋਲ ਹੁਣ ਇਹਨਾ ਮੈਂਬਰਾਂ ਦੀ ਨਿਯੁਕਤੀ ਦੇ ਵੱਧ ਅਧਿਕਾਰ ਹੋਣਗੇ। ਸਰਕਾਰ ਮੈਂਬਰਾਂ ਦੀ ਨਿਯੁਕਤੀ ਸਮੇਂ ਮਨਮਰਜ਼ੀ ਕਰ ਸਕੇਗੀ। ਦੇਸ਼ ਦੀ ਈ.ਡੀ. ਅਤੇ ਸੀ.ਬੀ.ਆਈ. ਹੋਰ ਤੇਜ ਹੋ ਗਈਆਂ ਹਨ।

ਦੇਸ਼ ਦੇ ਵਿਰੋਧੀ ਦਲ ਦੇ ਨੇਤਾਵਾਂ ਨੂੰ ਸ਼ਿਕੰਜੇ 'ਚ ਲਿਆ ਜਾ ਰਿਹਾ ਹੈ। ਝਾਰਖੰਡ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਲਗਾਤਾਰ ਸੰਮਨ ਮਿਲ ਰਹੇ ਹਨ। ਝਾਰਖੰਡ ਦੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਨਿਸ਼ਾਨੇ 'ਤੇ ਹਨ। ਹਰ ਕਿਸਮ ਦੇ ਦਾਅ ਪੇਚ ਦੇਸ਼ 'ਚ ਰਾਜ ਸ਼ਕਤੀ ਹਥਿਆਉਣ ਲਈ ਭਾਜਪਾ ਹਕੂਮਤ ਵਰਤ ਰਹੀ ਹੈ।

ਪੂਰੇ ਦੇਸ਼ 'ਚ ਗੋਦੀ ਮੀਡੀਆ ਅਤੇ ਸਰਕਾਰੀ ਮੀਡੀਆ ਹਾਕਮਾਂ ਦੀਆਂ ਦਸ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਬਾਂ ਭਾਰ ਹੈ। ਨਿਸ਼ਾਨਾ ਬੱਸ ਇਕੋ ਹੈ, ਦੇਸ਼ ਵਿੱਚ ਸਿਰਫ਼ ਇੱਕ ਪਾਰਟੀ ਰਾਜ ਦੀ ਸਥਾਪਨਾ ਹੋਵੇ। ਵਿਰੋਧੀਆਂ ਦਾ ਖੁਰਾ ਖੋਜ਼ ਮਿਟਾਉਣ ਲਈ ਭਰਪੂਰ ਯਤਨ ਹੋ ਰਹੇ ਹਨ। ਇੱਕ ਰਾਸ਼ਟਰ, ਇੱਕ ਬੋਲੀ, ਇੱਕ ਚੋਣ! ਬੱਸ ਸਭ ਕੁਝ ਇੱਕੋ ਇੱਕ!

ਚੁੱਪ ਦੇਸ਼ ਦੀ ਵਿਰੋਧੀ ਧਿਰ ਵੀ ਨਹੀਂ ਹੈ। ਗੱਠਜੋੜ ਦੀ ਨੀਤੀ ਅਪਨਾ ਕੇ "ਇੰਡੀਆ" ਸਿਰਜੀ ਗਈ ਹੈ। ਭਾਵੇਂ ਆਪਸੀ ਤਾਲਮੇਲ ਤੇ ਸਹਿਯੋਗ ਦੀ ਘਾਟ ਹੈ। ਫਿਰ ਵੀ ਜਿਥੇ ਜਿਥੇ ਵੀ ਇੰਡੀਆ ਗੱਠਜੋੜ 'ਚ ਸ਼ਾਮਲ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਵੱਲੋਂ ਵੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਜਾ ਰਹੀਆਂ ਹਨ ਜਾਂ ਆਪਣੀਆਂ ਸਰਕਾਰਾਂ "ਕੇਂਦਰੀ ਹਾਕਮਾਂ" ਤੋਂ ਤੋੜੇ ਜਾਣ ਤੋਂ ਬਚਾਈਆਂ ਜਾ ਰਹੀਆਂ ਹਨ। ਕਾਂਗਰਸ ਦੇ ਰਾਹੁਲ ਗਾਂਧੀ ਭਾਰਤ ਯਾਤਰਾ 'ਤੇ ਨਿਕਲੇ ਹੋਏ ਹਨ। ਦੱਖਣੀ ਸੂਬਿਆਂ 'ਚ ਚੋਣਾਂ ਲਈ ਮਾਹੌਲ ਉੱਤਰੀ ਭਾਰਤ ਨਾਲੋਂ ਵੱਖਰਾ ਹੈ, ਇਥੇ ਧਰਮ ਪੱਖੀ ਸਿਆਸਤ ਦਾ ਬੋਲ ਬਾਲਾ ਨਹੀਂ ਹੈ। ਵਿਰੋਧੀ ਧਿਰ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਸੰਕਲਪ ਨੂੰ ਦਰਪੇਸ਼ ਵੰਗਾਰਾਂ ਨੂੰ ਲੋਕਾਂ ਸਾਹਵੇਂ ਪੇਸ਼ ਕਰਨ ਦੇ ਰਉਂ ਵਿੱਚ ਹੈ।

ਚੋਣਾਂ ਦੇ ਇਸ ਮੌਸਮ ਵਿੱਚ ਮੁੱਦਿਆਂ ਦੀ ਸਿਆਸਤ ਵਿੱਖਰੀ ਹੋਈ ਦਿਸਦੀ ਹੈ। ਆਪਣਿਆਂ ਨੂੰ ਰੇੜੀਆਂ ਵੰਡਣ ਅਤੇ ਲੋਕਾਂ ਨੂੰ ਧਰਮ ਦੇ ਨਾਂਅ ਉਤੇ ਵੰਡਣ ਲਈ ਹਾਕਮ, ਨੇਤਾ, ਤਿੱਖੀਆਂ ਸੁਰਾਂ 'ਚ ਬੋਲ ਅਲਾਪ ਰਹੇ ਹਨ। ਵੇਖੋ ਕਿਵੇਂ ਪ੍ਰਚਾਇਆ ਜਾ ਰਿਹਾ ਹੈ ਕਿ ਦੇਸ਼ ਦੇ 80 ਕਰੋੜ ਲੋਕਾਂ ਨੂੰ ਸਰਕਾਰ ਅਨਾਜ਼ ਮੁਫ਼ਤ ਦੇ ਰਹੀ ਹੈ (ਜਿਵੇਂ ਕੋਈ ਅਹਿਸਾਨ ਕੀਤਾ ਜਾ ਰਿਹਾ ਹੋਵੇ)। ਮੁਫ਼ਤ ਗੈਸ ਕੁਨੈਕਸ਼ਨ ਵੰਡੇ ਜਾ ਰਹੇ ਹਨ। ਆਯੁਸ਼ਮਾਨ ਭਾਰਤ ਕਾਰਡ ਰਾਹੀਂ ਮੁਫ਼ਤ ਸਿਹਤ ਸਹੂਲਤਾਂ ਹਨ। ਇਹ ਬਿਲਕੁਲ ਵੀ ਭੁਲਿਆ ਜਾ ਰਿਹਾ ਹੈ ਕਿ ਦੇਸ਼ ਦੀ 60 ਫੀਸਦੀ ਆਬਾਦੀ ਜੇਕਰ ਮੁਫ਼ਤ ਸਰਕਾਰੀ ਭੋਜਣ ਲੈਣ ਲਈ ਮਜ਼ਬੂਰ ਹੈ ਤਾਂ ਉਸਦੀ ਆਰਥਿਕ ਹਾਲਾਤ ਕਿਹੋ ਜਿਹੀ ਹੈ? ਆਜ਼ਾਦੀ ਦੇ 75 ਸਾਲ ਬੀਤਣ ਬਾਅਦ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਦੇ ਵਸਨੀਕਾਂ ਤੋਂ ਜੇਕਰ ਮੁਫ਼ਤ ਦਿੱਤੀਆਂ ਰਿਆਇਤਾਂ ਦੇ ਨਾਅ ਉਤੇ ਹੀ ਵੋਟ ਵਟੋਰਨੀ ਹੈ ਤਾਂ ਇਸ ਤੋਂ ਹੋਰ ਵੱਡਾ, ਲੋਕਤੰਤਰ ਦਾ ਕਿਹੜਾ ਜ਼ਨਾਜਾ ਨਿਕਲ ਸਕਦਾ ਹੈ?

ਚੋਣਾਂ ਦੇ ਇਸ ਮੌਸਮ 'ਚ ਦਰਸਾਉਣ ਦਾ ਇਹ ਵੱਡਾ ਯਤਨ ਹੋ ਰਿਹਾ ਹੈ ਕਿ ਦੇਸ਼ ਦੇ 20 ਤੋਂ 25 ਕਰੋੜ ਭਾਰਤੀ ਪਿਛਲੇ ਪੰਜ ਸਾਲਾਂ 'ਚ ਗਰੀਬੀ ਰੇਖਾ ਤੋਂ ਉਪਰ ਉੱਠ ਗਏ ਹਨ। ਪਰ ਭੁੱਖਮਰੀ 'ਚ ਉਹ ਗੁਆਂਢੀ ਮੁਲਕਾਂ ਇਥੋਂ ਤੱਕ ਕਿ ਬੰਗਲਾ ਦੇਸ਼, ਸ੍ਰੀ ਲੰਕਾ ਤੋਂ ਉਪਰਲਾ ਸਥਾਨ ਕਿਵੇਂ ਰੱਖਦੇ ਹਨ?

ਇੱਕ ਸੁਪਨਮਈ ਦ੍ਰਿਸ਼ ਦੇਸ਼ 'ਚ ਸਿਰਜਿਆ ਜਾ ਰਿਹਾ ਹੈ। ਦੇਸ਼ ਨੂੰ ਦੁਨੀਆਂ ਦੀ ਆਉਣ ਵਾਲੇ ਸਮੇਂ 'ਚ ਵੱਡੀ ਆਰਥਿਕਤਾ ਦਰਸਾਉਣ ਲਈ ਸਰਕਾਰ ਸਮੇਤ, ਗੋਦੀ ਮੀਡੀਆ ਪੱਬਾਂ ਭਾਰ ਹੈ। ਦੇਸ਼ ਦੇ ਧੰਨ-ਕੁਬੇਰ ਅਡਾਨੀ- ਅੰਬਾਨੀ, ਵੱਡੇ-ਵੱਡੇ ਅਮੀਰ ਐਕਟਰ ਜਿਵੇਂ ਆਯੁਧਿਆ ਸਮਾਗਮ 'ਚ ਸਰਕਾਰ ਦੀ ਪਿੱਠ ਉਤੇ ਵੇਖੇ ਗਏ, ਉਹ "ਨਿੱਜੀਕਰਨ", ਨੂੰ ਪ੍ਰਣਾਏ ਭਾਰਤੀ

ਹਾਕਮਾਂ ਨੂੰ ਉਤਸ਼ਾਹਤ ਕਰ ਗਏ। ਇਹ ਸਭ ਕੁਝ ਦਾ ਵਿਸ਼ਾਲ ਚੋਣਾਂ ਦੇ ਸਮਿਆਂ 'ਚ ਦਿਖਾਵਾ, ਕੋਈ ਅਲੋਕਾਰਾ ਵਰਤਾਰਾ ਨਹੀਂ ਹੈ।

ਸਰਕਾਰਾਂ, ਜਦੋਂ ਚਾਹੁੰਦੀਆਂ ਹਨ, ਉਦੋਂ ਉਹ ਮਾਫੀਏ, ਭੂ-ਮਾਫੀਏ, ਕਬਜ਼ਾਧਾਰੀਆਂ, ਗੁੰਡਿਆਂ ਨੂੰ ਸਰਗਰਮ ਕਰ ਲੈਂਦੀਆਂ ਹਨ ਅਤੇ ਚੋਣਾਂ ਵਾਲਾ ਸਮਾਂ ਇਹਨਾਂ ਲੋਕਾਂ ਲਈ ਅਤਿ ਉੱਤਮ ਗਿਣਿਆ ਜਾਂਦਾ ਹੈ। ਚੋਣਾਂ 'ਚ ਇਹ ਨੇਤਾਵਾਂ ਦੇ ਹਥਿਆਰ ਗਿਣੇ ਜਾਂਦੇ ਹਨ। ਹਾਕਮ ਧਿਰ ਅਤੇ ਵਿਰੋਧੀ ਧਿਰ ਦਾ ਇਹ ਗਹਿਣਾ ਹਨ, ਜੋ ਕਦੇ ਵੀ ਇਹਨਾ ਤੋਂ ਨਹੀਂ ਨਿਖੜਦਾ।

ਇੱਕ ਰਿਪੋਰਟ ਭਾਰਤ 'ਚ ਨਜਾਇਜ਼ ਕਬਜ਼ਿਆਂ ਬਾਰੇ ਛਪੀ ਹੈ। ਇਹ ਕਿਸੇ ਬਾਹਰੀ ਏਜੰਸੀ ਵੱਲੋਂ ਨਹੀਂ ਸਗੋਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਦੇਸ਼ ਦੇ ਜੰਗਲ ਵਿਭਾਗ ਦੀ 32 ਲੱਖ 77 ਹਜ਼ਾਰ 591 ਏਕੜ ਜ਼ਮੀਨ ਕਬਜ਼ਾਧਾਰੀਆਂ ਨੇ ਹਥਿਆਈ ਹੋਈ ਹੈ।

ਭਾਰਤੀ ਸੈਨਾ ਦੀ 9375 ਏਕੜ ਅਤੇ ਰੇਲਵੇ ਦੀ 2012 ਏਕੜ ਜ਼ਮੀਨ ਉਤੇ ਵੀ ਭੂ-ਮਾਫੀਏ, ਕਬਜ਼ਾਧਾਰੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ 964 ਸਰਕਾਰੀ ਪਾਰਕਾਂ ਦੀ ਲਗਭਗ 70 ਏਕੜ ਜ਼ਮੀਨ ਵੀ ਇਹਨਾਂ ਲੋਕਾਂ ਦੇ ਕਬਜ਼ੇ ਹੇਠ ਹੈ। ਇਹ ਜਾਣਦਿਆਂ ਹੋਇਆ ਵੀ ਕਿ ਨਜਾਇਜ਼ ਕਬਜਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ। ਹਰ ਦਿਨ ਸਰਕਾਰੀ ਜ਼ਮੀਨ ਉਤੇ ਭੂ-ਮਾਫੀਆ ਦਬੰਗ ਲੋਕ, ਘੁਸਪੈਠੀਏ ਕਬਜ਼ਾ ਕਰ ਰਹੇ ਹਨ, ਇਹ ਕਬਜ਼ੇ ਕਰਾਉਣ ਪਿੱਛੇ ਵੱਡੇ ਸਿਆਸਤਦਾਨਾਂ, ਸਿਆਸਤਦਾਨਾਂ ਦੇ ਪਿੱਛਲੱਗਾਂ, ਇਥੇ ਤੱਕ ਕਿ ਸਰਕਾਰੀ ਅਫ਼ਸਰਾਂ ਦਾ ਵੀ ਹੱਥ ਹੋਣਾ ਪਾਇਆ ਜਾਂਦਾ ਹੈ। ਇਹਨਾਂ ਵਿਰੁੱਧ ਸਰਕਾਰਾਂ ਕੁਝ ਨਹੀਂ ਕਰਦੀਆਂ, ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਚੋਣਾਂ ਦੇ ਸਮਿਆਂ 'ਚ ਉਸਦੀ ਪੱਕੀ ਵੋਟ ਬੈਂਕ ਹੈ। ਚੋਣਾਂ ਦੇ ਸਮਿਆਂ 'ਚ ਨੇਤਾਵਾਂ ਦੀ ਦਲਬਦਲੀ ਜਾਇਜ਼ ਗਿਣੀ ਜਾਂਦੀ ਹੈ।

ਵਿਧਾਇਕਾਂ ਦੀ ਖਰੀਦੋ-ਫ਼ਰੋਖਤ ਉਤੇ ਵੀ ਕੋਈ ਪ੍ਰਸ਼ਨ ਚਿੰਨ ਨਹੀਂ ਉੱਠਦਾ। ਮੌਜੂਦਾ ਉਦਾਹਰਨ ਬਿਹਾਰ ਦੀ ਹੈ। ਨੌਵੀਂ ਵੇਰ ਮੁੱਖ ਮੰਤਰੀ ਬਣਿਆ ਬਿਹਾਰੀ ਨੇਤਾ ਨਿਤੀਸ਼ ਕੁਮਾਰ, ਅਨੈਤਿਕਤਾ ਦੀਆਂ ਹੱਦਾਂ ਪਾਰ ਕਰਦਾ, ਕਦੇ ਭਾਜਪਾ ਅਤੇ ਕਦੇ ਵਿਰੋਧੀ ਧਿਰ ਨਾਲ ਖੜਕੇ ਮੁੱਖ ਮੰਤਰੀ ਦੀ ਕੁਰਸੀ ਚੜ੍ਹਦਾ ਵੇਖਿਆ ਜਾਂਦਾ ਹੈ। ਆਇਆ ਰਾਮ, ਗਿਆ ਰਾਮ ਦੀ ਇਸਤੋਂ ਵੱਡੀ ਹੋਰ ਜਿਹੜੀ ਤਸਵੀਰ ਹੋ ਸਕਦੀ ਹੈ ਉਸ ਤੋਂ ਬਿਨ੍ਹਾਂ?

ਉਂਜ ਕੇਂਦਰ 'ਚ ਰਾਜ ਕਰਦੇ ਹਾਕਮਾਂ ਜਦੋਂ ਦਾਅ ਲਗਦਾ ਹੈ, ਵਿਰੋਧੀਆਂ ਨੂੰ ਮਾਤ ਪਾਉਣ ਲਈ ਇਹ ਖੇਡ ਖੇਡਦੇ ਹਨ, ਜਿਹੜਾ "ਦਲ ਬਦਲੀ ਕਾਨੂੰਨ" ਨੂੰ ਵੀ ਛਿੱਕੇ ਟੰਗ ਦਿੰਦਾ ਹੈ। ਉਂਝ ਸਮਝਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਗਿਰਗਟ ਵਾਂਗਰ ਰੰਗ ਬਦਲਣ ਵਾਲੇ ਨੇਤਾ ਜਦੋਂ ਲੋਕ ਕਚਿਹਰੀ 'ਚ ਜਾਂਦੇ ਹਨ ਤਾਂ ਫਿਰ ਵੀ ਉਹ ਮੁੜ ਸਾਮ, ਦਾਮ, ਦੰਡ ਦੀ ਸਿਆਸਤ ਕਰਦਿਆਂ ਮੁੜ ਚੋਣਾਂ ਜਿੱਤ ਜਾਂਦੇ ਹਨ।

ਚੋਣਾਂ ਦੇ ਸਮਿਆਂ 'ਚ ਕਰੋੜ ਪਤੀਆਂ, ਬਹੁ ਬਲੀਆਂ ਦੀ ਤਾਂ ਜਿਵੇਂ ਚਾਂਦੀ ਹੋ ਜਾਂਦੀ ਹੈ, ਉਹ ਆਪਣੀ ਤਾਕਤ ਦੀ ਵਰਤੋਂ ਕਰਦਿਆਂ ਦੇਸ਼ ਦੇ ਪਵਿੱਤਰ ਸਦਨ "ਲੋਕ ਸਭਾ" ਦੀ ਦਹਿਲੀਜ਼ ਟੱਪਦੇ ਹਨ, ਸਤਿਕਾਰਯੋਗ ਬਣਦੇ ਹਨ, ਤੇ ਦੇਸ਼ ਦੇ ਲੋਕਾਂ ਉਤੇ ਉਸੇ ਬਹੁ-ਬਲ ਨਾਲ ਰਾਜ ਕਰਦੇ ਹਨ।

ਇਸ ਸਮੇਂ ਦੇਸ਼ ਦੀ ਲੋਕ ਸਭਾ ਅਤੇ ਰਾਜ ਸਭਾ 'ਚ ਬੈਠੇ ਸਤਿਕਾਰਯੋਗ ਮੈਂਬਰਾਨ ਜਾਣੀ ਮੈਂਬਰ ਪਾਰਲੀਮੈਂਟ ਦੀ ਪੜਚੋਲ ਕਰਨੀ ਤਾਂ ਬਣਦੀ ਹੀ ਹੈ। ਏ. ਡੀ. ਆਰ. ਦੀ ਰਿਪੋਰਟ ਕਹਿੰਦੀ ਹੈ ਕਿ ਦੇਸ਼ ਦੀ ਪਾਰਲੀਮੈਂਟ ਦੇ ਕੁਲ 763 ਮੈਂਬਰਾਂ ਵਿਚੋਂ 306 ਉਤੇ ਅਪਰਾਧਿਕ ਕੇਸ ਹਨ, ਜਿਹਨਾਂ ਵਿਚੋਂ 25 ਫ਼ੀਸਦੀ ਉਤੇ ਗੰਭੀਰ ਕੇਸ ਹਨ, ਜਿਹਨਾ 'ਚ ਕਤਲ, ਔਰਤਾਂ ਨਾਲ ਬਲਾਤਕਾਰ ਦੇ ਕੇਸ ਹਨ। ਇਹਨਾ ਵਿੱਚ 139 ਭਾਜਪਾ ਦੇ ਅਤੇ 49 ਕਾਂਗਰਸ ਦੇ ਐਮ.ਪੀ. ਹਨ।

ਹੈਰਾਨੀ ਤਾਂ ਹੋਣੀ ਹੀ ਨਹੀਂ ਚਾਹੀਦੀ ਕਿ ਇਹਨਾਂ ਵਿੱਚੋਂ 7 ਫ਼ੀਸਦੀ ਅਰਬਪਤੀ ਹਨ। ਇਸਤੋਂ ਵੀ ਅਗਲੀ ਗੱਲ ਇਹ ਕਿ 17ਵੀਂ ਲੋਕ ਸਭਾ ਦੇ ਜੋ 539 ਮੈਂਬਰ ਚੁਣੇ ਗਏ ਸਨ। ਉਹਨਾਂ ਵਿਚੋਂ ਇਸ ਰਿਪੋਰਟ ਅਨੁਸਾਰ 475 ਕਰੋੜਪਤੀ ਹਨ, ਜਿਹਨਾਂ ਵਿੱਚ ਭਾਜਪਾ ਦੇ 303 ਅਤੇ ਕਾਂਗਰਸ ਦੇ 52 ਕਰੋੜਪਤੀ ਮੈਂਬਰ ਹਨ।

ਦੇਸ਼ ਇਸ ਵੇਲੇ ਬੇਰੁਜ਼ਗਾਰੀ ਝੱਲ ਰਿਹਾ ਹੈ। ਦੇਸ਼ 'ਚ ਬੇਰੁਜ਼ਗਾਰੀ ਦਰ 7.95 ਹੈ। ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ। ਕੁਲ 125 ਦੇਸ਼ਾਂ ਵਿੱਚ ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਇਸਦਾ ਸਥਾਨ 85ਵਾਂ ਹੈ। ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਅੰਤਰਰਾਸ਼ਟਰੀ ਦ੍ਰਿਸ਼ 'ਚ ਬਦਨਾਮੀ ਖੱਟ ਚੁੱਕਾ ਹੈ।

**(ਬਾਕੀ ਸਫ਼ਾ 31 'ਤੇ)**

# ਭਾਰਤ ਵਿੱਚ ਇੱਕ ਰਾਸ਼ਟਰ ਇੱਕ ਚੋਣ ਦੀ ਸੰਭਾਵਨਾ ਬਹੁਤ ਘੱਟ



ਐਸ. ਐਸ. ਛੀਨਾ

ਇੱਕ ਰਾਸ਼ਟਰ, ਇੱਕ ਚੋਣ ਦਾ ਵਿਚਾਰ ਲੱਗਦਾ ਤਾਂ ਬਹੁਤ ਚੰਗਾ ਹੈ, ਕਿਉਂ ਜੋ ਇੱਕ ਹੀ ਸਮੇਂ 'ਤੇ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਨਾਲ ਦੇਸ਼ ਭਰ ਵਿਚ ਚੋਣਾਂ 'ਤੇ ਹੋਣ ਵਾਲੇ ਖ਼ਰਚ ਅਤੇ ਸਮੇਂ ਦੀ ਬਹੁਤ ਬੱਚਤ ਹੋ ਜਾਂਦੀ ਹੈ ਅਤੇ ਇਸ ਨਾਲ ਵਿਕਾਸ ਨੂੰ ਹੁਲਾਰਾ ਮਿਲਦਾ ਹੈ, ਪਰ ਦੁਨੀਆ ਵਿੱਚ ਇਸ ਤਰ੍ਹਾਂ ਦੇ ਸੰਘੀ ਢਾਂਚੇ ਵਾਲੇ ਦੇਸ਼ਾਂ ਵਿੱਚ ਇਸ ਤਰ੍ਹਾਂ ਚੋਣਾਂ ਹੋਣ ਦੀ ਕੋਈ ਮਿਸਾਲ ਮਿਲਦੀ ਹੈ। ਦੁਨੀਆਂ ਭਰ ਦੇ ਸੰਘੀ ਢਾਂਚੇ ਵਾਲੇ ਦੇਸ਼ਾਂ 'ਤੇ ਨਜ਼ਰ ਮਾਰਨ ਨਾਲ ਇਸ ਤਰ੍ਹਾਂ ਦੀ ਕੋਈ ਵੀ ਮਿਸਾਲ ਨਹੀਂ ਮਿਲਦੀ, ਜਿਸ ਅਨੁਸਾਰ ਪ੍ਰਾਂਤਾਂ ਅਤੇ ਕੇਂਦਰ ਦੀਆਂ ਚੋਣਾਂ ਇੱਕ ਸਮੇਂ ਹੀ ਹੁੰਦੀਆਂ ਹੋਣ ਜਾਂ ਸੰਵਿਧਾਨ ਵਿੱਚ ਇਸ ਦੀ ਵਿਵਸਥਾ ਕੀਤੀ ਹੋਵੇ। ਸਿਰਫ਼ ਸਵੀਡਨ ਹੀ ਇਕ ਉਹ ਦੇਸ਼ ਹੈ, ਜਿਥੇ ਇੱਕ ਹੀ ਸਮੇਂ 'ਤੇ ਚੋਣਾਂ ਤਾਂ ਹੁੰਦੀਆਂ ਹਨ ਪਰ ਉਥੇ ਸੰਘੀ ਨਹੀਂ ਸਗੋਂ ਕੇਂਦਰ ਮੁਖੀ ਢਾਂਚਾ ਹੈ, ਉਸ ਦੀ ਪਾਰਲੀਮੈਂਟ ਦੀਆਂ ਚੋਣਾਂ ਦੇ ਇਲਾਵਾ ਉਥੋਂ ਦੀਆਂ ਮਿਊਂਸਪਲ ਕਮੇਟੀਆਂ ਅਤੇ ਖੇਤਰੀ ਕੌਂਸਲਾਂ ਦੀਆਂ ਚੋਣਾਂ ਇਕੋ ਸਮੇਂ ਹੁੰਦੀਆਂ ਹਨ, ਪਰ ਉਹ ਖੇਤਰੀ ਕੌਂਸਲਾਂ ਪ੍ਰਾਂਤਾਂ ਵਾਲੀ ਸਥਿਤੀ ਨਹੀਂ ਰੱਖਦੀਆਂ। ਇੰਗਲੈਂਡ ਜਿਥੇ ਆਧੁਨਿਕ ਸਮੇਂ ਵਿੱਚ ਸਭ ਤੋਂ ਪਹਿਲਾਂ ਲੋਕਤੰਤਰ ਅਪਣਾਇਆ ਗਿਆ ਸੀ, ਉਥੇ ਕਈ ਵਾਰ ਸਮਾਂ ਸੀਮਾ ਪੂਰੀ ਹੋਣ ਤੋਂ ਪਹਿਲਾਂ ਹਾਊਸ ਆਫ਼ ਕਾਮਨਜ਼ ਦੀਆਂ ਚੋਣਾਂ ਹੋਈਆਂ ਹਨ, ਪਰ ਉਨ੍ਹਾਂ ਨਾਲ ਜੁੜੇ ਪ੍ਰਾਂਤਾਂ ਜਿਵੇਂ ਸਕਾਟਲੈਂਡ, ਵੇਲਜ਼ ਅਤੇ ਆਇਰਲੈਂਡ ਦੀਆਂ ਚੋਣਾਂ ਉਸ ਸਮੇਂ ਨਹੀਂ ਹੁੰਦੀਆਂ। ਇਸ ਤਰ੍ਹਾਂ ਹੀ ਹੋਰ ਸੰਘੀ ਢਾਂਚੇ ਵਾਲੇ ਦੇਸ਼ਾਂ ਦੀ ਸਥਿਤੀ ਹੈ।

ਭਾਰਤ ਵੱਖ-ਵੱਖ ਖੇਤਰੀ ਪਾਰਟੀਆਂ ਵਾਲਾ ਦੇਸ਼ ਹੈ ਅਤੇ ਇਸ ਦੇ ਪ੍ਰਾਂਤਾਂ ਨੂੰ ਆਪਣੇ ਪ੍ਰਤੀਨਿਧ ਚੁਣਨ ਦੀ ਵਿਵਸਥਾ ਸੰਵਿਧਾਨ ਵੱਲੋਂ ਕੀਤੀ ਗਈ ਹੈ। ਸੰਵਿਧਾਨ ਵਿੱਚ ਇਸ ਤਰ੍ਹਾਂ ਦੀ ਕੋਈ ਮਦ ਨਹੀਂ ਕਿ ਪਾਰਲੀਮੈਂਟ ਅਤੇ ਪ੍ਰਾਂਤਾਂ ਦੀਆਂ ਚੋਣਾਂ ਇਕੱਠੀਆਂ ਕੀਤੀਆਂ ਜਾਣਗੀਆਂ, ਜੇ ਇਸ ਤਰ੍ਹਾਂ ਦੀ ਸੋਧ ਕੀਤੀ ਜਾਂਦੀ ਹੈ ਤਾਂ ਉਹ ਇਕੱਲੀ ਸੋਧ ਨਹੀਂ ਹੋਵੇਗੀ, ਉਸ ਨਾਲ ਕਈ ਹੋਰ ਸੋਧਾਂ ਵੀ ਜੋੜਨੀਆਂ ਪੈਣਗੀਆਂ, ਜਿਵੇਂ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਕਿੰਨੇ ਚਿਰ ਬਾਅਦ ਬੇਵਿਸ਼ਵਾਸੀ ਦਾ ਮਤਾ ਰੱਖਿਆ ਜਾ ਸਕਦਾ ਹੈ, ਇੱਕ ਸਰਕਾਰ ਦੇ ਟੁੱਟਣ ਤੋਂ ਬਾਅਦ ਕਿੰਨੇ ਚਿਰ ਪ੍ਰਾਂਤ ਵਿੱਚ ਜਾਂ ਕੇਂਦਰ ਵਿੱਚ ਰਾਸ਼ਟਰਪਤੀ ਰਾਜ ਰਹਿ ਸਕਦਾ ਹੈ। ਭਾਵੇਂ ਕਿ ਇਸ ਤਰ੍ਹਾਂ ਦੀ ਤਜਵੀਜ਼ ਠੋਸਣੀ ਲੋਕਤੰਤਰ ਦੀ ਮੁੱਢਲੀ ਭਾਵਨਾ ਦੇ ਵੀ ਉਲਟ ਹੈ। ਦੇਸ਼ ਦੇ ਕਈ ਪ੍ਰਾਂਤਾਂ ਵਿੱਚ ਖੇਤਰੀ ਪਾਰਟੀਆਂ ਹਨ ਅਤੇ ਉਹ ਲੰਮਾ ਸਮਾਂ ਆਪਣੇ ਪ੍ਰਾਂਤ ਵਿੱਚ ਰਾਜ ਕਰਦੀਆਂ ਰਹੀਆਂ ਹਨ, ਜਿਵੇਂ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਅਤੇ ਪੰਜਾਬ ਆਦਿ। ਇਨ੍ਹਾਂ ਪ੍ਰਾਂਤਾਂ ਦੇ ਖੇਤਰੀ ਮਸਲੇ ਹਨ, ਬੋਲੀਆਂ ਦਾ ਫ਼ਰਕ ਹੈ, ਇਨ੍ਹਾਂ ਪ੍ਰਾਂਤਾਂ ਵਿੱਚ ਵੀ ਬੇਵਿਸ਼ਵਾਸੀ ਦੇ ਮਤੇ ਪੇਸ਼ ਹੁੰਦੇ ਰਹੇ ਹਨ ਅਤੇ ਕਈ ਵਾਰ ਸਰਕਾਰਾਂ ਟੁੱਟਦੀਆਂ ਰਹੀਆਂ ਹਨ ਅਤੇ ਫਿਰ ਇੱਕ ਸਮਾਂ ਸੀਮਾ ਵਿੱਚ ਜਾਂ 6 ਮਹੀਨਿਆਂ ਵਿੱਚ ਨਵੀਆਂ ਚੋਣਾਂ ਕਰਵਾ ਦਿੱਤੀਆਂ ਜਾਂਦੀਆਂ ਰਹੀਆਂ ਹਨ।

ਦੇਸ਼ ਦੇ ਰਾਸ਼ਟਰਪਤੀ ਕੋਲ ਇਹ ਸ਼ਕਤੀ ਹੈ ਕਿ ਉਹ ਕਿਸੇ ਪ੍ਰਾਂਤ ਦੀ ਸਰਕਾਰ ਨੂੰ ਉਸ ਦੀ ਅਯੋਗਤਾ ਕਾਰਨ ਦੇਸ਼ ਦੀ ਕੇਂਦਰੀ ਕੈਬਨਿਟ ਅਤੇ ਪ੍ਰਾਂਤ ਦੇ ਗਵਰਨਰ ਦੀ ਸਿਫ਼ਾਰਸ਼ ਅਨੁਸਾਰ ਭੰਗ ਕਰਕੇ ਨਵੀਆਂ ਚੋਣਾਂ ਕਰਵਾ ਸਕਦਾ ਹੈ। ਜੇ ਇੱਕ ਰਾਸ਼ਟਰ, ਇੱਕ ਚੋਣਾਂ ਦੇ ਸਿਧਾਂਤ ਨੂੰ ਅਪਣਾਇਆ ਜਾਂਦਾ ਹੈ ਤਾਂ ਰਾਸ਼ਟਰਪਤੀ ਦੇ ਇਸ ਅਧਿਕਾਰ ਬਾਰੇ ਕਿਸ ਤਰ੍ਹਾਂ ਦੀ ਸੋਧ ਕੀਤੀ ਜਾਂਦੀ ਹੈ, ਉਸ 'ਤੇ ਵੀ ਵਿਚਾਰ ਕਰਨਾ ਪਵੇਗਾ। ਇਕ ਪ੍ਰਾਂਤ ਵਿੱਚ ਭੰਗ ਹੋਈ ਵਿਧਾਨ ਸਭਾ ਨਾਲ ਤਾਂ ਸਾਰੇ ਦੇਸ਼ ਵਿੱਚ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਜਾ ਸਕਦੀ। ਕੀ ਇਹ ਸੰਭਵ ਹੈ ਕਿ ਕਿਸੇ ਵੀ ਪ੍ਰਾਂਤ ਵਿੱਚ ਬੇਵਿਸ਼ਵਾਸੀ ਦਾ ਮਤਾ ਇੱਕ ਸਮਾਂ ਸੀਮਾ ਤੋਂ ਪਹਿਲਾਂ ਪੇਸ਼ ਹੀ ਨਹੀਂ ਕੀਤਾ ਜਾ ਸਕਦਾ? ਫਿਰ ਉਨ੍ਹਾਂ ਸੋਧਾਂ ਵਿੱਚ ਇਹ ਗੱਲ ਵੀ ਆਵੇਗੀ ਕਿ, ਕੀ ਪਾਰਲੀਮੈਂਟ ਦੇ ਭੰਗ ਹੋਣ ਨਾਲ ਹੀ ਸਾਰੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਭੰਗ ਹੋ ਜਾਣਗੀਆਂ ਜਾਂ ਇੱਕ ਜਾਂ ਕਿੰਨੀਆਂ ਵਿਧਾਨ ਸਭਾਵਾਂ ਦੇ ਭੰਗ ਹੋਣ ਨਾਲ ਪਾਰਲੀਮੈਂਟ ਵੀ ਭੰਗ ਹੋ ਜਾਵੇਗੀ? ਫਿਰ ਕੀ ਪਾਰਲੀਮੈਂਟ ਵਿੱਚ ਵੀ ਬੇਵਿਸ਼ਵਾਸੀ ਦਾ ਮਤਾ ਪੇਸ਼ ਕਰਨ ਲਈ ਕੁਝ ਸਮੇਂ ਦੀ ਮਿਆਦ ਤੋਂ ਬਾਅਦ ਹੀ ਉਹ ਮਤਾ ਪੇਸ਼ ਹੋ ਸਕਦਾ ਹੈ। ਇਹ ਇਸ ਤਰ੍ਹਾਂ ਦੇ ਸੁਆਲ ਹਨ, ਜਿਨ੍ਹਾਂ ਦੀ ਵੱਡੀ ਗਿਣਤੀ ਹੈ ਅਤੇ ਇਹ ਇੱਕ ਰਾਸ਼ਟਰ, ਇੱਕ ਚੋਣਾਂ ਦੇ ਅਮਲ ਵਿੱਚ ਬਹੁਤ ਵੱਡੀਆਂ ਰੁਕਾਵਟਾਂ ਵਜੋਂ ਅੱਗੇ ਆਉਣਗੇ ਅਤੇ ਇਸ ਕੋਸ਼ਿਸ਼ 'ਤੇ ਵੱਡੇ ਸੁਆਲ ਖੜ੍ਹੇ ਕਰਨਗੇ, ਜੋ ਇਸ ਵਿਚਾਰ ਦੀ ਸਫ਼ਲਤਾ ਵਿੱਚ ਵੀ ਵੱਡੀ ਰੁਕਾਵਟ ਬਣਨਗੇ।

1952 ਵਿੱਚ ਪਹਿਲੀਆਂ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਹੋਈਆਂ ਚੋਣਾਂ ਤੋਂ ਬਾਅਦ 1967 ਤਕ ਤਕਰੀਬਨ ਸਾਰੇ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਦੀਆਂ ਚੋਣਾਂ ਇਕੱਠੀਆਂ ਹੀ ਹੁੰਦੀਆਂ ਰਹੀਆਂ ਸਨ, ਭਾਵੇਂ ਕਿ ਉਸ ਸਮੇਂ ਤੱਕ ਦਲ-ਬਦਲੂ ਕਾਨੂੰਨ ਅਮਲ ਵਿੱਚ ਨਹੀਂ ਸੀ ਆਇਆ, ਜਿਸ ਦਾ ਅਰਥ ਸੀ ਕਿ ਜੇ ਇੱਕ ਪ੍ਰਤੀਨਿਧ ਜਾਂ ਇੱਕ ਤੋਂ ਵੱਧ ਪ੍ਰਤੀਨਿਧ ਆਪਣੀ ਪਾਰਟੀ ਬਦਲ ਕੇ ਵਿਧਾਨ ਸਭਾ ਵਿੱਚ ਜਾਂ ਪਾਰਲੀਮੈਂਟ ਵਿੱਚ ਦੂਸਰੀ ਪਾਰਟੀ ਨੂੰ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਦੀ ਵਿਧਾਨ ਸਭਾ ਜਾਂ ਪਾਰਲੀਮੈਂਟ ਦੀ ਮੈਂਬਰੀ ਖ਼ਤਮ ਨਹੀਂ ਸੀ ਹੁੰਦੀ, ਪਰ ਜਦੋਂ 'ਆਇਆ ਰਾਮ ਅਤੇ ਗਿਆ ਰਾਮ' ਦੇ ਘਟਨਾਕ੍ਰਮ ਨਾਲ ਇਕਦਮ ਸਰਕਾਰਾਂ ਡਿੱਗਣ ਲੱਗ ਪਈਆਂ ਤਾਂ ਸੰਵਿਧਾਨ ਵਿੱਚ ਸੋਧ ਕਰਕੇ ਇਹ ਵਿਵਸਥਾ ਕੀਤੀ ਗਈ ਕਿ ਜੇ ਪਾਰਟੀ ਦੇ ਇੱਕ ਤਿਹਾਈ ਮੈਂਬਰ ਆਪਣੀ ਪਾਰਟੀ ਬਦਲ ਕੇ ਨਵੀਂ ਪਾਰਟੀ ਬਣਾ ਲੈਂਦੇ ਹਨ ਅਤੇ ਵਿਧਾਨ ਸਭਾ ਜਾਂ ਪਾਰਲੀਮੈਂਟ ਵਿੱਚ ਦੂਸਰੀ ਪਾਰਟੀ ਦੀ ਹਮਾਇਤ 'ਤੇ ਆ ਜਾਂਦੇ ਹਨ ਤਾਂ ਨਵੇਂ ਧੜੇ ਨੂੰ ਪਾਰਟੀ ਵਜੋਂ ਮਾਨਤਾ ਦਿੱਤੀ ਜਾ ਸਕਦੀ ਹੈ ਪਰ ਜੇ ਕੋਈ ਇਕੱਲਾ ਮੈਂਬਰ ਜਾਂ ਉਸ ਨਿਰਧਾਰਤ ਗਿਣਤੀ ਤੋਂ ਘੱਟ ਗਿਣਤੀ ਮੈਂਬਰ ਆਪਣੀ ਪਾਰਟੀ ਬਦਲ ਜਾਂਦੇ ਹਨ ਤਾਂ ਉਨ੍ਹਾਂ ਦੀ ਮੈਂਬਰਸ਼ਿਪ ਖ਼ਤਮ ਹੋ ਜਾਂਦੀ ਹੈ। ਇਸ ਸੋਚ ਦਾ ਬਹੁਤਾ ਚੰਗਾ ਪ੍ਰਭਾਵ ਪਿਆ ਅਤੇ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿੱਚ ਜਿਸ ਤਰ੍ਹਾਂ ਦਾ ਅਮਲ 1967 ਤੋਂ ਬਾਅਦ ਚੱਲ ਪਿਆ ਸੀ, ਉਹ ਖ਼ਤਮ ਹੋ ਗਿਆ ਅਤੇ ਇਸ ਨਾਲ ਵਿਧਾਨ ਸਭਾਵਾਂ ਪਹਿਲਾਂ ਤੋਂ ਕਿਤੇ ਜ਼ਿਆਦਾ ਸਥਿਰ ਹੋ ਗਈਆਂ ਅਤੇ ਆਪਣੀ ਸਮਾਂ ਸੀਮਾਂ ਜਾਂ 5 ਸਾਲ ਪੂਰੇ ਕਰਨ ਲੱਗ ਪਈਆਂ, ਪਰ ਇਸ ਦਾ ਇਹ ਅਰਥ ਨਹੀਂ ਕਿ ਮੈਂਬਰਾਂ ਵੱਲੋਂ ਨਿਰਧਾਰਿਤ ਪ੍ਰਕਿਰਿਆ ਅਨੁਸਾਰ ਪਾਰਟੀ ਬਦਲ ਕੇ ਦੂਸਰੀ ਪਾਰਟੀ ਦੀ ਹਮਾਇਤ ਕਰਨ ਦੇ ਰਾਹ ਵਿੱਚ ਕੋਈ ਰੁਕਾਵਟ ਹੈ। ਜਦੋਂ ਇੱਕ ਰਾਸ਼ਟਰ ਇੱਕ ਚੋਣ ਦਾ ਅਮਲ ਲਾਗੂ ਕੀਤਾ ਜਾਵੇਗਾ ਤਾਂ ਇਸ ਸੰਬੰਧੀ ਵੀ ਲੋੜੀਂਦੀਆਂ ਸੋਧਾਂ ਦੀ ਲੋੜ ਹੋਵੇਗੀ ਅਤੇ ਉਸ ਤਰ੍ਹਾਂ ਦੀਆਂ ਸੋਧਾਂ ਵੀ ਕਰਨੀਆਂ ਪੈਣਗੀਆਂ।



ਭਾਵੇਂ ਕਿ ਚੋਣ ਕਮਿਸ਼ਨ ਕੋਲ ਸੈਂਕੜੇ ਹੀ ਪਾਰਟੀਆਂ ਦਰਜ ਹੋਈਆਂ ਹਨ ਪਰ ਉਨ੍ਹਾਂ ਵਿਚੋਂ ਕੋਈ 20 ਕੁ ਪਾਰਟੀਆਂ ਰਾਸ਼ਟਰੀ ਤੌਰ 'ਤੇ ਜਾਂ ਖੇਤਰੀ ਤੌਰ 'ਤੇ ਰਜਿਸਟਰਡ ਹਨ। ਖੇਤਰੀ ਪਾਰਟੀਆਂ ਜ਼ਿਆਦਾਤਰ ਖੇਤਰੀ ਮਸਲਿਆਂ ਤੱਕ ਹੀ ਸੀਮਤ ਰਹਿੰਦੀਆਂ ਹਨ ਅਤੇ ਉਹ ਰਾਸ਼ਟਰੀ ਮੁੱਦਿਆਂ 'ਤੇ ਘੱਟ ਪ੍ਰਭਾਵ ਰੱਖਦੀਆਂ ਹਨ, ਭਾਵੇਂ ਕਿ ਖੇਤਰੀ ਪਾਰਟੀਆਂ ਦੇ ਪ੍ਰਤੀਨਿਧ ਵੀ ਦੇਸ਼ ਦੀ ਪਾਰਲੀਮੈਂਟ ਦੇ ਮੈਂਬਰ ਹੁੰਦੇ ਹਨ, ਪਰ ਜਦੋਂ ਇੱਕ ਚੋਣ ਹੋਵੇਗੀ ਤਾਂ ਰਾਸ਼ਟਰੀ ਪਾਰਟੀਆਂ ਦੇ ਵੱਧ ਸਾਧਨ ਅਤੇ ਪ੍ਰਭਾਵ ਹੋਣ ਕਰਕੇ ਉਹ ਖੇਤਰੀ ਪਾਰਟੀਆਂ 'ਤੇ ਭਾਰੂ ਹੋਣਗੀਆਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਦੀ ਚੋਣ ਨੂੰ ਵੀ ਪ੍ਰਭਾਵਿਤ ਕਰਨਗੀਆਂ, ਜਿਸ ਨਾਲ ਸੰਘੀ ਢਾਂਚੇ ਵਿਚ ਲੋਕ ਰਾਜ ਦੀ ਉਹ ਭਾਵਨਾ ਵੀ ਪ੍ਰਭਾਵਿਤ ਹੋਵੇਗੀ, ਜਿਸ ਲਈ ਉਹ ਖੇਤਰੀ ਪਾਰਟੀ ਕੰਮ ਕਰਦੀ ਹੈ ਅਤੇ ਜਿਹੜੇ ਖੇਤਰੀ ਮਸਲਿਆਂ ਨੂੰ ਉਸ ਖੇਤਰ ਨਾਲ ਜੁੜੇ ਸਮਝ ਕੇ ਉਨ੍ਹਾਂ ਦੇ ਯੋਗ ਹੱਲ ਲਈ ਉਹ ਪਾਰਟੀ ਯਤਨ ਕਰ ਰਹੀ ਹੁੰਦੀ ਹੈ। ਇਕੱਠੀਆਂ ਚੋਣਾਂ ਨਾਲ ਅਨੇਕਤਾ ਵਿੱਚ ਏਕਤਾ ਦੀ ਭਾਵਨਾ ਨੂੰ ਵੀ ਵੱਡੀ ਸੱਟ ਲੱਗੇਗੀ ਅਤੇ ਇਹ ਸਾਰੇ ਦੇਸ਼ 'ਤੇ ਏਕਾਤਮਿਕ ਠੋਸਣ ਵੱਲ ਇੱਕ ਵੱਡਾ ਕਦਮ ਹੋਵੇਗਾ ਜਰਮਨੀ ਦੇ ਸੰਵਿਧਾਨ ਵਿੱਚ ਸੋਧ ਕਰਕੇ ਇੱਕ ਜਰਮਨ 'ਬੇਸਿਕ ਕਾਨੂੰਨ' ਬਣਾਇਆ ਗਿਆ ਹੈ ਜਿਸ ਅਨੁਸਾਰ ਪ੍ਰਤੀਨਿਧ ਹਾਊਸ ਦੀ ਸਮਾਂ ਸੀਮਾ ਨਿਸ਼ਚਿਤ ਕੀਤੀ ਗਈ ਹੈ, ਪਰ ਉਸ ਦੀ ਸਮਾਂ ਹੱਦ ਤੋਂ ਪਹਿਲਾਂ ਜੇ ਇੱਕ ਪਾਰਟੀ ਵੱਲੋਂ ਕਿਸੇ ਨੇਤਾ ਦੇ ਖ਼ਿਲਾਫ਼ ਬੇਵਿਸ਼ਵਾਸੀ ਦਾ ਮਤਾ ਲਿਆਂਦਾ ਜਾਂਦਾ ਹੈ ਤਾਂ ਉਸ ਦੇ ਨਾਲ ਹੀ ਨਵੇਂ ਨੇਤਾ ਜਿਸ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਜਾਣਾ ਹੈ ਉਸ ਦੇ ਨਾਂਅ ਦੀ ਵੀ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਕਿ ਜੇ ਉਹ ਬੇਵਿਸ਼ਵਾਸੀ ਦਾ ਮਤਾ ਪਾਸ ਹੋ ਜਾਂਦਾ ਹੈ ਤਾਂ ਉਹ ਦੂਸਰਾ ਨੇਤਾ ਜਿਸ ਦੇ ਹੱਕ ਵਿੱਚ ਉਹ ਵਿਸ਼ਵਾਸ ਦਾ ਮਤਾ ਪਾਸ ਹੋਣਾ ਹੈ, ਹਾਊਸ ਦਾ ਉਹ ਨੇਤਾ ਬਣ ਜਾਵੇਗਾ ਅਤੇ ਹਾਊਸ ਟੁੱਟੇਗਾ ਨਹੀਂ, ਸਗੋਂ ਲਗਾਤਾਰ ਚੱਲਦਾ ਰਹੇਗਾ ਅਤੇ ਭਾਵੇਂ ਹਾਊਸ ਦੇ ਅੰਦਰ ਪਾਰਟੀ ਦੀ ਹਕੂਮਤ ਬਦਲ ਸਕਦੀ ਹੈ ਪਰ ਹਾਊਸ ਚੱਲਦਾ ਰਹੇਗਾ ਅਤੇ ਆਪਣਾ ਕਾਰਜਕਾਲ ਪੂਰਾ ਕਰੇਗਾ ਭਾਵੇਂ ਕਿ ਇਸ ਨਾਲ ਕਾਰਜਕਾਲ ਦੇ ਪੂਰਾ ਹੋਣ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ, ਪਰ ਇਸ ਨਾਲ ਪ੍ਰਾਂਤਾਂ ਅਤੇ ਕੇਂਦਰ ਦੀ ਸਰਕਾਰ ਵਿੱਚ ਸਥਿਰਤਾ ਜ਼ਰੂਰ ਆ ਜਾਵੇਗੀ ਅਤੇ ਇਸ ਨਾਲ ਇਕ ਰਾਸ਼ਟਰ, ਇੱਕ ਚੋਣ ਵਾਲਾ ਮੁੱਦਾ ਤਾਂ ਕਾਫ਼ੀ ਹਦ ਤਕ ਹੱਲ ਤਾਂ ਹੋ ਜਾਵੇਗਾ, ਪਰ ਇਹ ਯਕੀਨੀ ਨਹੀਂ ਬਣਾਇਆ ਜਾ ਸਕਦਾ ਕਿ ਜਿਸ ਨਵੇਂ ਨੇਤਾ ਨੂੰ ਚੁਣਿਆ ਹੈ ਉਸ ਦੇ ਖ਼ਿਲਾਫ਼ ਫਿਰ ਦੁਬਾਰਾ ਬੇਵਿਸ਼ਵਾਸੀ ਦਾ ਮਤਾ ਨਾ ਆਵੇ, ਉਸ ਤਰ੍ਹਾਂ ਇਹ ਵੀ ਲੋਕਤੰਤਰ ਦੀ ਭਾਵਨਾ ਨੂੰ ਪ੍ਰਭਾਵਿਤ ਕਰਦਾ ਹੈ। ਭਾਰਤ ਵਿੱਚ ਪਾਰਲੀਮੈਂਟ 'ਤੇ ਆਧਾਰਿਤ ਸਰਕਾਰ ਬਣਦੀ ਹੈ ਜਿਵੇਂ ਵਿਧਾਨ ਸਭਾ ਦਾ ਮੁਖੀ ਅਤੇ ਪਾਰਲੀਮੈਂਟ ਜੇਤੂ ਪਾਰਟੀ ਦੇ ਨੇਤਾ ਨੇ ਕ੍ਰਮਵਾਰ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਬਣਨਾ ਹੈ। ਇਸ ਦੇ ਉਲਟ ਜਿਨ੍ਹਾਂ ਦੇਸ਼ਾਂ ਵਿੱਚ ਪ੍ਰਧਾਨਗੀ ਕਿਸਮ ਦੀ ਸਰਕਾਰ ਹੈ, ਜਿਵੇਂ ਅਮਰੀਕਾ ਜਿਥੇ ਪ੍ਰਧਾਨ ਦੀ 4 ਸਾਲ ਬਾਅਦ ਚੋਣ ਹੋਣੀ ਹੈ। ਪ੍ਰਾਂਤਾਂ ਦੇ ਮੁਖੀ ਗਵਰਨਰ ਅਤੇ ਕੇਂਦਰ ਦੇ ਮੁਖੀ ਪ੍ਰਧਾਨ ਦੇ ਨਾਲ ਪ੍ਰਤੀਨਿਧੀਆਂ ਦੇ ਭਵਨ ਵਿੱਚ ਵਿਰੋਧੀ ਪਾਰਟੀ ਦੀ ਬਹੁਗਿਣਤੀ ਹੋ ਸਕਦੀ ਹੈ, ਪਰ ਇਸ ਤਰ੍ਹਾਂ ਦੀ ਸਥਿਤੀ ਵਿੱਚ ਵੀ ਰਾਸ਼ਟਰਪਤੀ ਜਾਂ ਕਿਸੇ ਪ੍ਰਾਂਤ ਦਾ ਗਵਰਨਰ ਆਪਣਾ ਕਾਰਜਕਾਲ ਪੂਰਾ ਕਰ ਸਕਦਾ ਹੈ, ਉਸ ਤਰ੍ਹਾਂ ਦੇ ਪ੍ਰਧਾਨਗੀ ਤਰਜ ਵਾਲੇ ਦੇਸ਼ਾਂ ਵਿੱਚ ਇੱਕ ਰਾਸ਼ਟਰ ਇੱਕ ਚੋਣ ਹੋ ਸਕਦੀ ਹੈ, ਪਰ ਪਾਰਲੀਮੈਂਟਰੀ ਕਿਸਮ ਦੀ ਸਰਕਾਰ ਵਿੱਚ ਇਹ ਸੰਭਵ ਨਹੀਂ ਕਿ ਹਾਊਸ ਦੇ ਨੇਤਾ ਖ਼ਿਲਾਫ਼, ਹਾਊਸ ਦੇ ਬਹੁਗਿਣਤੀ ਮੈਂਬਰ ਹੋਣ 'ਤੇ ਤਾਂ ਵੀ ਉਸ ਦੀ ਸਰਕਾਰ ਚਲਦੀ ਰਹੇ। ਭਾਵੇਂ ਇੱਕ ਦੇਸ਼-ਇੱਕ ਚੋਣ ਨਾਲ ਸਮੇਂ ਅਤੇ ਖ਼ਰਚ ਦੀ ਬੱਚਤ ਤਾਂ ਹੁੰਦੀ ਹੈ, ਪਰ ਦੇਸ਼ ਦੇ ਪੱਧਰ 'ਤੇ ਇਨ੍ਹਾਂ ਚੋਣਾਂ ਲਈ ਕੀਤਾ ਜਾਣ ਵਾਲਾ ਖ਼ਰਚ ਅਤੇ ਦਿੱਤੇ ਜਾਣ ਵਾਲੇ ਸਮੇਂ ਦੀ ਜਮਹੂਰੀਅਤ ਨਾਲੋਂ ਜ਼ਿਆਦਾ ਮਹੱਤਤਾ ਨਹੀਂ ਰੱਖਦੀ। ਹੁਣ ਜਦੋਂ ਕਿ ਸਾਬਕਾ ਰਾਸ਼ਟਰਪਤੀ ਦੇ ਅਧੀਨ ਇਸ ਦੀ ਸੰਭਾਵਨਾ ਲਈ ਇੱਕ ਕਮੇਟੀ ਬਣੀ ਹੈ ਉਹ ਉਸ ਯੋਗ ਵਿਵਸਥਾ ਦੀ ਭਾਲ ਵਿੱਚ ਹੈ, ਜਿਸ ਨਾਲ ਕਿ ਇੱਕ ਦੇਸ਼-ਇੱਕ ਚੋਣ ਦੀ ਵਿਵਸਥਾ ਸੰਭਵ ਬਣ ਸਕੇ, ਪਰ ਇਸ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਆਸਾਨੀ ਨਾਲ ਦੂਰ ਨਹੀਂ ਕੀਤਾ ਜਾ ਸਕਦਾ ਅਤੇ ਇੱਕ ਰਾਸ਼ਟਰ-ਇਸ ਦੀ ਸੰਭਾਵਨਾ ਬਹੁਤ ਘੱਟ ਹੈ।

# ਪੰਜਾਬ ਅੰਦਰ ਪੈਦਾ ਹੋਈ ਬੇਚੈਨੀ ਅਤੇ ਲਾਮਬੰਦੀਆਂ



ਰਣਜੀਤ ਸਿੰਘ ਕੁਕੀ

ਪੰਜਾਬ ਦੇ ਅਸ਼ਾਂਤ ਮਾਲਵਾ ਖੇਤਰ ਵਿੱਚ ਇਸ ਵਾਰ ਸੋਸ਼ਲ ਮੀਡੀਆ ਦੇ ਪ੍ਰਭਾਵਕ ਭਾਨਾ ਸਿੱਧੂ ਦੀ ਗ੍ਰਿਫਤਾਰੀ ਤੋਂ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨ ਅਤੇ ਲਾਮਬੰਦੀ ਇਹ ਦਰਸਾਉਂਦੀ ਹੈ ਕਿ ਕਿਸੇ ਵੀ ਰਾਜਨੀਤਿਕ ਇਕਾਈ ਦੇ ਕੰਟਰੋਲ ਤੋਂ ਬਾਹਰ, ਰਾਜ ਵਿੱਚ ਵਿਰੋਧ ਅਤੇ ਬੇਚੈਨੀ ਦੇ ਤੱਤ ਪੈਦਾ ਹੁੰਦੇ ਰਹਿੰਦੇ ਹਨ। ਪਿਛਲੇ ਹਫ਼ਤੇ ਜਿਸ ਤਰ੍ਹਾਂ ਦੀਆਂ ਘਟਨਾਵਾਂ ਸਾਹਮਣੇ ਆਈਆਂ, ਉਹ ਵਿਰੋਧ

ਸਿਰਫ਼ ਭਾਨਾ ਸਿੱਧੂ ਲਈ ਹੀ ਨਹੀਂ ਸਨ, ਸਗੋਂ ਕਈ ਮੁੱਦਿਆਂ 'ਤੇ ਪੈਦਾ ਹੋਈ ਨਿਰਾਸ਼ਾ ਨੂੰ ਉਜਾਗਰ ਕਰਦੇ ਸਨ। ਇਹ ਵਿਰੋਧ ਪ੍ਰਦਰਸ਼ਨ, ਜ਼ਾਹਰ ਤੌਰ 'ਤੇ ਰਾਜ ਸਰਕਾਰ ਦੇ ਵਿਰੁੱਧ, ਸਿਆਸੀ ਗਤੀਸ਼ੀਲਤਾ ਨੂੰ ਦਰਸਾਉਂਦੇ ਹਨ ਕਿਉਂਕਿ ਵਿਰੋਧੀ ਪਾਰਟੀਆਂ ਇਨ੍ਹਾਂ ਨੂੰ ਐਂਕਰ ਜਾਂ ਕੰਟਰੋਲ ਕਰਨ ਵਿੱਚ ਅਸਮਰੱਥ ਰਹੀਆਂ ਹਨ। ਬਦਲੇ ਵਿੱਚ, ਵਿਰੋਧੀ ਪਾਰਟੀਆਂ ਇਸ ਨੂੰ ਸਥਾਪਤ ਕਰਨ ਦੀ ਬਜਾਏ, ਪੰਜਾਬੀ ਕਾਰਕੁਨਾਂ ਅਤੇ ਨੇਟੀਜ਼ਨਾਂ ਦੁਆਰਾ ਨਿਰਧਾਰਤ ਬਿਰਤਾਂਤ ਦੀ ਪਾਲਣਾ ਕਰ ਰਹੀਆਂ ਹਨ।

ਇੱਥੋਂ ਤੱਕ ਕਿ, ਲਾਮਬੰਦੀ ਦਾ ਪੱਧਰ ਕਿਸੇ ਵੀ ਰਾਜਨੀਤਿਕ ਇਕਾਈ ਦੀ ਸਮਰੱਥਾ ਤੋਂ ਬਾਹਰ ਜਾਪਦਾ ਹੈ। ਪੰਜਾਬ ਨੇ ਇਸ ਸਿਆਸੀ ਗਤੀਸ਼ੀਲਤਾ ਦਾ ਪ੍ਰਗਟਾਵਾ ਉਦੋਂ ਕੀਤਾ ਜਦੋਂ ਕਿਸਾਨ ਅੰਦੋਲਨ 2020 ਵਿੱਚ ਸ਼ੁਰੂ ਹੋਇਆ ਸੀ। ਉਦੋਂ ਵੀ ਇਹ ਅੰਦੋਲਨ ਕਿਸੇ ਵੀ ਸਿਆਸੀ ਪਾਰਟੀ ਦੇ ਵੱਸ ਤੋਂ ਬਾਹਰ ਸੀ, ਪਰ ਕੈਪਟਨ ਅਮਰਿੰਦਰ ਸਿੰਘ ਸਰਕਾਰ, ਜਿਸ ਕੋਲ ਸੁਖਾਵਾਂ ਬਹੁਮਤ ਸੀ, ਨੇ ਇਸ ਨੂੰ ਬੜੀ ਹੁਸ਼ਿਆਰੀ ਨਾਲ ਸੰਭਾਲਿਆ।

2022 ਦੇ ਸ਼ੁਰੂ ਵਿੱਚ, ਆਮ ਆਦਮੀ ਪਾਰਟੀ ਇਸ ਰਾਜਨੀਤਿਕ ਗਤੀਸ਼ੀਲਤਾ ਦੀ ਸਭ ਤੋਂ ਵੱਡੀ ਲਾਭਪਾਤਰੀ ਬਣ ਗਈ ਅਤੇ ਇਸ ਨੂੰ ਕਿਸਾਨ ਅੰਦੋਲਨ ਦੁਆਰਾ ਵਧਾਇਆ ਗਿਆ ਕਿਉਂਕਿ ਕਿਸਾਨ ਨੇਤਾਵਾਂ ਨੇ ਵੀ ਬਦਲਾਵ (ਤਬਦੀਲੀ) ਦੀਆਂ ਗੱਲਾਂ ਨੂੰ ਹਵਾ ਦਿੱਤੀ। 2022 ਵਿੱਚ ਨਵੀਂ ਚੁਣੀ ਗਈ ਸਰਕਾਰ ਨੂੰ ਮੱਤੇਵਾੜਾ ਇੰਡਸਟਰੀਅਲ ਪਾਰਕ ਦੇ ਖ਼ਿਲਾਫ਼ ਇੱਕ ਵੱਡੀ ਲਾਮਬੰਦੀ ਦਾ ਸਾਹਮਣਾ ਕਰਨਾ ਪਿਆ। 10 ਜੁਲਾਈ, 2022 ਨੂੰ ਜ਼ਮੀਨੀ ਅਤੇ ਸੋਸ਼ਲ ਮੀਡੀਆ 'ਤੇ ਕਾਰਕੁਨਾਂ ਦੁਆਰਾ ਚਲਾਏ ਗਏ ਵਿਰੋਧ ਪ੍ਰਦਰਸ਼ਨ ਨੇ ਲਾਮਬੰਦੀ ਦੇ ਇੱਕ ਹੈਰਾਨੀਜਨਕ ਪੱਧਰ ਵੱਲ ਅਗਵਾਈ ਕੀਤੀ ਅਤੇ ਬਾਅਦ ਵਿੱਚ ਪ੍ਰੋਜੈਕਟ ਨੂੰ ਵਾਪਸ ਲੈ ਲਿਆ ਗਿਆ।




ਦੋ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ, ਸੱਤਾਧਾਰੀ ਪਾਰਟੀ ਨੂੰ ਕੁਝ ਮੁੱਦਿਆਂ 'ਤੇ ਵਿਰੋਧ ਦੇ ਉਸੇ ਤੱਤ ਅਤੇ ਭਾਵਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਨੇ ਪਹਿਲਾਂ 2014 ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਪੈਰ ਜਮਾਉਣ ਅਤੇ ਫਿਰ ਰਾਜ ਵਿੱਚ ਸੱਤਾ ਵਿੱਚ ਆਉਣ ਵਿੱਚ ਸਹਾਇਤਾ ਕੀਤੀ। ਜ਼ੀਰਾ ਨੇੜੇ ਡਿਸਟਿਲਰੀ ਵਿਰੁੱਧ ਮੋਰਚਾ ਉਸ ਤੋਂ ਬਾਅਦ ਸ਼ੁਰੂ ਹੋਇਆ ਸੀ ਜੋ ਅਜੇ ਵੀ ਜਾਰੀ ਹੈ। ਲਤੀਫਪੁਰਾ, ਜਲੰਧਰ ਵਿੱਚ ਢਾਹੇ ਜਾਣ ਦੇ ਖਿਲਾਫ ਸ਼ੁਰੂਆਤੀ ਤਣਾਅ ਅਤੇ ਪ੍ਰਦਰਸ਼ਨ ਸੀ , ਪਰ ਇਹ ਮੁੱਦਾ ਕੁਝ ਮਹੀਨਿਆਂ ਵਿੱਚ ਭਾਫ ਗੁਆ ਬੈਠਾ। ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਮੋਹਾਲੀ ਵਿਖੇ ਕੌਮੀ ਇਨਸਾਫ਼ ਮੋਰਚਾ ਲਗਾਤਾਰ ਜਾਰੀ ਹੈ ਪਰ ਬਹੁਤ ਹੀ ਘੱਟ ਪ੍ਰਭਾਵਸ਼ਾਲੀ ਢੰਗ ਨਾਲ। ਤਿੰਨ

ਵਿਵਾਦਗ੍ਰਸਤ ਸੰਸਦੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਕੇਂਦਰ ਦੇ ਫੈਸਲੇ ਤੋਂ ਬਾਅਦ ਆਪਣੀ ਜਿੱਤ ਤੋਂ ਉਤਸ਼ਾਹਿਤ, ਕਿਸਾਨ ਸਮੂਹਾਂ ਨੇ ਖੇਤੀਬਾੜੀ ਨਾਲ ਸਬੰਧਤ ਕਈ ਮੁੱਦਿਆਂ 'ਤੇ ਵਿਰੋਧ ਪ੍ਰਦਰਸ਼ਨਾਂ ਦਾ ਸਹਾਰਾ ਲਿਆ ਹੈ। ਇਹ ਗਰੁੱਪ ਹੋਰ ਵਿਰੋਧ ਪ੍ਰਦਰਸ਼ਨਾਂ ਲਈ ਵੀ ਸ਼ਮੂਲੀਅਤ ਅਤੇ ਲਾਮਬੰਦੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ ਹਨ। ਸੰਗਰੂਰ ਵਿੱਚ ਸ਼ਨੀਵਾਰ ਨੂੰ ਧੂਰੀ ਲਈ ਲਾਮਬੰਦੀ ਦੌਰਾਨ ਪੁਲਿਸ ਬੈਰੀਕੇਡਾਂ ਨੂੰ ਹਟਾਉਣ ਲਈ ਵਰਤੇ ਗਏ ਟਰੈਕਟਰਾਂ 'ਤੇ ਕਿਸਾਨ ਜਥੇਬੰਦੀਆਂ ਦੇ ਝੰਡੇ ਸਨ, ਜੋ ਸਿੱਖ ਝੰਡਿਆਂ ਅਤੇ ਨਾਅਰਿਆਂ ਨਾਲ ਸਹਿਜੇ ਹੀ ਰਲਦੇ ਨਜ਼ਰ ਆ ਰਹੇ ਸਨ। ਦਿਲਚਸਪ ਗੱਲ ਇਹ ਹੈ ਕਿ ਕਿਸਾਨ ਅੰਦੋਲਨ ਦੀ ਨਕਲ ਕਰਦੇ ਹੋਏ, ਵਿਚਾਰਧਾਰਕ ਤੌਰ 'ਤੇ ਵੰਨ-ਸੁਵੰਨੇ ਸਮੂਹ ਵੱਖ-ਵੱਖ ਮੁੱਦਿਆਂ 'ਤੇ ਹੱਥ ਮਿਲਾਉਂਦੇ ਰਹੇ ਹਨ। ਇਸ ਤਰ੍ਹਾਂ ਦੀ ਅੰਤਰ-ਦ੍ਰਿਸ਼ਟੀ ਦੇ ਵਿਚਕਾਰ ਰਾਜ ਦਾ ਘਮੰਡ ਵਿਰੋਧ ਪ੍ਰਦਰਸ਼ਨ ਸ਼ੁਰੂ ਕਰਨ ਅਤੇ ਅੰਦੋਲਨ ਦਾ ਰੂਪ ਧਾਰਨ ਕਰਨ ਲਈ ਇੱਕ ਹੁਲਾਰਾ ਹੈ।

# ਪੰਜਾਬ ਦੀ ਤਬਾਹੀ ਦਾ ਸੂਚਕ ਹੈ ਅਸਾਧਾਰਨ ਪਰਵਾਸ



ਗੁਰਪ੍ਰੀਤ ਸਿੰਘ ਤੂਰ
ਆਈ.ਪੀ.ਐਸ.
98158-00405

ਪਰਵਾਸ ਨੂੰ ਕੁਦਰਤੀ ਵਰਤਾਰਾ ਆਖਿਆ ਗਿਆ ਹੈ। ਜਦੋਂ ਮਨੁੱਖ ਰੁਜ਼ਗਾਰ ਦੇ ਚੰਗੇ ਮੌਕਿਆਂ ਤੇ ਜੀਵਨ ਜਿਊਣ ਦੀਆਂ ਬਿਹਤਰ ਹਾਲਤਾਂ ਦੀ ਭਾਲ 'ਚ ਆਪਣਾ ਮੂਲ ਸਥਾਨ ਛੱਡ ਕੇ ਦੇਸ਼ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਂ ਇੱਕ ਦੇਸ਼ ਤੋਂ ਦੂਜੇ ਦੇਸ਼ ਜਾ ਵਸਦੇ ਹਨ, ਪਰਵਾਸ ਕਹਾਉਂਦਾ ਹੈ। ਸਦੀਆਂ ਤੋਂ ਪ੍ਰਚੱਲਿਤ ਪਰਵਾਸ ਨੂੰ ਸੁਭਾਵਿਕ ਵਰਤਾਰਾ ਮੰਨਿਆ ਗਿਆ ਹੈ।

ਪੰਜਾਬ 'ਚੋਂ ਪਰਵਾਸ ਦੀਆਂ ਪੈੜਾਂ ਪਿਛਲੀ ਸਦੀ ਦੇ ਸ਼ੁਰੂ 'ਚ ਵੇਖੀਆਂ ਜਾ ਸਕਦੀਆਂ ਹਨ। ਗ਼ਦਰੀ ਬਾਬਿਆਂ ਤੇ ਸਿੱਖ ਫ਼ੌਜੀਆਂ ਨੇ ਪਰਵਾਸ ਦੀ ਪੰਜਾਬੀਆਂ ਨਾਲ ਜਾਣ-ਪਛਾਣ ਕਰਵਾਈ। ਕਲਕੱਤਾ ਬੰਦਰਗਾਹ ਅੱਜ ਤੱਕ ਪੰਜਾਬੀਆਂ ਦੇ ਚੇਤਿਆਂ 'ਚ ਖੁਣੀ ਹੋਈ ਹੈ। ਕਮਾਈ ਕਰਨ ਗਏ ਇਹ ਲੋਕ ਮਹੀਨਿਆਂ ਬਾਅਦ ਹੀ ਪਰਿਵਾਰ ਲਈ ਪੈਸੇ ਭੇਜਣ ਲੱਗ ਜਾਂਦੇ ਸਨ। ਇਵੇਂ ਲੋਕ ਘਰਾਂ ਨੂੰ ਰੰਗ ਕਰਾ ਲੈਂਦੇ, ਸਾਈਕਲ-ਸਕੂਟਰ ਖਰੀਦ ਲੈਂਦੇ, ਕੋਈ ਕਮਰਾ ਛੱਤ ਲੈਂਦੇ ਅਤੇ ਕਈ ਨਵੇਂ ਘਰ ਵੀ ਬਣਾ ਲੈਂਦੇ ਸਨ। ਇਵੇਂ ਵਿਦੇਸ਼ਾਂ ਤੋਂ ਆਏ ਪੈਸੇ ਨੇ ਪੰਜਾਬੀ ਜੀਵਨ ਨੂੰ ਖੁਸ਼ੀਆਂ ਤੇ ਖੁਸ਼ਹਾਲੀ ਪ੍ਰਦਾਨ ਕੀਤੀ। ਕਈ ਘਰ ਅਜਿਹੀ ਆਰਥਿਕ ਮਦਦ ਨਾਲ ਜ਼ਮੀਨ ਵੀ ਖਰੀਦ ਲੈਂਦੇ ਅਤੇ ਕਈ ਰੌਣਕ ਮੇਲੇ ਵਾਲਾ ਵਿਆਹ ਕਰ ਲੈਂਦੇ। ਪਿੰਡਾਂ 'ਚ ਅੱਜ ਵੀ ਕਈ ਘਰ ਵੇਖੇ ਜਾ ਸਕਦੇ ਹਨ, ਜਿਨ੍ਹਾਂ ਉੱਪਰ 'ਬਰਮਾ ਵਾਲੇ', 'ਮਲਾਇਆ ਵਾਲੇ' ਲਿਖਿਆ ਮਿਲਦਾ ਹੈ। 'ਕੈਨੇਡਾ ਤੇ ਅਮਰੀਕਾ ਵਾਲੇ' ਇਹ ਨਾਂਅ ਕਈ ਪਰਿਵਾਰਾਂ ਦੀ ਪਹਿਚਾਣ ਬਣੇ ਹੋਏ ਹਨ। ਕਈ ਪਰਿਵਾਰਾਂ ਦਾ ਇੱਕ ਭਰਾ ਇੱਥੇ ਕੰਮ 'ਚ ਰੁੱਝ ਗਿਆ ਤੇ ਇੱਕ ਵਿਦੇਸ਼ ਚਲਾ ਗਿਆ। ਇਵੇਂ ਪਰਿਵਾਰ ਦੇ ਇਸ ਰੂਪ ਨੇ ਪਿੰਡਾਂ ਨੂੰ ਸੋਹਣੇ ਰੰਗਾਂ 'ਚ ਰੰਗਿਆ। ਕਈ ਵਿਅਕਤੀ ਵਿਦੇਸ਼ਾਂ 'ਚ ਅੱਠ-ਦਸ ਸਾਲ ਕਮਾਈ ਕਰਕੇ ਵਾਪਸ ਵੀ ਮੁੜ ਆਉਂਦੇ ਸਨ ਪਰ ਪਰਵਾਸ ਦੀ ਕਤਾਰ, ਡਾਰ ਕਿਵੇਂ ਤੇ ਕਦੋਂ ਬਣੀ ਇਹ ਅੱਜ ਵਿਚਾਰਨ ਦਾ ਵਿਸ਼ਾ ਹੈ?

1990 ਤੱਕ ਪ੍ਰਾਂਤ ਪ੍ਰਤੀ ਵਿਅਕਤੀ ਆਮਦਨੀ ਦੇ ਆਧਾਰ 'ਤੇ ਸਿਖਰ 'ਤੇ ਰਿਹਾ। ਲੇਕਿਨ ਉਸ ਤੋਂ ਬਾਅਦ ਨਿਘਾਰ ਸ਼ੁਰੂ ਹੋਇਆ। ਹਾਕਮਾਂ ਨੇ ਆਪਣੀਆਂ ਕੁਰਸੀਆਂ ਬਰਕਰਾਰ ਰੱਖਣ ਲਈ ਪਹਿਲਾਂ ਖੇਤੀ ਸੈਕਟਰ ਲਈ ਬਿਜਲੀ ਮੁਫ਼ਤ ਕਰ ਦਿੱਤੀ, ਫਿਰ ਚੋਣਵੇਂ ਉਦਯੋਗਿਕ ਸੈਕਟਰ ਲਈ ਬਿਜਲੀ ਸਬਸਿਡੀ ਲਾਗੂ ਹੋਈ। ਅਜਿਹੀਆਂ ਨੀਤੀਆਂ ਕਾਰਨ ਪ੍ਰਾਂਤ 'ਤੇ ਕਰਜ਼ੇ ਦੇ ਹਾਲਾਤ ਇੱਥੋਂ ਤੱਕ ਵਿਗੜ ਗਏ ਕਿ ਵਿਆਜ ਮੋੜਨ ਲਈ ਵੀ ਵਿਆਜ 'ਤੇ ਪੈਸੇ ਚੁੱਕਣੇ ਪੈ ਰਹੇ ਹਨ। ਹੁਣ ਸਾਲਾਨਾ ਬਜਟ ਦਾ ਲਗਭਗ ਤਿਮਾਹੀ ਹਿੱਸਾ ਕਰਜ਼ਾ ਮੋੜਨ ਲਈ ਖਰਚਿਆ ਜਾ ਰਿਹਾ ਹੈ, ਲਗਭਗ ਅੱਧਾ ਹਿੱਸਾ ਪੱਕੇ ਖਰਚਿਆਂ 'ਤੇ ਖਰਚ ਹੁੰਦਾ ਹੈ। ਇਵੇਂ ਬਹੁਤ ਥੋੜ੍ਹੀ ਰਕਮ ਵਿੱਦਿਆ, ਸਿਹਤ, ਰੈਗੂਲਰ ਨੌਕਰੀਆਂ ਤੇ ਵਿਕਾਸ ਦੇ ਕੰਮਾਂ ਲਈ ਬਾਕੀ ਬਚਦੀ ਹੈ। 1990 ਤੱਕ ਵਿੱਦਿਆ ਅਤੇ ਸਿਹਤ 'ਤੇ ਸਾਲਾਨਾ ਬਜਟ ਦਾ ਕ੍ਰਮਵਾਰ 22 ਤੇ 12 ਪ੍ਰਤੀਸ਼ਤ ਖਰਚਿਆ ਜਾਂਦਾ ਸੀ, ਜੋ 2022-23 ਦੇ ਬਜਟ 'ਚ ਘਟ ਕੇ ਕ੍ਰਮਵਾਰ 13 ਤੇ 5 ਪ੍ਰਤੀਸ਼ਤ ਰਹਿ ਗਿਆ ਹੈ। ਸਰਹੱਦੀ ਤੇ ਸੀਮਾਬੱਧ ਪ੍ਰਾਂਤ ਹੋਣ ਕਰਕੇ ਪ੍ਰਾਂਤ 'ਚ ਉਦਯੋਗ ਦੀਆਂ ਸੰਭਾਵਨਾਵਾਂ ਪਹਿਲਾਂ ਹੀ ਘੱਟ ਸਨ, ਜ਼ਮੀਨ ਦੀ ਵੱਧ ਕੀਮਤ ਤੇ ਕੱਚੇ ਮਾਲ ਦੀ ਥੋੜ ਨੇ ਇਨ੍ਹਾਂ ਸੰਭਾਵਨਾਵਾਂ ਨੂੰ ਹੋਰ ਸੀਮਤ ਕਰ ਦਿੱਤਾ। ਅਜਿਹੀਆਂ ਹਾਲਤਾਂ 'ਚ ਪੰਜਾਬ ਨੂੰ ਆਈ.ਟੀ. ਸੈਕਟਰ ਦੀ ਵੱਡੀ ਲੋੜ ਸੀ। ਮਾਹਿਰਾਂ ਅਨੁਸਾਰ 'ਹਵਾਈ ਸੰਪਰਕ, ਤਕਨੀਕੀ ਮਾਨਵੀ ਸਰੋਤ ਅਤੇ ਮਦਦਗਾਰ ਰਾਜਨੀਤਕ ਤੇ ਪ੍ਰਸ਼ਾਸਨਿਕ ਰਵੱਈਆ ਆਈ.ਟੀ. ਸੈਕਟਰ ਦੇ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।' ਸਾਡੇ ਕੋਲ ਮੁਹਾਲੀ ਤੇ ਅੰਮ੍ਰਿਤਸਰ ਅੰਤਰਰਾਸ਼ਟਰੀ ਏਅਰਪੋਰਟ ਹੋਣ ਦੇ ਬਾਵਜੂਦ ਵੀ ਅਸੀਂ ਆਈ.ਟੀ. ਸੈਕਟਰ ਵਿਕਸਿਤ ਨਹੀਂ ਕਰ ਸਕੇ। ਭਾਵੇਂ ਕਿ ਪਿਛਲੀ ਸਦੀ ਦੇ ਆਖਰੀ ਦਹਾਕੇ 'ਚ ਸਾਨੂੰ ਇਹ ਮੌਕਾ ਮਿਲਿਆ ਸੀ, ਜਦੋਂ ਕਿ ਕਈ ਅੰਤਰਰਾਸ਼ਟਰੀ ਕੰਪਨੀਆਂ ਨੇ ਮੁਹਾਲੀ ਵਿਖੇ ਦਫ਼ਤਰ ਵੀ ਖੋਲ੍ਹੇ ਸਨ। ਦੂਜੇ ਪਾਸੇ ਹੈਦਰਾਬਾਦ, ਚੇਨਈ, ਮੁੰਬਈ ਤੇ ਗੁੜਗਾਓਂ ਵਰਗੇ ਸ਼ਹਿਰਾਂ ਨੇ ਇਸੇ ਮੌਕੇ ਦਾ ਭਰਪੂਰ ਲਾਭ ਉਠਾਇਆ। ਨੌਜਵਾਨਾਂ ਲਈ ਰੁਜ਼ਗਾਰ ਪੱਖੋਂ ਇਹ ਇਕ ਵੱਡਾ ਪਛਤਾਵਾ ਹੈ। ਇਸ ਦਾ ਪੰਜਾਬ 'ਤੇ ਵੱਡਾ ਨਾਂਹਪੱਖੀ ਪ੍ਰਭਾਵ ਪਿਆ।



ਸਰਕਾਰੀ, ਅਰਧ ਸਰਕਾਰੀ ਨੌਕਰੀਆਂ ਤੇ ਆਈ.ਟੀ. ਰੁਜ਼ਗਾਰ ਦਾ ਪਰਦੇ ਤੋਂ ਅਲੋਪ ਹੋ ਜਾਣਾ, ਘੱਟੋ-ਘੱਟ ਨੌਕਰੀਆਂ ਦਾ ਪ੍ਰਬੰਧ ਉਹ ਵੀ ਠੇਕੇ 'ਤੇ ਹੋਣਾ, ਲੋਕ ਪੱਖੀ ਸਰਕਾਰੀ ਨੀਤੀਆਂ ਦੀ ਅਣਹੋਂਦ ਤੇ ਬੇਪ੍ਰਵਾਹ ਪ੍ਰਸ਼ਾਸਨਿਕ ਰਵੱਈਆ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਕਾਮਿਆਂ ਨੂੰ ਘੱਟ ਵੇਤਨ ਦਰ ਆਦਿ ਕਾਰਨਾਂ ਕਰਕੇ ਨੌਜਵਾਨ ਹਰ ਹਾਲਤ 'ਚ ਵਿਦੇਸ਼ ਜਾਣ ਲਈ ਮਜਬੂਰ ਹੋਣ ਲੱਗੇ। ਪ੍ਰਾਂਤ 'ਚ ਨਸ਼ਿਆਂ ਦੀ ਮਾਰ ਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੇ ਇਸ ਮਜਬੂਰੀ ਨੂੰ ਗੂੜ੍ਹਾ ਕਰ ਦਿੱਤਾ। ਕਾਲੇ ਧਨ ਨੇ ਬੇਰੁਜ਼ਗਾਰ ਨੌਜਵਾਨਾਂ ਦਾ ਸਾਹ ਘੁੱਟ ਲਿਆ। ਸਾਲ 2015-16 ਦੌਰਾਨ ਵਿਕਸਿਤ ਦੇਸ਼ਾਂ ਖ਼ਾਸ ਤੌਰ 'ਤੇ ਕੈਨੇਡਾ ਵੱਲੋਂ ਸਟੱਡੀ ਵੀਜ਼ੇ ਦੀਆਂ ਨਰਮ ਨੀਤੀਆਂ ਨੇ ਵਿਦਿਆਰਥੀਆਂ ਤੇ ਮਾਪਿਆਂ ਦੇ ਮਨਾਂ 'ਚ ਵਿਦੇਸ਼ ਜਾਣ ਦੀ ਕਾਹਲ ਪਾ ਦਿੱਤੀ। ਇਵੇਂ ਆਇਲੈਟਸ ਪਾਸ ਕਰਵਾਉਣ ਵਾਲੇ ਸੈਂਟਰ ਅਤੇ ਇਮੀਗ੍ਰੇਸ਼ਨ ਕੰਪਨੀਆਂ ਖੁੰਬਾਂ ਵਾਂਗ ਹੋਂਦ 'ਚ ਆ ਗਈਆਂ।

ਲੁਧਿਆਣਾ ਤੋਂ ਬਠਿੰਡਾ ਜਾਂਦਿਆਂ ਰਾਏਕੋਟ ਸ਼ਹਿਰ ਦੇ ਬਾਈਪਾਸ (1.2 ਕਿ.ਮੀ.) 'ਤੇ ਖੱਬੇ ਪਾਸੇ 32 ਅਤੇ ਸੱਜੇ ਪਾਸੇ 28 ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰ ਹਨ। ਇਵੇਂ ਮੋਗਾ ਸ਼ਹਿਰ ਵਿਚੋਂ ਲੁਧਿਆਣਾ ਤੋਂ ਫ਼ਿਰੋਜ਼ਪੁਰ ਵੱਲ ਨੂੰ ਲੰਘਦਿਆਂ (1.5 ਕਿ.ਮੀ.) ਖੱਬੇ ਤੇ ਸੱਜੇ ਪਾਸੇ ਕ੍ਰਮਵਾਰ 25 ਅਤੇ 32 ਅਜਿਹੇ ਸੈਂਟਰ ਹਨ। ਪੰਜਾਬ ਦੇ ਕਈ ਕਸਬਿਆਂ, ਹਰ ਤਹਿਸੀਲ ਅਤੇ ਜ਼ਿਲ੍ਹਾ ਹੈਡਕੁਆਟਰਾਂ ਦੀਆਂ ਮੁੱਖ ਸੜਕਾਂ ਅਤੇ ਬੱਸ ਅੱਡਿਆਂ ਨੇੜੇ ਅਜਿਹੇ ਸੈਂਟਰਾਂ ਦੀ ਭਰਮਾਰ ਹੈ। ਪ੍ਰਾਂਤ ਦੀਆਂ ਮੁੱਖ ਸੜਕਾਂ ਅਤੇ ਸ਼ਹਿਰਾਂ 'ਚੋਂ ਲੰਘਦੇ ਹਾਈਵੇਜ਼ ਤੋਂ ਇਨ੍ਹਾਂ ਇਮੀਗ੍ਰੇਸ਼ਨ ਸੈਂਟਰਾਂ ਦੀ ਇਸ਼ਤਿਹਾਰਬਾਜ਼ੀ ਪ੍ਰਤੱਖ ਨਜ਼ਰ ਆਉਂਦੀ ਹੈ। ਵੱਡੀਆਂ-ਵੱਡੀਆਂ ਇਮੀਗ੍ਰੇਸ਼ਨ ਕੰਪਨੀਆਂ ਅਖ਼ਬਾਰਾਂ 'ਚ ਸਫ਼ੇ-ਸਫ਼ੇ ਦਾ ਇਸ਼ਤਿਹਾਰ ਦਿੰਦੀਆਂ ਹਨ ਅਤੇ ਲਗਾਤਾਰ ਵੱਖੋ-ਵੱਖ ਸ਼ਹਿਰਾਂ ਦੇ ਨਾਮਵਰ ਹੋਟਲਾਂ 'ਚ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਜਾਣਕਾਰੀ ਸੈਸ਼ਨ ਲਾਉਂਦੀਆਂ ਹਨ। ਕਈ ਕਾਲਜਾਂ ਦਾ ਸਟਾਫ਼ ਵੀ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਅਜਿਹੀਆਂ ਮੰਜ਼ਿਲਾਂ ਤੱਕ ਪਹੁੰਚਾਉਂਦਾ ਹੈ। ਇਨ੍ਹਾਂ ਆਇਲੈਟਸ ਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਹੋਂਦ ਟਿਊਬਵੈੱਲ ਪੰਪਾਂ ਵਾਂਗ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਮਨੁੱਖੀ ਪਹੁੰਚ ਤੋਂ ਦੂਰ ਲਿਜਾ ਰਹੇ ਹਨ, ਇਵੇਂ ਹੀ ਇਹ ਸੈਂਟਰ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ 'ਚ ਕੋਹਾਂ ਦੂਰ ਪਹੁੰਚਾ ਰਹੇ ਹਨ। ਜਦੋਂ ਕਿ ਸਿਸਟਮ ਘੂਕ ਸੁੱਤਾ ਪਿਆ ਹੈ ਅਤੇ ਬੁੱਧੀਜੀਵੀ ਚੁੱਪ ਹਨ। ਡੇਢ ਵਰ੍ਹੇ ਪਹਿਲਾਂ ਅਸੀਂ ਹਾਕੀ ਵਰਲਡ ਕੱਪ ਵੇਖਣ ਓਡੀਸ਼ਾ ਦੇ ਸ਼ਹਿਰ ਭੁਵਨੇਸ਼ਵਰ ਗਏ। ਉੱਥੇ ਅਜਿਹੇ ਆਇਲੈਟਸ ਤੇ ਇਮੀਗ੍ਰੇਸ਼ਨ ਇਸ਼ਤਿਹਾਰਾਂ ਵਾਲਾ ਇੱਕ ਵੀ ਬੋਰਡ ਨਜ਼ਰ ਨਹੀਂ ਆਇਆ, ਜਦੋਂ ਕਿ ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਵਾਲੇ ਇਸ਼ਤਿਹਾਰੀ ਬੋਰਡਾਂ ਦੀ ਭਰਮਾਰ ਸੀ। ਸ਼ਹਿਰ ਦੀ ਪਬਲਿਕ ਲਾਇਬ੍ਰੇਰੀ ਨੌਜਵਾਨ ਮੁੰਡੇ-ਕੁੜੀਆਂ ਨਾਲ ਤੂਸੀ ਪਈ ਸੀ। ਲਾਇਬ੍ਰੇਰੀਅਨ ਨੇ ਦੋਵਾਂ ਹੱਥਾਂ 'ਚ ਸਿਰ ਫੜ ਕੇ ਹੌਲੀ ਜਿਹੇ ਦੱਸਿਆ ਕਿ ਸਾਨੂੰ ਵਾਧੂ ਮੇਜ਼ ਕੁਰਸੀਆਂ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ, ਫ਼ਿਰ ਉਹ ਇਸ਼ਾਰੇ ਨਾਲ ਸਾਨੂੰ ਦੋ-ਤਿੰਨ ਕਮਰਿਆਂ ਵੱਲ ਲੈ ਗਈ, ਜਿਨ੍ਹਾਂ ਨੂੰ ਆਰਜ਼ੀ ਤੌਰ 'ਤੇ ਰੀਡਿੰਗ ਰੂਮਜ਼ ਵਿੱਚ ਬਦਲਿਆ ਹੋਇਆ ਸੀ। ਪੰਜਾਬ 'ਚ ਅਜਿਹਾ ਇਕੱਠ ਪਾਸਪੋਰਟ ਦਫ਼ਤਰਾਂ ਤੇ ਆਇਲੈਟਸ ਸੈਂਟਰਾਂ 'ਤੇ ਵੇਖਿਆ ਜਾਂਦਾ ਹੈ।

ਵਿੱਦਿਅਕ ਖੇਤਰ ਦਾ ਲੰਬਾ ਤਜਰਬਾ ਰੱਖਣ ਵਾਲੇ ਇੱਕ ਵਿੱਦਿਆ ਸ਼ਾਸਤਰੀ ਅਨੁਸਾਰ 'ਸਾਲ 2004-05 ਦੌਰਾਨ ਕਾਲਜ 'ਚ ਨਵੇਂ ਦਾਖਲਿਆਂ ਦੀ ਰੌਣਕ ਘਟਣ ਲੱਗ ਪਈ ਸੀ। ਸਾਲ 2007-08 ਦੇ ਸੈਸ਼ਨ ਤੋਂ ਕਾਲਜਾਂ ਦੇ ਹਾਜ਼ਰੀ ਰਜਿਸਟਰਾਂ 'ਚ ਪਰਵਾਸ ਦੇ ਪ੍ਰਭਾਵ ਪ੍ਰਤੱਖ ਨਜ਼ਰ ਆਉਣ ਲੱਗ ਪਏ ਸਨ। ਜਦੋਂ ਸੌਖੇ ਸਟੱਡੀ ਵੀਜ਼ੇ ਦੀ ਸ਼ੁਰੂਆਤ ਹੋਈ ਤਾਂ 2016 ਤੋਂ ਬਾਅਦ ਇਹ ਪ੍ਰਭਾਵ ਤੇਜ਼ੀ ਨਾਲ ਵਧਿਆ ਅਤੇ ਹੁਣ ਕਈ ਕਾਲਜਾਂ ਦੀ ਦਾਖਲਾ ਦਰ 50 ਪ੍ਰਤੀਸ਼ਤ ਡਿਗ ਚੁੱਕੀ ਹੈ। ਪੇਂਡੂ ਅਤੇ ਸਬ-ਅਰਬਨ ਖੇਤਰ ਦੇ ਕਾਲਜ ਵੱਧ ਪ੍ਰਭਾਵਿਤ ਹੋਏ ਹਨ। ਲੁਧਿਆਣਾ ਨੇੜਲੇ ਇੱਕ ਨਾਮਵਰ ਕਾਲਜ ਦੇ ਸਟਾਫ਼ ਨੂੰ ਪਿਛਲੇ 18 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇਸ ਕਾਲਜ ਦੀ ਪ੍ਰਬੰਧਕ ਕਮੇਟੀ ਕਾਲਜ ਦੇ ਖੇਡ ਮੈਦਾਨਾਂ ਨੂੰ ਵੇਚਣ ਦਾ ਵਿਚਾਰ ਕਰ ਰਹੀ ਹੈ। ਇਸੇ ਜ਼ਿਲ੍ਹੇ ਦੇ ਇੱਕ ਹੋਰ ਕਾਲਜ ਦੇ ਸਟਾਫ਼ ਤੇ ਪ੍ਰਬੰਧਕ ਕਮੇਟੀ ਵਿਚਕਾਰ ਝਗੜਾ ਚੱਲ ਰਿਹਾ ਹੈ। ਪ੍ਰਬੰਧਕ ਕਮੇਟੀ ਕੁਝ ਕੋਰਸਾਂ/ਵਿਸ਼ਿਆਂ ਨੂੰ ਬੰਦ ਕਰਨ ਦਾ ਨੋਟਿਸ ਦੇ ਚੁੱਕੀ ਹੈ। ਜਦੋਂ ਕਿ ਸਟਾਫ਼ ਦੀ ਇਹ ਮੰਗ ਹੈ ਕਿ ਉਹ ਜੀਵਨ ਦੇ ਅੱਧ ਵਿਚਕਾਰ ਕਿੱਧਰ ਜਾਣ, ਉਨ੍ਹਾਂ ਅਨੁਸਾਰ ਪ੍ਰਬੰਧਕ ਕਮੇਟੀ ਦਾ ਇਹ ਫ਼ੈਸਲਾ ਸਮੁੰਦਰ ਦੇ ਅੱਧ ਵਿਚਕਾਰ ਕਿਸ਼ਤੀ ਵਾਪਸ ਮੰਗਣ ਵਾਂਗ ਹੈ। ਦੇਸ਼ ਵੰਡ ਸਮੇਂ ਕੁਝ ਪਰਿਵਾਰਾਂ ਵੱਲੋਂ (ਬਾਕੀ ਸਫ਼ਾ 31 'ਤੇ)

# ਮੌਸਮ 'ਤੇ ਪਿਆ ਗਲੋਬਲ ਵਾਰਮਿੰਗ ਦਾ ਪ੍ਰਭਾਵ

ਸਿਆਲ ਦੇ ਦਸੰਬਰ ਅਤੇ ਜਨਵਰੀ ਮਹੀਨਿਆਂ ਦੌਰਾਨ, ਪਹਾੜੀ ਰਾਜਾਂ ਵਿੱਚ ਬਰਫ਼ਬਾਰੀ ਆਮ ਗੱਲ ਹੈ ਅਤੇ ਉੱਤਰੀ ਭਾਰਤੀ ਰਾਜਾਂ ਵਿੱਚ ਸਿਆਲ ਦੀ ਲੋੜੀਂਦੀ ਬਾਰਿਸ਼ ਹੁੰਦੀ ਹੈ ਪਰ ਇਸ ਵਾਰ ਦਸੰਬਰ 'ਚ ਬਾਰਿਸ਼ ਦੀ ਭਾਰੀ ਕਮੀ ਹੋਣ ਕਾਰਨ 1 ਤੋਂ 30 ਜਨਵਰੀ ਤੱਕ ਉੱਤਰ-ਪੱਛਮੀ ਭਾਰਤ ਦੇ ਛੇ ਰਾਜਾਂ 'ਚ ਮੀਂਹ ਨਹੀਂ ਪਿਆ। ਦੋ ਰਾਜਾਂ, ਹਿਮਾਚਲ ਅਤੇ ਉੱਤਰਾਖੰਡ ਵਿੱਚ ਘੱਟ ਬਾਰਿਸ਼ ਹੋਈ। ਇਸ ਦਾ ਕਾਰਨ ਮਜ਼ਬੂਤ ਵੈਸਟਰਨ ਡਿਸਟਰਬੈਂਸ ਦੀ ਅਣਹੋਂਦ ਦੱਸਿਆ ਜਾਂਦਾ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਅਸਧਾਰਨ ਮੌਸਮ ਦਾ ਇਹ ਪੈਟਰਨ ਵੀ ਗਲੋਬਲ ਵਾਰਮਿੰਗ ਦਾ ਪ੍ਰਭਾਵ ਹੈ। ਵੈਸਟਰਨ ਡਿਸਟਰਬੈਂਸ ਐਕਸਟਰਟ੍ਰੋਪਿਕਲ ਤੂਫ਼ਾਨ ਹਨ ਜੋ ਮੈਡੀਟੇਰੀਅਨ ਖੇਤਰ ਤੋਂ ਉੱਠਦੇ ਹਨ ਅਤੇ ਭਾਰਤ ਦੇ ਹਿਮਾਲਿਆ ਵੱਲ ਵਧਦੇ ਹਨ ਅਤੇ ਇਹ ਪੱਛਮੀ ਗੜਬੜੀਆਂ ਉੱਚੇ ਪਹਾੜਾਂ ਵਿੱਚ ਸਰਦੀਆਂ ਵਿੱਚ ਬਰਫ਼ਬਾਰੀ ਦਾ ਕਾਰਨ ਬਣਦੀਆਂ ਹਨ ਅਤੇ ਭਾਰਤ ਦੇ ਹੇਠਲੇ ਪਹਾੜੀ ਰਾਜਾਂ ਦੇ ਮੈਦਾਨੀ ਖੇਤਰਾਂ ਵਿੱਚ ਬਾਰਸ਼ ਲਿਆਉਂਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਮਹੀਨਿਆਂ ਵਿੱਚ ਮੀਂਹ ਨਾ ਪੈਣ ਕਾਰਨ ਮੈਦਾਨੀ ਰਾਜਾਂ ਵਿੱਚ ਘੱਟੋ-ਘੱਟ ਦੋ ਹਫ਼ਤਿਆਂ ਤੱਕ ਸੰਘਣੀ ਧੁੰਦ ਅਤੇ ਅਤਿਅੰਤ ਠੰਡੇ ਦਿਨ ਸਨ ਅਤੇ ਹੁਣ ਵੀ ਠੰਢ ਘੱਟ ਨਹੀਂ ਹੋਈ ਹੈ। ਅੰਕੜਿਆਂ ਮੁਤਾਬਕ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਾਲ ਪਿਛਲੇ ਕਈ ਸਾਲਾਂ 'ਚ ਸਭ ਤੋਂ ਭਿਆਨਕ ਸੀਤ ਲਹਿਰ ਰਹੀ ਹੈ। ਜਨਵਰੀ ਮਹੀਨੇ 'ਚ ਠੰਡ ਦੇ ਨਾਲ-ਨਾਲ ਧੁੰਦ ਨੇ ਵੀ ਲੋਕਾਂ ਨੂੰ ਕਾਫੀ ਪ੍ਰੇਸ਼ਾਨ ਕੀਤਾ। ਸਥਿਤੀ ਅਜਿਹੀ ਹੈ ਕਿ ਚੰਗੀ ਵਿਜ਼ੀਬਿਲਟੀ ਨਾ ਹੋਣ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਹਰ ਸਾਲ ਆਉਣ ਵਾਲੇ ਮਜ਼ਬੂਤ ਪੱਛਮੀ ਗੜਬੜ ਦੀ ਅਣਹੋਂਦ ਕਾਰਨ, ਸੰਘਣੀ ਧੁੰਦ ਦੀ ਚਾਦਰ ਉੱਤਰੀ ਪੱਛਮੀ ਭਾਰਤ ਦੇ ਰਾਜਾਂ ਨੂੰ ਢੱਕ ਰਹੀ ਹੈ। ਸਥਿਤੀ ਇਹ ਹੈ ਕਿ ਜਨਵਰੀ ਦਾ ਮਹੀਨਾ ਖ਼ਤਮ ਹੋ ਗਿਆ ਹੈ ਪਰ ਧੁੰਦ ਦੂਰ ਨਹੀਂ ਹੋ ਰਹੀ। ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਧੁੰਦ ਦਿਖਾਈ ਦੇਣ ਲਈ ਹਲਕੀ ਹਵਾ, ਘੱਟ ਤਾਪਮਾਨ, ਸਾਫ ਅਸਮਾਨ ਅਤੇ ਹਵਾ ਵਿੱਚ ਜ਼ਿਆਦਾ ਨਮੀ ਦੀ ਲੋੜ ਹੁੰਦੀ ਹੈ ਅਤੇ ਇਹ ਸਭ ਕੁਝ ਜਨਵਰੀ ਮਹੀਨੇ ਦੌਰਾਨ ਉੱਤਰ ਪੱਛਮੀ ਭਾਰਤ ਦੇ ਮੌਸਮ ਵਿੱਚ ਮੌਜੂਦ ਰਿਹਾ। ਹਾਲਾਂਕਿ ਕੁਝ ਪੱਛਮੀ ਗੜਬੜੀਆਂ ਇੱਕ ਤੋਂ ਬਾਅਦ ਇੱਕ ਆਈਆਂ, ਪਰ ਇਹ ਕਮਜ਼ੋਰ ਵਿਗਾੜ ਪਹਾੜਾਂ ਨੂੰ ਮੀਂਹ ਅਤੇ ਬਰਫਬਾਰੀ ਦੇ ਹਾਲਾਤ ਨਹੀਂ ਦੇ ਸਕੇ। ਇਸ ਦੀ ਬਜਾਏ, ਉਹ ਨਮੀ ਨੂੰ ਵਧਾ ਰਹੇ ਹਨ. ਜਦੋਂ ਧੁੰਦ ਹੁੰਦੀ ਹੈ, ਤਾਂ ਇਹ ਸੂਰਜ ਦੀ ਗਰਮੀ ਨੂੰ ਘੱਟ ਨਹੀਂ ਹੋਣ ਦਿੰਦੀ ਅਤੇ ਤਾਪਮਾਨ ਵੀ ਨਹੀਂ ਵਧਾਉਂਦਾ, ਇਸ ਤਰ੍ਹਾਂ ਖੇਤਰਾਂ ਵਿੱਚ ਠੰਢਕ ਵਧ ਜਾਂਦੀ ਹੈ। ਜੇਕਰ ਅਸੀਂ ਆਈਐਮਡੀ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 23 ਜਨਵਰੀ ਤੱਕ ਦਿੱਲੀ, ਪੰਜਾਬ, ਹਰਿਆਣਾ, ਲੱਦਾਖ, ਜੰਮੂ-ਕਸ਼ਮੀਰ, ਚੰਡੀਗੜ੍ਹ ਵਿੱਚ ਕਿਤੇ ਵੀ ਮੀਂਹ ਨਹੀਂ ਪਿਆ, ਜਦੋਂ ਕਿ ਹਿਮਾਚਲ ਅਤੇ ਉੱਤਰਾਖੰਡ ਵਰਗੇ ਪਹਾੜੀ ਰਾਜਾਂ ਵਿੱਚ 99% ਮੀਂਹ ਦੀ ਕਮੀ ਦੇਖੀ ਗਈ। ਇੱਥੋਂ ਤੱਕ ਕਿ ਉੱਤਰ-ਪੂਰਬੀ ਰਾਜਾਂ ਵਿੱਚ ਜਿੱਥੇ ਮਾਨਸੂਨ ਦੇ ਮਹੀਨਿਆਂ ਦੌਰਾਨ ਬਾਰਸ਼ ਦੀ ਕਮੀ ਦੇਖੀ ਗਈ ਸੀ, ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਵਰਗੇ ਰਾਜਾਂ ਵਿੱਚ ਵੀ ਬਾਰਿਸ਼ ਦੀ ਕਮੀ ਦਰਜ ਕੀਤੀ ਗਈ ਸੀ। ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਆਮ ਤੌਰ 'ਤੇ ਹਰ ਸਾਲ ਦਸੰਬਰ ਅਤੇ ਜਨਵਰੀ ਵਿੱਚ, 5 ਤੋਂ 7 ਸਰਗਰਮ ਅਤੇ ਮਜ਼ਬੂਤ ਪੱਛਮੀ ਗੜਬੜੀ ਹੁੰਦੀ ਹੈ ਜੋ ਬਰਫਬਾਰੀ ਅਤੇ ਬਾਰਸ਼ ਨਾਲ ਉੱਤਰੀ ਪੱਛਮੀ ਭਾਰਤ ਨੂੰ ਪ੍ਰਭਾਵਿਤ ਕਰਦੀ ਹੈ। ਪਰ ਇਸ ਵਾਰ ਇਨ੍ਹਾਂ ਮਹੀਨਿਆਂ ਵਿੱਚ ਸਿਰਫ ਦੋ ਹੀ ਗੜਬੜੀ ਆਈਆਂ ਜਿਨ੍ਹਾਂ ਦਾ ਅਸਰ ਗੁਜਰਾਤ, ਉੱਤਰੀ ਮਹਾਰਾਸ਼ਟਰ ਅਤੇ ਪੂਰਬੀ ਰਾਜਸਥਾਨ ਵਿੱਚ ਪਿਆ। 'ਡਾਊਨ ਟੂ ਅਰਥ' ਨੇ 1 ਅਕਤੂਬਰ 2023, 23-24-2024 ਜਨਵਰੀ ਦੇ ਵਿਚਕਾਰ ਆਈਐਮਡੀ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਪਾਇਆ ਕਿ ਇਸ ਸਮੇਂ ਦੌਰਾਨ 21 ਪੱਛਮੀ ਗੜਬੜੀਆਂ ਆਈਆਂ, ਜਿਨ੍ਹਾਂ ਵਿੱਚੋਂ ਸਿਰਫ ਚਾਰ ਸਰਗਰਮ ਰਹੇ। ਮੌਸਮ ਵਿਭਾਗ ਅਨੁਸਾਰ ਜਨਵਰੀ ਦੇ ਆਖਰੀ ਹਫ਼ਤੇ ਅਤੇ ਫਰਵਰੀ ਦੇ ਪਹਿਲੇ ਹਫ਼ਤੇ ਦੋ ਪੱਛਮੀ ਗੜਬੜੀ ਦੀ ਭਵਿੱਖਬਾਣੀ ਕਾਰਨ ਪੱਛਮੀ ਉੱਤਰ-ਪੱਛਮੀ ਭਾਰਤ ਵਿੱਚ ਮੌਸਮ ਵਿੱਚ ਤਬਦੀਲੀ ਆਉਣ ਦੀ ਪੂਰੀ ਸੰਭਾਵਨਾ ਹੈ। 29 ਜਨਵਰੀ ਤੋਂ 4 ਫਰਵਰੀ ਤੱਕ ਅਗਲੇ 7 ਦਿਨਾਂ 'ਚ ਜੰਮੂ-ਕਸ਼ਮੀਰ, ਲੱਦਾਖ, ਹਿਮਾਚਲ ਸਮੇਤ ਕਈ ਸੂਬਿਆਂ 'ਚ ਹਲਕੀ ਤੋਂ ਦਰਮਿਆਨੀ ਬਾਰਿਸ਼ ਅਤੇ ਗਿੱਲੇ ਇਲਾਕਿਆਂ 'ਚ ਬਰਫਬਾਰੀ ਦੀ ਸੰਭਾਵਨਾ ਹੈ।, ਜੇਕਰ ਅਸੀਂ ਜਨਵਰੀ ਮਹੀਨੇ ਦੀ ਮੌਸਮ ਵਿਭਾਗ ਦੀ ਹਫਤਾਵਾਰੀ ਰਿਪੋਰਟ 'ਤੇ ਨਜ਼ਰ ਮਾਰੀਏ ਤਾਂ 18 ਤੋਂ 24 ਜਨਵਰੀ ਦਰਮਿਆਨ 14 ਸੂਬਿਆਂ 'ਚ ਮੀਂਹ ਨਹੀਂ ਪਿਆ, ਜਦਕਿ 13 ਸੂਬਿਆਂ 'ਚ 79-99 ਫੀਸਦੀ ਤੱਕ ਮੀਂਹ ਨਹੀਂ ਪਿਆ। 1 ਤੋਂ 24 ਜਨਵਰੀ ਤੱਕ ਦੇ 3 ਹਫ਼ਤਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਾ ਹੈ ਕਿ ਇਸ ਸਮੇਂ ਦੌਰਾਨ ਉੱਤਰ-ਪੂਰਬ ਦੇ (ਬਾਕੀ ਸਫ਼ਾ 30 'ਤੇ)



# ਮਾਲਦੀਵ ਦੇ ਚੀਨ ਵੱਲ ਵਧ ਰਹੇ ਝੁਕਾਅ ਬਾਰੇ ਭਾਰਤ ਕੀ ਨੀਤੀ ਅਪਨਾਵੇ ?

**ਖੁਸ਼ਵਿੰਦਰ ਸਿੰਘ**

4 ਜਨਵਰੀ, 2024 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਕਸ਼ਦੀਪ ਵਿੱਚ ਟਹਿਲਣ ਦੀਆਂ ਕੁਝ ਤਸਵੀਰਾਂ ਪੋਸਟ ਕੀਤੀਆਂ, ਹਾਲਾਂਕਿ ਇਨ੍ਹਾਂ ਤਸਵੀਰਾਂ 'ਚ ਮਾਲਦੀਵ ਦਾ ਕੋਈ ਜ਼ਿਕਰ ਨਹੀਂ ਸੀ ਪਰ ਮਾਲਦੀਵ ਸਰਕਾਰ 'ਚ ਬੈਠੇ ਕੁਝ ਸਿਆਸੀ ਲੋਕਾਂ ਨੇ ਇਸ ਪੋਸਟ 'ਤੇ ਇੰਨੀਆਂ ਤਿੱਖੀਆਂ ਟਿੱਪਣੀਆਂ ਕੀਤੀਆਂ ਕਿ ਸੋਸ਼ਲ ਮੀਡੀਆ 'ਤੇ ਇੱਕ ਬਵਾਲ ਖੜ੍ਹਾ ਹੋ ਗਿਆ। ਮਾਰਿਆ ਸ਼ਿਊਨਾ ਨਾਂਅ ਦੀ ਮੰਤਰੀ ਨੇ ਤਾਂ ਪ੍ਰਧਾਨ ਮੰਤਰੀ ਮੋਦੀ ਨੂੰ ਇਜ਼ਰਾਈਲ ਦੀ ਕਠਪੁਤਲੀ ਤੱਕ ਕਹਿ ਦਿੱਤਾ ਅਤੇ ਦੋ ਹੋਰ ਮੰਤਰੀਆਂ ਨੇ ਵੀ ਪ੍ਰਧਾਨ ਮੰਤਰੀ ਮੋਦੀ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ ਅਤੇ ਕਿਹਾ ਪੀ.ਐਮ. ਮੋਦੀ ਲਕਸ਼ਦੀਪ ਨੂੰ ਮਾਲਦੀਵ ਨਾਲ ਭਿੜਾ ਰਹੇ ਹਨ। ਮਸਲਾ ਇੱਥੋਂ ਤੱਕ ਵਧ ਗਿਆ ਕਿ ਸੋਸ਼ਲ ਮੀਡੀਆ 'ਤੇ ਬਾਈਕਾਟ ਮਾਲਦੀਵ ਦਾ ਟਰੈਂਡ ਚੱਲ ਪਿਆ ਅਤੇ ਦੋਹਾਂ ਦੇਸ਼ਾਂ ਦੇ ਦਹਾਕਿਆਂ ਪੁਰਾਣੇ ਦੋਸਤਾਨਾ ਸੰਬੰਧਾਂ 'ਚ ਦਰਾਰ ਪੈਂਦੀ ਸਪੱਸ਼ਟ ਨਜ਼ਰ ਆਈ। ਕਈ ਭਾਰਤੀਆਂ ਨੇ ਆਪਣੇ ਪਹਿਲਾਂ ਤੋਂ ਤੈਅ ਮਾਲਦੀਵ ਯਾਤਰਾ ਦੇ ਪ੍ਰੋਗਰਾਮ ਕੈਂਸਲ ਕਰ ਦਿੱਤੇ। ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਮਾਲਦੀਵ ਸਰਕਾਰ ਨੇ ਆਪਣਾ ਸਪੱਸ਼ਟੀਕਰਨ ਦਿੱਤਾ ਕਿ ਜੋ ਵਿਚਾਰ ਮਾਲਦੀਵ ਸਰਕਾਰ ਦੇ ਕੁਝ ਮੰਤਰੀਆਂ ਨੇ ਪ੍ਰਗਟਾਏ ਹਨ, ਉਹ ਉਨ੍ਹਾਂ ਦੇ ਨਿੱਜੀ ਹਨ, ਨਾ ਕਿ ਸਰਕਾਰ ਦੇ ਅਤੇ ਨਾਲ ਹੀ ਇਨ੍ਹਾਂ ਤਿੰਨ ਮੰਤਰੀਆਂ ਨੂੰ ਬਰਖ਼ਾਸਤ ਵੀ ਕਰ ਦਿੱਤਾ ਗਿਆ। ਦਰਅਸਲ ਇਹ ਮਾਮਲਾ ਲਕਸ਼ਦੀਪ ਬਨਾਮ ਮਾਲਦੀਵ ਦਾ ਨਹੀਂ ਸੀ, ਬਲਕਿ ਇਸ ਸਭ ਪਿੱਛੇ ਨ਼ਫ਼ਰਤ ਭਰੀ ਰਾਜਨੀਤੀ ਤੇ ਭੂ-ਰਾਜਨੀਤਿਕ ਏਜੰਡੇ ਕੰਮ ਕਰ ਰਹੇ ਹਨ, ਜਿਸ ਨੂੰ ਸਮਝਣਾ ਜ਼ਰੂਰੀ ਹੈ।



ਮਾਲਦੀਵ ਇੱਕ ਬਹੁਤ ਛੋਟਾ ਦੇਸ਼ ਹੈ, ਜਿਸ ਦੀ ਕੁੱਲ ਆਬਾਦੀ ਮਹਿਜ਼ ਪੰਜ ਲੱਖ ਹੈ। ਇਸ 'ਚ 1000 ਤੋਂ ਵੱਧ ਟਾਪੂ ਹਨ ਪਰ ਇਨ੍ਹਾਂ ਵਿਚੋਂ ਸਿਰ਼ਫ 200 'ਤੇ ਹੀ ਮਨੁੱਖੀ ਆਬਾਦੀ ਵਸਦੀ ਹੈ, ਜਿਸ 'ਚੋਂ 150 ਤੋਂ ਵੱਧ ਟਾਪੂ ਰਿਜ਼ੋਰਟ ਆਈਲੈਂਡ ਹਨ, ਭਾਵ ਪ੍ਰਾਈਵੇਟ ਕੰਪਨੀਆਂ ਨੂੰ ਵੇਚੇ ਜਾ ਚੁੱਕੇ ਹਨ ਅਤੇ ਉਨ੍ਹਾਂ ਨੇ ਇੱਥੇ ਵੱਡੇ-ਵੱਡੇ ਰਿਜ਼ੋਰਟ ਖੋਲ੍ਹ ਰੱਖੇ ਹਨ। ਮਾਲਦੀਵ ਦੀ ਆਰਥਿਕਤਾ ਟੂਰਿਜ਼ਮ 'ਤੇ ਨਿਰਭਰ ਹੈ, ਜਿਸ ਦਾ ਜੀ.ਡੀ.ਪੀ. ਵਿੱਚ ਹਿੱਸਾ 28 ਪ੍ਰਤੀਸ਼ਤ ਹੈ, ਇਸ ਤੋਂ ਇਲਾਵਾ 90 ਫ਼ੀਸਦੀ ਟੈਕਸ ਇੰਪੋਰਟ ਡਿਊਟੀ ਤੇ ਟੂਰਿਜ਼ਮ ਤੋਂ ਆਉਂਦਾ ਹੈ। ਮਜ਼ੇ ਦੀ ਗੱਲ ਇਹ ਹੈ ਕਿ ਮਾਲਦੀਵ 'ਚ ਸਭ ਤੋਂ ਵੱਧ ਸੈਲਾਨੀ ਭਾਰਤ ਤੋਂ ਹੀ ਆਉਂਦੇ ਹਨ। 2023 'ਚ ਲਗਭਗ 17.5 ਲੱਖ ਸੈਲਾਨੀ ਮਾਲਦੀਵ ਘੁੰਮਣ ਗਏ, ਜਿਸ 'ਚੋਂ 2 ਲੱਖ ਤੋਂ ਵੱਧ ਭਾਰਤੀ ਸਨ। ਵੈਸੇ ਦੋਵੇਂ ਮੁਲਕ ਸਾਲਾਂ ਤੋਂ ਰਣਨੀਤਕ ਸਹਿਯੋਗੀ ਰਹੇ ਹਨ ਅਤੇ ਦੋਹਾਂ 'ਚ ਫ਼ੌਜੀ ਸਹਿਯੋਗ ਵੀ ਸਮੇਂ-ਸਮੇਂ 'ਤੇ ਹੁੰਦਾ ਰਿਹਾ ਹੈ। 77 ਤੋਂ ਵੱਧ ਭਾਰਤੀ ਫ਼ੌਜੀ ਮਾਲਦੀਵ 'ਚ ਤਾਇਨਾਤ ਹਨ ਅਤੇ ਇਸ ਤੋਂ ਇਲਾਵਾ 2 ਧਰੁਵ ਐਡਵਾਂਸ ਹੈਲੀਕਾਪਟਰ ਵੀ ਭਾਰਤ ਨੇ 2010 ਤੇ 2015 'ਚ ਮਾਲਦੀਵ ਨੂੰ ਦਾਨ ਕੀਤੇ ਸਨ, ਜੋ ਕੁਦਰਤੀ ਆਫ਼ਤਾਂ, ਖੋਜ ਮੁਹਿੰਮਾਂ ਤੇ ਮੈਡੀਕਲ ਏਅਰਲਿਫ਼ਟਿੰਗ ਸਮੇਂ ਵਰਤੇ ਜਾਂਦੇ ਹਨ। ਇਸ ਤੋਂ ਇਲਾਵਾ ਭਾਰਤੀ ਫ਼ੌਜ ਦੇ ਜੰਗੀ ਬੇੜੇ ਵੀ ਮਾਲਦੀਵ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ ਤੇ ਆਸ-ਪਾਸ ਦੇ ਸਮੁੰਦਰ 'ਚ ਗ਼ੈਰ-ਕਾਨੂੰਨੀ ਸਰਗਰਮੀਆਂ ਨੂੰ ਰੋਕਣ ਅਤੇ ਅੱਤਵਾਦੀ ਹਮਲਿਆਂ ਤੋਂ ਵੀ ਸੁਰੱਖਿਆ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। 2009 'ਚ ਜਦੋਂ ਮਾਲਦੀਵ ਨੂੰ ਅੱਤਵਾਦੀ ਹਮਲਿਆਂ ਦਾ ਡਰ ਸੀ, ਉਦੋਂ ਵੀ ਉੱਥੋਂ ਦੀ ਸਰਕਾਰ ਨੇ ਭਾਰਤ ਨੂੰ ਹੀ ਬੇਨਤੀ ਕੀਤੀ ਸੀ, ਕਿਉਂਕਿ ਉਨ੍ਹਾਂ ਦੀ ਫ਼ੌਜ ਤੇ ਨਿਗਰਾਨੀ ਸਮਰੱਥਾ ਕੁਝ ਖ਼ਾਸ ਨਹੀਂ ਹੈ। ਭਾਰਤ ਦੀ ਇਹੀ ਮਦਦ ਅਤੇ ਭਾਰਤੀ ਫ਼ੌਜ ਦੀ ਉੱਥੇ ਮੌਜੂਦਗੀ ਕੁਝ ਸਿਆਸੀ ਦਲਾਂ ਨੂੰ ਰਾਸ ਨਹੀਂ ਸੀ ਆ ਰਹੀ, ਜੋ ਚੀਨ ਨਾਲ ਨੇੜਤਾ ਰੱਖਣ ਦੇ ਚਾਹਵਾਨ ਸਨ ਅਤੇ ਉਨ੍ਹਾਂ ਦੀ ਹੀ ਬਦੌਲਤ ਮਾਲਦੀਵ ਅੰਦਰ ਹੌਲੀ-ਹੌਲੀ ਇਹ ਮਸਲਾ ਇੱਕ ਰਾਜਨੀਤਿਕ ਵਿਵਾਦ ਦਾ ਰੂਪ ਧਾਰਨ ਕਰ ਗਿਆ ਅਤੇ ਇਨ੍ਹਾਂ ਪਾਰਟੀਆਂ ਨੇ ਭਾਰਤ ਦੀ ਫ਼ੌਜੀ ਮੌਜੂਦਗੀ ਦਾ ਭਾਰੀ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ 'ਇੰਡੀਆ ਆਊਟ' ਵਰਗੀਆਂ ਮੁਹਿੰਮਾਂ ਛਿੜ ਗਈਆਂ। ਪੀ.ਐਨ.ਸੀ. ਪਾਰਟੀ ਨੇ ਤਾਂ ਚੋਣਾਂ ਦਾ ਨਾਅਰਾ ਹੀ 'ਇੰਡੀਆ ਆਊਟ' ਦਾ ਦਿੱਤਾ ਸੀ ਅਤੇ ਇਸੇ ਪਾਰਟੀ ਨੇ ਕੁਝ ਮਹੀਨੇ ਪਹਿਲਾਂ ਚੋਣਾਂ 'ਚ ਜਿੱਤ ਹਾਸਿਲ ਕਰ ਕੇ ਸਰਕਾਰ ਦਾ ਗਠਨ ਕੀਤਾ। ਮਾਲਦੀਵ ਦੇ ਮੌਜੂਦਾ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਇਸੇ ਪਾਰਟੀ ਦੇ ਹਨ।

ਮਾਲਦੀਵ 'ਚ ਲਗਭਗ 30 ਸਾਲਾਂ ਤੱਕ ਤਾਨਾਸ਼ਾਹੀ ਰਹੀ ਹੈ ਪਰ ਉਸ ਦੌਰਾਨ ਵੀ ਲਗਭਗ ਮਾਲਦੀਵ ਦੇ ਭਾਰਤ ਨਾਲ ਸੰਬੰਧ ਚੰਗੇ ਰਹੇ। 2008 'ਚ ਉੱਥੇ ਨਵਾਂ ਸੰਵਿਧਾਨ ਸਥਾਪਿਤ ਹੋਇਆ ਅਤੇ ਮਲਟੀ ਪਾਰਟੀ ਡੈਮੋਕ੍ਰੇਸੀ ਸਿਸਟਮ ਆ ਗਿਆ ਅਤੇ ਐਮ.ਡੀ.ਪੀ. ਪਾਰਟੀ ਦੀ ਸਰਕਾਰ ਬਣੀ ਅਤੇ ਮੁਹੰਮਦ ਨਸ਼ੀਦ ਰਾਸ਼ਟਰਪਤੀ ਬਣੇ। ਇਨ੍ਹਾਂ ਦੀ ਵਿਦੇਸ਼ ਨੀਤੀ 'ਇੰਡੀਆ ਫ਼ਸਟ' ਦੀ ਸੀ। ਇਸ ਦੌਰਾਨ ਦੋਵੇਂ ਦੇਸ਼ ਕਾਫ਼ੀ ਨੇੜੇ ਆਏ ਅਤੇ ਮੁਹੰਮਦ ਨਸ਼ੀਦ ਦੇ ਕਹਿਣ 'ਤੇ ਹੀ ਭਾਰਤ ਨੇ ਫ਼ੌਜੀ ਉਪਕਰਨ ਮਾਲਦੀਵ ਨੂੰ ਦਾਨ ਕੀਤੇ, ਪਰ 2012 'ਚ ਮਾਲਦੀਵ 'ਚ ਸਿਆਸੀ ਉਥਲ-ਪੁਥਲ ਸ਼ੁਰੂ ਹੋ ਗਈ ਅਤੇ 2013 'ਚ ਨਵੀਂ ਪਾਰਟੀ ਪੀ.ਪੀ.ਐਮ. ਤਾਕਤ 'ਚ ਆ ਗਈ ਅਤੇ ਨਾਲ ਹੀ ਮਾਲਦੀਵ ਦੀ ਵਿਦੇਸ਼ ਨੀਤੀ ਵੀ ਬਦਲ ਗਈ, ਇਹ ਪਾਰਟੀ ਭਾਰਤ ਦੇ ਖ਼ਿਲਾਫ਼ ਸੀ ਅਤੇ ਚੀਨ ਦੇ ਨੇੜੇ ਸੀ। 2016 'ਚ ਉੱਥੋਂ ਦੀ ਸਰਕਾਰ ਨੇ ਭਾਰਤ ਨੂੰ ਇੱਥੋਂ ਤੱਕ ਕਹਿ ਦਿੱਤਾ ਕਿ ਉਹ ਆਪਣੇ ਦਾਨ ਕੀਤੇ ਹੈਲੀਕਾਪਟਰ ਵਾਪਸ ਲੈ ਲਵੇ। ਇਸ ਸਰਕਾਰ ਨੇ ਵੱਡੇ-ਵੱਡੇ ਇਨਫਰਾਸਟਰਕਚਰ ਪ੍ਰਾਜੈਕਟ ਚੀਨ ਦੀਆਂ ਕੰਪਨੀਆਂ ਨੂੰ ਦੇ ਦਿੱਤੇ ਅਤੇ ਮਾਲਦੀਵ ਚੀਨ ਦੀ ਬੀ.ਆਰ.ਆਈ. ਯੋਜਨਾ ਦਾ ਹਿੱਸਾ ਵੀ ਬਣ ਗਿਆ, ਜਿਸ ਨੂੰ ਭਾਰਤ ਆਪਣੇ ਹਿੱਤਾਂ ਦੇ ਉਲਟ ਵੇਖਦਾ ਆਇਆ ਹੈ, ਨਾਲ ਹੀ ਇਸ ਸਮੇਂ ਦੌਰਾਨ ਮਾਲਦੀਵ ਨੇ ਚੀਨ ਤੋਂ 1.5 ਬਿਲੀਅਨ ਡਾਲਰ ਦਾ ਵੱਡਾ ਕਰਜ਼ ਵੀ ਚੁੱਕ ਲਿਆ। ਇਸ ਸਮੇਂ ਦੌਰਾਨ ਦੋਹਾਂ ਦੇਸ਼ਾਂ ਦੇ ਸੰਬੰਧ ਵਿਗੜੇ ਅਤੇ ਭਾਰਤ ਦੀ ਰਣਨੀਤਕ ਸਥਿਤੀ ਵੀ ਇਸ ਖੇਤਰ 'ਚ ਕਮਜ਼ੋਰ ਹੋ ਗਈ। 2018 'ਚ ਇੱਕ ਵਾਰ ਫਿਰ ਸੱਤਾ ਪਲਟੀ ਅਤੇ ਐਮ.ਡੀ.ਪੀ. ਦੀ ਸਰਕਾਰ ਆਈ ਅਤੇ ਨਾਲ ਹੀ ਇੱਕ ਵਾਰ ਫਿਰ ਮਾਲਦੀਵ ਦੀ ਭਾਰਤ ਪ੍ਰਤੀ ਵਿਦੇਸ਼ ਨੀਤੀ ਬਦਲ ਗਈ। ਨਵੇਂ ਬਣੇ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਹੇਲ ਨੇ ਸਭ ਤੋਂ ਪਹਿਲਾਂ ਹੈਲੀਕਾਪਟਰਾਂ ਦੇ ਵਿਵਾਦ ਨੂੰ ਠੱਲ੍ਹ ਪਾਉਂਦੇ ਹੋਏ ਇਸ ਦੇ ਸਮਝੌਤੇ ਦੀ ਤਰੀਕ 'ਚ ਵਾਧਾ ਕਰ ਦਿੱਤਾ। ਇਕ ਵਾਰ ਫਿਰ ਤੋਂ 'ਇੰਡੀਆ ਫ਼ਸਟ' ਦੀ ਨੀਤੀ ਅਪਣਾਈ ਗਈ ਅਤੇ ਭਾਰਤ ਨੇ ਬਿਲੀਅਨ ਡਾਲਰ ਮਾਲਦੀਵ ਨੂੰ ਚੀਨ ਦੇ ਕਰਜ਼ ਜਾਲ 'ਚੋਂ ਨਿਕਲਣ ਲਈ ਮੁਹੱਈਆ ਕਰਵਾਏ। ਕੋਵਿਡ ਸਮੇਂ ਵੈਕਸੀਨ ਵੀ ਮੁਹੱਈਆ ਕਰਵਾਈ। 1995 'ਚ ਭਾਰਤ ਵੱਲੋਂ ਉੱਥੇ ਬਣਵਾਇਆ ਗਿਆ ਇੰਦਰਾ ਗਾਂਧੀ ਮੈਮੋਰੀਅਲ ਹਸਪਤਾਲ ਅੱਜ ਵੀ ਮਾਲਦੀਵ ਦਾ ਸਭ ਤੋਂ ਵੱਡਾ ਹਸਪਤਾਲ ਹੈ। 2020 ਦੇ ਲਗਭਗ ਦੋਵਾਂ ਦੇਸ਼ਾਂ 'ਚ ਵੱਡੀ ਗਿਣਤੀ 'ਚ ਆਪਸੀ ਸਮਝੌਤੇ ਹੋਏ ਪਰ ਨਾਲ ਦੀ ਨਾਲ ਇੱਕ ਭਾਰਤ ਵਿਰੋਧੀ ਲਹਿਰ ਵੀ ਅੰਦਰਖਾਤੇ ਜ਼ੋਰ ਫੜਦੀ ਗਈ, ਜਿਸ ਨੇ ਭਾਰਤ ਬਾਹਰ ਜਾਓ ਦੀ ਭਾਵਨਾ ਨੂੰ ਕਾਫ਼ੀ ਮਜ਼ਬੂਤ ਕੀਤਾ। 2021 ਤੱਕ ਕਈ ਭਾਰਤ ਵਿਰੋਧੀ ਲੇਖ ਤੇ ਸੋਸ਼ਲ ਮੀਡੀਆ ਪੋਸਟਾਂ ਪ੍ਰਕਾਸ਼ਿਤ ਹੋਈਆਂ ਅਤੇ ਇਸ ਦੇ ਵਿਰੁੱਧ ਪੱਤਰ ਜੋ ਭਾਰਤੀ ਰਾਜਦੂਤਾਂ ਨੇ ਮਾਲਦੀਵ ਵਿਦੇਸ਼ ਮੰਤਰਾਲੇ ਨੂੰ ਲਿਖੇ, ਵੀ ਮੀਡੀਆ ਵਿੱਚ ਨਸ਼ਰ ਹੋ ਗਏ, ਜਿਸ ਦੀ ਐਮ.ਡੀ.ਪੀ. ਸਰਕਾਰ ਨੇ ਮੁਆਫ਼ੀ ਵੀ ਮੰਗੀ। 'ਇੰਡੀਆ ਆਊਟ' ਲਹਿਰ ਦਾ ਅਸਲ ਅਰਥ ਭਾਰਤੀ ਲੋਕਾਂ ਨੂੰ ਮਾਲਦੀਵ 'ਚੋਂ ਕੱਢਣਾ ਨਹੀਂ, ਬਲਕਿ ਭਾਰਤੀ ਫ਼ੌਜ ਨੂੰ ਉੱਥੋਂ ਕੱਢਣਾ ਹੈ। ਮਾਲਦੀਵ ਦੀ ਸਰਕਾਰ ਵਿਰੋਧੀ ਪਾਰਟੀ ਪੀ.ਪੀ.ਐਮ. ਦਾ ਦਾਅਵਾ ਸੀ ਕਿ ਅਸਲ ਵਿੱਚ ਐਮ.ਡੀ.ਪੀ. ਸਰਕਾਰ ਨੇ ਭਾਰਤ ਸਰਕਾਰ ਨਾਲ ਕੁਝ ਬੜੇ ਹੀ ਗੁਪਤ ਸਮਝੌਤੇ ਕੀਤੇ ਹੋਏ ਹਨ, ਜਿਨ੍ਹਾਂ ਦੀ ਜਾਣਕਾਰੀ ਜਨਤਾ ਤੋਂ ਛੁਪਾ ਕੇ ਰੱਖੀ ਜਾ ਰਹੀ ਹੈ ਅਤੇ ਇਹ ਗੱਲ ਲੋਕਤੰਤਰ ਦੀ ਅਸਲ ਭਾਵਨਾ ਨੂੰ ਸੱਟ ਮਾਰਦੀ ਹੈ। ਰਾਸ਼ਟਰੀ ਸੁਰੱਖਿਆ ਦਾ ਬਹਾਨਾ ਲਾ ਕੇ ਸਰਕਾਰ ਲੋਕਾਂ ਤੋਂ ਇਹ ਜਾਣਕਾਰੀ ਨਹੀਂ ਛੁਪਾ ਸਕਦੀ।

ਉਨ੍ਹਾਂ ਅਨੁਸਾਰ ਇੱਕ ਸਮਝੌਤੇ ਮੁਤਾਬਿਕ ਤਾਂ ਭਾਰਤ ਦੀ ਫ਼ੌਜ ਨੂੰ ਸਾਲਾਂ ਤੋਂ ਬਿਨਾਂ ਰੋਕ-ਟੋਕ ਮਾਲਦੀਵ ਦੇ ਇੱਕ ਟਾਪੂ ਦਾ ਕਬਜ਼ਾ ਹੀ ਮਿਲਿਆ ਹੋਇਆ ਹੈ, ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਮਾਲਦੀਵ ਦੀ ਜਨਤਾ 'ਚ ਸਰਕਾਰ ਪ੍ਰਤੀ ਰੋਸ ਹੋਰ ਵਧ ਗਿਆ ਅਤੇ 2023 'ਚ ਐਮ.ਡੀ.ਪੀ. ਚੋਣਾਂ 'ਚ ਹਾਰ ਗਈ ਅਤੇ ਪੀ.ਪੀ.ਐਮ. ਨੇ ਪੀ.ਐਨ.ਸੀ. ਪਾਰਟੀ ਨਾਲ ਗੱਠਜੋੜ ਕਰ ਕੇ ਸਰਕਾਰ ਬਣਾ ਲਈ ਤੇ ਪੀ.ਐਨ.ਸੀ. ਪਾਰਟੀ ਦੇ ਮੁਹੰਮਦ ਮੁਇਜ਼ੂ ਨਵੰਬਰ 2023 'ਚ ਨਵੇਂ ਰਾਸ਼ਟਰਪਤੀ ਬਣ ਗਏ ਅਤੇ ਸਿਰਫ਼ ਇੱਕ ਹਫ਼ਤੇ ਬਾਅਦ ਭਾਰਤੀ ਅਧਿਕਾਰੀਆਂ ਦੇ ਮੰਤਰੀਆਂ ਨਾਲ ਇੱਕ ਬੈਠਕ ਕਰ ਕੇ ਭਾਰਤੀ ਫ਼ੌਜ ਨੂੰ ਮਾਲਦੀਵ ਛੱਡਣ ਦੀ ਗੱਲ ਕਹਿ ਦਿੱਤੀ। ਇਸ ਤੋਂ ਸਿਰਫ਼ ਡੇਢ ਮਹੀਨੇ ਬਾਅਦ ਹੀ ਮਾਲਦੀਵ ਦੀ ਨਵੀਂ ਸਰਕਾਰ ਦੇ ਮੰਤਰੀ ਸੋਸ਼ਲ ਮੀਡੀਆ ਦੇ ਪਲੇਟਫ਼ਾਰਮ 'ਤੇ ਖੁੱਲ੍ਹੇਆਮ ਭਾਰਤੀ ਪ੍ਰਧਾਨ ਮੰਤਰੀ ਨੂੰ ਅਪਸ਼ਬਦ ਕਹਿਣ ਲੱਗੇ ਅਤੇ ਅਪਮਾਨਜਨਕ ਟਿੱਪਣੀਆਂ ਵੀ ਕੀਤੀਆਂ ਗਈਆਂ।

(ਬਾਕੀ ਸਫ਼ਾ 31 'ਤੇ)

# ਸਿੰਥੈਟਕ ਦੁੱਧ ਦੇ ਰੂਪ ਵਿੱਚ ਵਿੱਕ ਰਹੀ ਹੈ ਜ਼ਹਿਰ

**ਕਸ਼ਮੀਰ ਸਿੰਘ ਕਾਦੀਆਂ**

ਇਨਸਾਨ ਅਤੇ ਉਸ ਦੀ ਔਲਾਦ ਲਈ ਦੁੱਧ ਬੜੀ ਮਹੱਤਤਾ ਰੱਖਦਾ ਹੈ ਪਰ ਕੁਝ ਸ਼ੈਤਾਨ ਲੋਕ ਇਸ ਵਿੱਚ ਕੈਮੀਕਲ ਮਿਲਾ ਕੇ ਸਿੰਥੈਟਿਕ ਨਕਲੀ ਦੁੱਧ ਬਣਾ ਕੇ ਪੰਜਾਬ ਸਮੇਤ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਸਪਲਾਈ ਕਰਕੇ ਜਨਤਾ ਨੂੰ ਬਿਮਾਰੀਆਂ ਅਤੇ ਕੈਂਸਰ ਵੰਡ ਰਹੇ ਹਨ। ਪਿਛਲੇ ਸਮੇਂ ਪੰਜਾਬ ਵਿੱਚ ਲੰਪੀ ਸਕਿਨ ਦੀ ਬਿਮਾਰੀ ਦੇ ਬਾਵਜੂਦ ਵੀ ਪੰਜਾਬ ਵਿੱਚ ਕਿਸੇ ਕਸਬੇ ਸ਼ਹਿਰਾਂ ਵਿੱਚੋਂ ਦੁੱਧ ਦੀ ਕਿੱਲਤ ਦੀ ਕੋਈ ਖਬਰ ਪੜਨ ਨੂੰ ਨਹੀਂ ਮਿਲੀ। ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਉਤਪਾਦਾਂ ਲੱਸੀ, ਮੱਖਣ, ਪਨੀਰ, ਦੇਸੀ ਘਿਓ ਆਦਿ ਦੀ ਲਿਸਟ ਬਹੁਤ ਲੰਬੀ ਹੋ ਜਾਂਦੀ ਹੈ। ਕਈ ਤਰ੍ਹਾਂ ਦੇ ਜ਼ਹਿਰੀਲੇ ਕੈਮੀਕਲ ਵਰਤ ਕੇ ਲਾਲਚੀ ਅਤੇ ਮੁਨਾਫ਼ਾਖੋਰ ਲੋਕ ਨਿੱਤ ਨਵਾਂ ਜ਼ਹਿਰੀਲਾ ਰਸਾਇਨ ਲੱਭਦੇ ਅਤੇ ਵਰਤਦੇ ਹਨ। ਭਾਰਤ ਦੀਆਂ ਸਰਕਾਰਾਂ (ਕੇਂਦਰ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ) ਕੋਈ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੀਆਂ।



ਮਨੁੱਖ ਆਦਿ ਕਾਲ ਤੋਂ ਪਸ਼ੂਆਂ ਦੇ ਦੁੱਧ ਤੋਂ ਖੁਰਾਕ ਲੈਂਦਾ ਆ ਰਿਹਾ ਹੈ। ਅੰਨ੍ਹੇ ਮੁਨਾਫੇ ਲਈ ਕਿਸੇ ਵੀ ਹੱਦ ਤਕ ਜਾਣ ਵਾਲੀ ਹਵਾਨੀਅਤ ਸੋਚ ਕਾਰਨ ਅੱਜ ਬਾਜ਼ਾਰ ਵਿੱਚ ਅਸਲੀ ਨਾਲੋਂ ਕਈ ਗੁਣਾ ਵੱਧ ਨਕਲੀ ਦੁੱਧ ਵਿਕਦਾ ਹੈ। ਅਸਲੀ ਦੁੱਧ ਜਿੱਥੇ ਕੁਦਰਤੀ ਨਿਆਮਤ ਹੈ, ਉੱਥੇ ਨਕਲੀ ਜਾਂ ਮਿਲਾਵਟ ਵਾਲਾ ਦੁੱਧ ਜ਼ਹਿਰ ਸਮਾਨ ਹੈ। ਇਹ ਦੁੱਧ ਕਈ ਬਿਮਾਰੀਆਂ ਦੀ ਜੜ੍ਹ ਬਣਦਾ ਹੈ। ਇਹ ਪ੍ਰਸ਼ਾਸਨ ਦੀ ਅਣਗਹਿਲੀ ਅਤੇ ਕਿਤੇ ਨਾ ਕਿਤੇ ਮਿਲੀ ਭੁਗਤ ਤੋਂ ਬਿਨਾਂ ਸੰਭਵ ਨਹੀਂ ਹੈ। ਇਹ ਠੀਕ ਹੈ ਕਿ ਮਨੁੱਖ ਦੇ ਜੀਣ ਲਈ ਖੁਰਾਕ ਇੱਕ ਜ਼ਰੂਰੀ ਅੰਗ ਹੈ ਅਤੇ ਦੁੱਧ ਨੂੰ ਹੁਣ ਤਕ ਸੰਪੂਰਨ ਖੁਰਾਕ ਸਮਝਿਆ ਜਾਂਦਾ ਹੈ ਪ੍ਰੰਤੂ ਦੁਖਾਂਤ ਇਹ ਹੈ ਕਿ ਜਿੱਥੇ ਵਿਗਿਆਨ ਨੇ ਨਵੀਆਂ ਨਵੀਆਂ ਕਾਢਾਂ ਰਾਹੀਂ ਮਨੁੱਖ ਦੇ ਜੀਵਨ ਵਾਸਤੇ ਸਿਹਤਮੰਦ ਖਾਧ ਪਦਾਰਥਾਂ ਦੀ ਪੈਦਾਵਾਰ ਦਾ ਗੁਣ ਪੈਦਾ ਕੀਤਾ ਹੈ, ਉੱਥੇ ਇਸੇ ਵਿਗਿਆਨ ਰਾਹੀਂ ਖਾਧ ਪਦਾਰਥਾਂ ਵਿੱਚ ਇਸ ਢੰਗ ਨਾਲ ਮਿਲਾਵਟ ਕਰ ਦਿੱਤੀ ਜਾਂਦੀ ਹੈ ਕਿ ਆਮ ਆਦਮੀ ਪਛਾਣ ਵੀ ਨਹੀਂ ਸਕਦਾ।

ਦੁੱਧ ਵਿੱਚ ਬਹੁਤ ਹੀ ਘਾਤਕ ਕੈਮੀਕਲ ਮਿਲਾ ਕੇ ਅਤੇ ਕਈ ਵਾਰ ਨਿਰੇ ਕੈਮੀਕਲਾਂ ਦੇ ਸਹਾਰੇ ਹੀ ਤਿਆਰ ਕੀਤਾ ਜਾ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਿਕ ਪੰਜਾਬ ਵਿੱਚ ਰੋਜ਼ਾਨਾ 16 ਲੱਖ ਲੀਟਰ ਦੁੱਧ ਦੀ ਪੈਦਾਵਾਰ ਹੁੰਦੀ ਹੈ, ਪਰ ਲਾਗਤ 50 ਲੱਖ ਲੀਟਰ ਹੈ। ਹਰ ਕੋਈ ਸੋਚ ਸਕਦਾ ਹੈ ਕਿ ਇਹ ਬਾਕੀ ਦਾ 34 ਲੱਖ ਲੀਟਰ ਦੁੱਧ ਆਉਂਦਾ ਕਿੱਥੋਂ ਹੈ ? ਇਹ ਸਾਰਾ ਦੁੱਧ ਨਕਲੀ ਅਤੇ ਘਾਤਕ ਕੈਮੀਕਲਾਂ ਤੋਂ ਹੀ ਤਿਆਰ ਹੁੰਦਾ ਹੈ। ਪਨੀਰ ਮਠਿਆਈਆਂ ਅਤੇ ਦਹੀਂ ਆਦਿ ਵਿੱਚ ਕੈਮੀਕਲਾਂ ਦਾ ਜ਼ਹਿਰ ਮਿਲਾਇਆ ਜਾਂਦਾ ਹੈ। ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਨੱਥ ਪਾਉਣ ਵਿੱਚ ਜਿੱਥੇ ਸਮੇਂ ਦੀਆਂ ਸਰਕਾਰਾਂ ਫੇਲ ਸਾਬਤ ਹੋਈਆਂ ਹਨ, ਉੱਥੇ ਹੀ ਸਿਹਤ ਵਿਭਾਗ ਵੀ ਇਸ ਪ੍ਰਤੀ ਸੰਜੀਦਗੀ ਨਹੀਂ ਵਿਖਾ ਰਿਹਾ।

ਸਰਦੀਆਂ ਦੇ ਮੌਸਮ ਵਿੱਚ ਤਿਉਹਾਰਾਂ ਦੇ ਸਮੇਂ ਸਿੰਥੈਟਿਕ ਦੁੱਧ, ਪਨੀਰ ਅਤੇ ਦੇਸੀ ਘਿਓ ਦੀ ਵਿਕਰੀ ਵੀ ਬਿਨਾਂ ਰੋਕ ਟੋਕ ਜਾਰੀ ਹੈ, ਜਿਸ ਨੂੰ ਨਕੇਲ ਪਾਉਣ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਕੋਈ ਠੋਸ ਕਦਮ ਨਹੀਂ ਚੁੱਕ ਰਿਹਾ। ਜਿੱਥੇ ਸਿਹਤ ਵਿਭਾਗ ਦਾ ਫਰਜ਼ ਬਣਦਾ ਹੈ ਕਿ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸ਼ਿਕੰਜਾ ਕੱਸੇ, ਉੱਥੇ ਹੀ ਸਰਕਾਰਾਂ ਨੂੰ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ। ਕੈਮੀਕਲਾਂ ਤੋਂ ਤਿਆਰ ਕੀਤਾ ਨਕਲੀ ਦੁੱਧ ਖ਼ਾਸ ਤੌਰ 'ਤੇ ਬੱਚਿਆਂ ਵਿੱਚ ਭਿਆਨਕ ਬਿਮਾਰੀਆਂ ਦਾ ਬੜਾ ਵੱਡਾ ਕਾਰਨ ਹੈ। ਅੱਜ ਬਜ਼ਾਰ ਵਿੱਚੋਂ ਮਿਲਣ ਵਾਲਾ ਦੁੱਧ ਜ਼ਹਿਰ ਹੋ ਗਿਆ ਹੈ। ਇਹ ਸਧਾਰਨ ਮਿਲਾਵਟ ਨਹੀਂ, ਦੁੱਧ ਰਾਹੀਂ ਮੌਤ ਵੇਚ ਰਹੇ ਨੇ ਇਹ ਹਟਵਾਣੀਏਂ। ਇਹ ਵਰਤਾਰਾ ਰੋਕਣ ਲਈ ਸਖਤ ਨਹੀਂ, ਬਹੁਤ ਹੀ ਸਖ਼ਤ ਕਾਨੂੰਨ ਬਣਾਏ ਜਾਣ ਦੀ ਲੋੜ ਹੈ, ਜਿਸ ਨਾਲ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਸਲਾਖਾਂ ਪਿੱਛੇ ਤਾੜਿਆ ਜਾਵੇ।



# ਥੋੜ੍ਹਾ-ਥੋੜ੍ਹਾ ਹੱਸਣਾ ਜ਼ਰੂਰ ਚਾਹੀਦੈ.....



## ☛ ਸਭ ਨੂੰ ਚੰਗੇ ਲੱਗਦੇ ਨੇ ਮੁਸਕਰਾਉਂਦੇ ਚਿਹਰੇ
## ☛ ਹਰ ਤਰਾਂ ਦੀ ਸਥਿਤੀ ਦਾ ਸਾਹਮਣਾ ਮੁਸਕਰਾ ਕੇ ਕਰਨ ਪੰਜਾਬੀ
## ☛ ਕਿਤੇ ਹੱਸਣਾ ਭੁੱਲ ਨਾ ਜਾਇਓ ਪੰਜਾਬੀਓ.....






ਅੱਜ ਦੀ ਆਧੁਨਿਕ ਕਹੀ ਜਾਂਦੀ ਇਸ ਜ਼ਿੰਦਗੀ ਵਿੱਚ ਹਰ ਇਨਸਾਨ ਏਨਾ ਜ਼ਿਆਦਾ ਵਿਅਸਤ ਹੋ ਗਿਆ ਹੈ ਕਿ ਹਰ ਵਿਅਕਤੀ ਦੇ ਚਿਹਰੇ ਉੱਪਰ ਚਿੰਤਾ ਦੀਆਂ ਲਕੀਰਾਂ ਦਿਖਾਈ ਦਿੰਦੀਆਂ ਹਨ ਜੋ ਕਿ ਖਰਚੇ ਵਧਣ ਦੇ ਨਾਲ- ਨਾਲ ਦਿਨੋਂ ਦਿਨ ਹੋਰ ਗੂੜੀਆਂ ਹੁੰਦੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਅਨੇਕਾਂ ਘਰੇਲੂ ਸੁਆਣੀਆਂ ਦੇ ਚਿਹਰੇ ਵੀ ਹਰ ਸਮੇਂ ਖਿੱਚੇ ਖਿੱਚੇ ਅਤੇ ਤਨਾਓ ਭਰਪੂਰ ਰਹਿੰਦੇ ਹਨ ਕਿਉਂਕਿ ਮਹਿੰਗਾਈ ਦੇ ਇਸ ਦੌਰ ਵਿੱਚ ਜਿਥੇ ਘਰ ਦੇ ਕਮਾਊ ਮਰਦਾਂ ਅਤੇ ਮਹਿਲਾਵਾਂ ਦੀ ਆਮਦਨੀ ਘੱਟ ਗਈ ਹੈ, ਉਥੇ ਮਹਿੰਗਾਈ ਕਾਰਨ ਖਰਚੇ ਕਾਫੀ ਵੱਧ ਗਏ ਹਨ। ਅਜਿਹੇ ਦੌਰ ਵਿੱਚ ਜੇ ਸਾਨੂੰ ਕੋਈ ਮੁਸਕਰਾਉਂਦਾ ਤੇ ਹੱਸਦਾ ਚਿਹਰਾ ਨਜ਼ਰ ਆ ਜਾਂਦਾ ਹੈ, ਤਾਂ ਉਹ ਸਭ ਨੂੰ ਚੰਗਾ ਲੱਗਦਾ ਹੈ।

ਅਸਲ ਵਿੱਚ ਇਹ ਇੱਕ ਸੱਚਾਈ ਹੈ ਕਿ ਮੁਸਕਰਾਉਂਦੇ ਅਤੇ ਹੱਸਦੇ ਚਿਹਰੇ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਦੂਜੇ ਪਾਸੇ ਕੁਝ ਲੋਕਾਂ ਨੇ ਆਪਣੇ ਚਿਹਰੇ ਦੇ ਹਾਵ ਭਾਵ ਇਸ ਤਰਾਂ ਬਣਾਏ ਹੁੰਦੇ ਹਨ ਕਿ ਹਰ ਇਨਸਾਨ ਨੂੰ ਅਜਿਹੇ ਲੋਕਾਂ ਦੇ ਚਿਹਰਿਆਂ ਉਪਰ 'ਵੈਰੀ ਸੌਗੀ' ਲਿਖਿਆ ਨਜ਼ਰ ਆਉਂਦਾ ਹੈ।

ਪੰਜਾਬ ਵਿੱਚ ਇਸ ਸਮੇਂ ਪਰਵਾਸ ਦਾ ਸੱਤਵਾਂ ਦਰਿਆ ਵਹਿ ਰਿਹਾ ਹੈ ਅਤੇ ਵੱਡੀ ਗਿਣਤੀ ਪੰਜਾਬੀ ਨੌਜਵਾਨ 'ਸੱਤ ਸਮੁੰਦਰ' ਪਾਰ ਕਰਕੇ ਵਿਦੇਸ਼ ਜਾ ਰਹੇ ਹਨ, ਦੂਜੇ ਪਾਸੇ ਇਹ ਵੀ ਇੱਕ ਅਸਲੀਅਤ ਹੈ ਕਿ ਪੰਜਾਬ ਵਿੱਚ ਅਜਿਹੇ ਨੌਜਵਾਨ ਮੁੰਡੇ ਕੁੜੀਆਂ ਵੀ ਹਨ, ਜੋ ਕਿ ਪੰਜਾਬ ਵਿੱਚ ਹੀ ਨੌਕਰੀ ਜਾਂ ਕੋਈ ਕੰਮ ਧੰਦਾ ਕਰਨ ਨੂੰ ਤਰਜੀਹ ਦੇ ਰਹੇ ਹਨ। ਇਹਨਾਂ ਵਿਚੋਂ ਕਈ ਨੌਜਵਾਨ ਤਾਂ ਇਕੋ ਸਮੇਂ ਦੋ ਦੋ ਦਫ਼ਤਰਾਂ ਜਾਂ ਕੰਪਨੀਆਂ ਵਿੱਚ ਕੰਮ ਕਰਦੇ ਹਨ। ਅਜਿਹੇ ਨੌਜਵਾਨ ਸਵੇਰੇ 8 ਵਜੇ ਤੋਂ ਦੁਪਹਿਰ ਡੇਢ ਵਜੇ ਤੱਕ ਇੱਕ ਕੰਪਨੀ ਵਿੱਚ ਅਤੇ ਦੁਪਹਿਰ 2 ਵਜੇ ਤੋਂ ਰਾਤ ਦੇ 10 ਵਜੇ ਤੱਕ ਕਿਸੇ ਹੋਰ ਕੰਪਨੀ ਵਿੱਚ ਕੰਮ ਕਰਦੇ ਹਨ। ਅਜਿਹੇ ਨੌਜਵਾਨਾਂ ਨੂੰ ਇਸ ਕਾਰਨ ਤਨਖਾਹ ਵੀ ਦੋ ਕੰਪਨੀਆਂ ਤੋਂ ਮਿਲਦੀ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਨੌਜਵਾਨ ਮੁੰਡੇ ਕੁੜੀਆਂ ਬਾਰੇ ਜ਼ਿਕਰ ਬਹੁਤ ਘੱਟ ਹੁੰਦਾ ਹੈ। ਦੂਜੇ ਪਾਸੇ ਕੁਝ ਕੁ ਨਸ਼ੇੜੀ ਨੌਜਵਾਨਾਂ ਕਰਕੇ ਪੰਜਾਬ ਦੇ ਸਾਰੇ ਨੌਜਵਾਨਾਂ ਦੀ ਬਦਨਾਮੀ ਪੰਜਾਬ ਦੋਖੀਆਂ ਵੱਲੋਂ ਕੀਤੀ ਜਾਂਦੀ ਹੈ ਅਜਿਹੇ ਪੰਜਾਬ ਦੋਖੀਆਂ ਨੂੰ ਪੰਜਾਬ ਵਿੱਚ ਹੀ ਇੱਕੋ ਦਿਨ ਦੋ ਦੋ ਕੰਪਨੀਆਂ ਵਿੱਚ ਕੰਮ ਕਰਦੇ ਜਾਂ ਇੱਕ ਹੀ ਕੰਪਨੀ ਵਿੱਚ ਦੋ ਸ਼ਿਫ਼ਟਾਂ ਲਗਾਉਂਦੇ ਪੰਜਾਬੀ ਨੌਜਵਾਨ ਦਿਖਾਈ ਨਹੀਂ ਦਿੰਦੇ। ਇਹ ਠੀਕ ਹੈ ਕਿ ਪੰਜਾਬ ਵਿੱਚ ਅਜੇ ਵੀ ਵੱਡੀ ਗਿਣਤੀ ਨੌਜਵਾਨ ਬੇਰੁਜ਼ਗਾਰ ਹਨ, ਪਰ ਜਿਹੜੇ ਪੰਜਾਬੀ ਨੌਜਵਾਨ ਪ੍ਰਾਈਵੇਟ ਨੌਕਰੀਆਂ ਕਰਕੇ ਜ਼ਿੰਦਗੀ ਬਤੀਤ ਕਰ ਰਹੇ ਹਨ , ਉਹਨਾਂ ਦੀ ਬਾਤ ਵੀ ਤਾਂ ਪਾਉਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਕਿ ਅਜਿਹੇ ਹਿੰਮਤੀ ਨੌਜਵਾਨ ਮੁੰਡੇ ਕੁੜੀਆਂ ਨੂੰ ਵੇਖ ਕੇ ਪੰਜਾਬ ਦੇ ਹੋਰ ਨੌਜਵਾਨ ਮੁੰਡੇ ਕੁੜੀਆਂ ਵੀ ਉਤਸ਼ਾਹਿਤ ਹੋਣ। ਜਦੋਂ ਸਭ ਨੌਜਵਾਨ ਰੁਜ਼ਗਾਰ 'ਤੇ ਲੱਗ ਜਾਣਗੇ ਤਾਂ ਉਹਨਾਂ ਦੇ ਚਿਹਰਿਆਂ 'ਤੇ ਆਪਣੇ ਆਪ ਮੁਸਕਰਾਹਟ ਅਤੇ ਖ਼ੁਸ਼ੀ ਆ ਜਾਵੇਗੀ ਤੇ ਚਿੰਤਾ ਦੀਆਂ ਲਕੀਰਾਂ ਧੁੰਦਲੀਆਂ ਪੈ ਜਾਣਗੀਆਂ।



ਜਿਹੜੇ ਘਰ ਵਿੱਚ ਅਤੇ ਜਿਹੜੇ ਸਮਾਜ ਵਿੱਚ ਜਦੋਂ ਵੱਡੀ ਗਿਣਤੀ ਲੋਕ ਮੁਸਕਰਾਉਂਦੇ ਹਨ ਅਤੇ ਹੱਸਦੇ ਹਨ ਤਾਂ ਹਾਸਿਆਂ ਦੇ ਛਣਕਣ ਨਾਲ ਹੀ ਘੁੰਗਰੂ ਵੀ ਵੱਜਦੇ ਹਨ ਅਤੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਪਰੀਆਂ ਗੀਤ ਗਾ ਰਹੀਆਂ ਹੋਣ। ਮੁਸਕਰਾਉਂਦੇ ਅਤੇ ਹੱਸਦੇ ਚਿਹਰਿਆਂ ਵਾਲੇ ਇਨਸਾਨਾਂ ਕੋਲ ਤਾਂ ਪੌਣ ਵੀ ਅਠਖੇਲੀਆਂ ਕਰਦੀ ਹੈ ਅਤੇ ਬਸੰਤ ਰੁੱਤ ਦੀ ਬਨਸਪਤੀ ਮੌਲਦੀ ਹੈ। ਹੱਸਣ ਨਾਲ ਚਿਹਰਾ ਖਿੜ ਜਾਂਦਾ ਹੈ ਅਤੇ ਹਰ ਇਨਸਾਨ ਆਪਣੇ ਆਪ ਨੂੰ ਤਰੋ ਤਾਜ਼ਾ ਮਹਿਸੂਸ ਕਰਦਾ ਹੈ। ਸਿਹਤ ਮਾਹਿਰ ਕਹਿੰਦੇ ਹਨ ਕਿ ਹੱਸਣ ਅਤੇ ਮੁਸਕਰਾਉਣ ਨਾਲ ਅਨੇਕਾਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ, ਤਾਂ ਫਿਰ ਕੁਦਰਤ ਵੱਲੋਂ ਇਨਸਾਨ ਨੂੰ ਦਿੱਤੀ ਗਈ ਇਸ ਮੁਫ਼ਤ ਦੀ ਦਾਤ ਤੋਂ ਇਨਸਾਨ ਦੂਰ ਕਿਉਂ ਹੋ ਰਹੇ ਹਨ। ਇਨਸਾਨ ਨੂੰ ਚਾਹੀਦਾ ਹੈ ਕਿ ਉਹ ਤਨਾਓ ਵਿੱਚ ਰਹਿਣ ਦੀ ਥਾਂ ਆਪਣੀ ਜ਼ਿੰਦਗੀ ਹੱਸ ਕੇ ਅਤੇ ਮੁਸਕਰਾਉਂਦੇ ਚਿਹਰਿਆਂ ਨਾਲ ਬਤੀਤ ਕਰੇ ਕਿਉਂਕਿ ਤੁਹਾਡੀ ਮੁਸਕਰਾਹਟ ਕਈ ਸਾਰੇ ਮਸਲੇ ਹੱਲ ਕਰ ਦਿੰਦੀ ਹੈ।

ਬੱਚਿਆਂ ਦੀ ਇੱਕ ਮੁਸਕਰਾਹਟ ਹੀ ਮਾਪਿਆਂ ਦਾ ਦਿਲ ਜਿੱਤ ਲੈਂਦੀ ਹੈ ਅਤੇ ਮਾਪਿਆਂ ਦੀ ਮੁਸਕਰਾਹਟ ਬੱਚਿਆਂ ਵਿੱਚ ਵੱਡਾ ਹੌਸਲਾ ਅਤੇ ਉਤਸ਼ਾਹ ਭਰ ਦਿੰਦੀ ਹੈ ਅਤੇ ਬੱਚਿਆਂ ਨੂੰ ਨਵੀਂ ਸ਼ਕਤੀ ਦਿੰਦੀ ਹੈ। ਮੁਸਕਰਾਉਂਦੇ ਚਿਹਰੇ ਵਾਲੇ ਇਨਸਾਨ ਦੇ ਦੋਸਤਾਂ ਮਿੱਤਰਾਂ ਦੀ ਗਿਣਤੀ ਬਹੁਤ ਲੰਬੀ ਹੁੰਦੀ ਹੈ। ਹੰਸੂ -ਹੰਸੂ ਕਰਦੇ ਚਿਹਰੇ ਹਰ ਕਿਸੇ ਦਾ ਮਨ ਮੋਹ ਲੈਂਦੇ ਹਨ। ਇਸ ਤੋਂ ਇਲਾਵਾ ਮੁਸਕਰਾਉਂਦੇ ਚਿਹਰੇ ਵਾਲੇ ਇਨਸਾਨ ਤੰਦਰੁਸਤ ਵੀ ਰਹਿੰਦੇ ਹਨ ਕਿਉਂਕਿ ਮੁਸਕਰਾਉਣਾ ਸਿਹਤ ਲਈ ਚੰਗਾ ਸਮਝਿਆ ਜਾਂਦਾ ਹੈ ਅਤੇ ਮੁਸਕਰਾਉਂਦੇ ਚਿਹਰੇ ਉਪਰ ਝੁਰੜੀਆਂ ਨਹੀਂ ਪੈਂਦੀਆਂ। ਇਸ ਲਈ ਪੰਜਾਬੀਆਂ ਨੂੰ ਚਾਹੀਦਾ ਹਹੈਕਿ ਉਹ ਵੀ ਹੁਣੇ ਤੋਂ ਮੁਸਕਰਾਉਣਾ ਸ਼ੁਰੂ ਕਰ ਦੇਣ ਅਤੇ ਹਰ ਤਰਾਂ ਦੀ ਸਥਿਤੀ ਦਾ ਸਾਹਮਣਾ ਮੁਸਕਰਾਉਂਦੇ ਹੋਏ ਕਰਨ ਤਾਂ ਫਿਰ ਪੂਰੀ ਦੁਨੀਆਂ ਪੰਜਾਬੀਆਂ ਨੂੰ ਬਹੁਤ ਜ਼ਿਆਦਾ ਮਾਣ ਅਤੇ ਸਨਮਾਨ ਦੇਵੇਗੀ।





# 'ਆਪ' ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਲੜੇਗੀ ਚੋਣ

# ਕੀ ਇੰਡੀਆ ਗਠਜੋੜ ਦੀ ਹੋਂਦ ਅਜੇ ਬਾਕੀ ਹੈ?

## ਆਪਣੇ ਹੀ ਕੀਤੇ ਸਰਵੇ ਵਿੱਚ ਹਾਰ ਰਹੀ ਹੈ ਕਾਂਗਰਸ !

## ਪਾਰਟੀ ਨੂੰ 543 ਸੀਟਾਂ ਵਿਚੋਂ ਸਿਰਫ਼ 100-110 ਸੀਟਾਂ 'ਤੇ ਹੀ ਜਿੱਤ ਮਿਲਣ ਦਾ ਅਨੁਮਾਨ







ਬਘੇਲ ਸਿੰਘ ਧਾਲੀਵਾਲ

ਕੇਜਰੀਵਾਲ ਨੇ ਬੀਤੇ ਦਿਨੀਂ ਚੰਡੀਗੜ੍ਹ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਅਤੇ ਚੰਡੀਗੜ੍ਹ ਦੀ ਇੱਕ ਸੀਟ 'ਤੇ ਚੋਣ ਲੜੇਗੀ। ਕੇਜਰੀਵਾਲ ਨੇ ਕਿਹਾ ਕਿ ਦੋ ਸਾਲ ਪਹਿਲਾਂ ਤੁਸੀਂ ਵਿਧਾਨ ਸਭਾ ਚੋਣਾਂ ਵਿੱਚ ਸਾਨੂੰ ਆਸ਼ੀਰਵਾਦ ਦਿੱਤਾ ਸੀ। ਤੁਸੀਂ ਸਾਨੂੰ 117 ਵਿੱਚੋਂ 92 ਸੀਟਾਂ ਦਿੱਤੀਆਂ ਸਨ। ਤੁਸੀਂ ਪੰਜਾਬ ਵਿੱਚ ਇਤਿਹਾਸ ਰਚਿਆ ਸੀ। ਮੈਂ ਇੱਕ ਹੋਰ ਆਸ਼ੀਰਵਾਦ ਲੈਣ ਲਈ ਤੁਹਾਡੇ ਕੋਲ ਹੱਥ ਜੋੜ ਕੇ ਆਇਆ ਹਾਂ। ਲੋਕ ਸਭਾ ਚੋਣਾਂ ਹੋਣ ਨੂੰ ਦੋ ਮਹੀਨੇ ਬਾਕੀ ਹਨ। ਇੱਥੇ ਕੁੱਲ 14 ਸੀਟਾਂ ਹਨ- 13 ਪੰਜਾਬ ਤੋਂ ਅਤੇ ਇੱਕ ਚੰਡੀਗੜ੍ਹ ਤੋਂ। ਅਗਲੇ 10-15 ਦਿਨਾਂ ਵਿੱਚ 'ਆਪ' ਇਨ੍ਹਾਂ ਸਾਰੀਆਂ 14 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰੇਗੀ।

ਅਰਵਿੰਦ ਕੇਜਰੀਵਾਲ ਨੇ ਇਹ ਐਲਾਨ ਪੰਜਾਬ ਦੇ ਖੰਨਾ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਪਿਛਲੇ ਮਹੀਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਚੋਣ ਲੜੇਗੀ। ਮਾਨ ਨੇ ਹੁਣ ਕਾਂਗਰਸ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ ਪਾਰਟੀ ਸੂਬੇ ਵਿੱਚ ਆਪਣਾ ਆਧਾਰ ਗੁਆ ਚੁੱਕੀ ਹੈ।

ਦੂਜੇ ਪਾਸੇ ਸੂਬੇ ਦੀ ਪਹਿਲੀ ਵਰਕਰਜ਼ ਕਨਵੈਨਸ਼ਨ ਵਿੱਚ ਪੁੱਜੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਪੂਰੇ 40 ਮਿੰਟ ਦੇ ਭਾਸ਼ਣ ਦੌਰਾਨ ਮੋਦੀ ਸਰਕਾਰ 'ਤੇ ਵਰ੍ਹਦੇ ਰਹੇ ਪਰ ਇਨ੍ਹਾਂ 40 ਮਿੰਟਾਂ ਦੌਰਾਨ ਉਨ੍ਹਾਂ ਇੱਕ ਸ਼ਬਦ ਵੀ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਖ਼ਿਲਾਫ਼ ਨਹੀਂ ਬੋਲਿਆ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਆਪ ਦੀ ਰੈਲੀ ਦੌਰਾਨ ਕਾਂਗਰਸ ਖ਼ਿਲਾਫ਼ ਚੁੱਪ ਹੀ ਰਹੇ ਸਨ।

ਆਪ ਦੇ ਆਗੂਆਂ ਦੇ ਵਿਚਾਰ ਦਸਦੇ ਹਨ ਕਿ 'ਆਪ' ਅਤੇ ਕਾਂਗਰਸ ਵਿਚਾਲੇ ਸੀਟਾਂ ਦੀ ਵੰਡ ਨੂੰ ਲੈ ਕੇ ਚੱਲ ਰਹੀ ਗੱਲਬਾਤ ਕੋਈ ਅੱਗੇ ਨਹੀਂ ਵਧ ਸਕੀ।

ਦੋਵੇਂ ਪਾਰਟੀਆਂ, ਪੰਜਾਬ ਅਤੇ ਦਿੱਲੀ ਵਿੱਚ ਰਵਾਇਤੀ ਤੌਰ 'ਤੇ ਵਿਰੋਧੀ ਹਨ, ਨੇ ਪਿਛਲੇ ਮਹੀਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਇਕੱਠੀ ਲੜੀ ਸੀ, ਜਿਸ ਤੋਂ ਸੰਕੇਤ ਮਿਲਦਾ ਸੀ ਕਿ ਉਹ ਲੋਕ ਸਭਾ ਚੋਣਾਂ ਤੱਕ ਗੱਠਜੋੜ ਨੂੰ ਵਧਾ ਸਕਦੇ ਹਨ ਪਰ ਹੁਣ, ਇਹ ਸੰਕੇਤ ਮਿਲ ਰਿਹਾ ਹੈ ਕਿ ਪੰਜਾਬ ਵਿੱਚ ਚਾਰ-ਕੋਣੀ ਚੋਣ ਮੁਕਾਬਲੇ ਹੋ ਸਕਦੇ ਹਨ।

ਭਾਜਪਾ ਦੇ ਰਾਸ਼ਟਰੀ ਬੁਲਾਰੇ ਸ਼ਹਿਜ਼ਾਦ ਪੂਨਾਵਾਲਾ ਨੇ ਕਿਹਾ ਕਿ ਇੰਡੀਆ ਗਠਜੋੜ ਟੁੱਟ ਰਿਹਾ ਹੈ। ਇੰਡੀਆ ਗਠਜੋੜ ਦਾ ਕੋਈ ਮਿਸ਼ਨ, ਕੋਈ ਵਿਜ਼ਨ ਨਹੀਂ, ਸਭ ਦੀ ਦੌੜ ਕੁਰਸੀ ਤਕ ਹੈ। ਉਹ ਨਾਰ੍ਹੇਬਾਜੀ ਤਕ ਸੀਮਤ ਹਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਨਿਆਂ ਯਾਤਰਾ ਅਜੀਬ ਹੈ। ਇਹ 'ਅਲਵਿਦਾ ਯਾਤਰਾ' ਹੈ। ਲੋਕ ਸਭਾ ਚੋਣਾਂ ਵਿੱਚ ਇਹ ਭਾਜਪਾ ਅੱਗੇ ਟਿਕ ਨਹੀਂ ਸਕਣਗੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦਾ ਇਹ ਐਲਾਨ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਟੱਕਰ ਦੇਣ ਲਈ ਪਿਛਲੇ ਸਾਲ ਗਠਿਤ ਕੀਤੇ ਗਏ ਇੰਡੀਆ ਗੱਠਜੋੜ ਲਈ ਇੱਕ ਤਾਜ਼ਾ ਝਟਕਾ ਹੈ। ਮੱਲਿਕਾਰਜੁਨ ਖੜਗੇ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਨੇ ਹਾਲ ਹੀ ਵਿੱਚ ਆਪਣੇ ਦੋ ਮੁੱਖ ਖੇਤਰੀ ਪੱਧਰ ਦੇ ਸਾਥੀਆਂ ਨਿਤੀਸ਼ ਕੁਮਾਰ ਅਤੇ ਮਮਤਾ ਬੈਨਰਜੀ ਨੂੰ ਗੁਆ ਦਿੱਤਾ ਹੈ।

### ਇੰਡੀਆ ਗੱਠਜੋੜ ਵਿੱਚ ਪਿਆ ਭੰਬਲਭੂਸਾ

ਯਾਦ ਰਹੇ ਕਿ ਨਿਤੀਸ਼ ਕੁਮਾਰ ਨੇ ਆਪਣੇ ਸਹਿਯੋਗੀ ਰਾਸ਼ਟਰੀ ਜਨਤਾ ਦਲ ਨੂੰ ਛੱਡ ਕੇ ਭਾਜਪਾ ਨਾਲ ਹੱਥ ਮਿਲਾਇਆ ਅਤੇ ਕਿਹਾ ਕਿ ਕਾਂਗਰਸ ਇੰਡੀਆ ਗਠਜੋੜ ਦੀ ਅਗਵਾਈ ਹਥਿਆਉਣਾ ਚਾਹੁੰਦੀ ਹੈ। ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਕਾਂਗਰਸ ਨੇ ਸੀਟਾਂ ਦੀ ਵੰਡ ਦੀ ਗੱਲਬਾਤ ਵਿੱਚ ਦੇਰੀ ਕੀਤੀ ਅਤੇ ਇਸ ਲਈ ਉਨ੍ਹਾਂ ਦੇ ਕਾਂਗਰਸ ਦੇ ਸੀਟਾਂ ਦੀ ਵੰਡ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ। ਜਿੱਥੇ ਰਾਹੁਲ ਗਾਂਧੀ ਅਜੇ ਵੀ ਮਮਤਾ ਬੈਨਰਜੀ ਨੂੰ ਇੰਡੀਆ ਗੱਠਜੋੜ ਦੇ ਸਹਿਯੋਗੀ ਮੰਨਦੇ ਹਨ, ਉੱਥੇ ਹੀ ਤ੍ਰਿਣਮੂਲ ਪਾਰਟੀ ਕਾਂਗਰਸ ਉੱਪਰ ਕਟਾਖਸ਼ ਕਰ ਰਹੀ ਹੈ। ਇਹ ਇੰਡੀਆ ਗੱਠਜੋੜ ਲਈ ਬਹੁਤ ਵਿਅੰਗਮਈ ਸਥਿਤੀ ਹੈ ਕਿ ਭਾਜਪਾ ਗੱਠਜੋੜ ਦਾ ਕਿਵੇਂ ਮੁਕਾਬਲਾ ਕਰੇਗੀ। ਭਾਜਪਾ ਦੇ ਅੰਦਰੂਨੀ ਹਲਕਿਆਂ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੋਣ ਰਾਜਨੀਤੀ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡ ਰਹੇ; ਉਹ ਜ਼ਾਹਿਰਾ ਤੌਰ 'ਤੇ ਹੁਣ ਤੱਕ ਸਭ ਤੋਂ ਵੱਧ 404 ਲੋਕ ਸਭਾ ਸੀਟਾਂ ਜਿੱਤਣ ਦਾ ਕਾਂਗਰਸ ਦਾ ਰਿਕਾਰਡ ਤੋੜਨਾ ਚਾਹੁੰਦੇ ਹਨ। ਕਾਂਗਰਸ ਨੇ 1984 ਦੀਆਂ ਆਮ ਚੋਣਾਂ ਵਿੱਚ ਲੋਕ ਸਭਾ ਦੀਆਂ 404 ਸੀਟਾਂ ਜਿੱਤੀਆਂ ਸਨ।

ਦੂਜੇ ਪਾਸੇ ਵਿਰੋਧੀ ਧਿਰ ਜਾਂ ਫਿਰ 'ਇੰਡੀਆ' ਗੱਠਜੋੜ ਦੀ ਛਤਰੀ ਹੇਠ ਇਕੱਠੇ ਹੋਈਆਂ ਪਾਰਟੀਆਂ ਦੇ ਆਗੂਆਂ ਦੇ ਆਪਸੀ ਮਤਭੇਦ ਜਨਤਕ ਤੌਰ 'ਤੇ ਸਾਹਮਣੇ ਆਉਣ ਲੱਗੇ, ਇਸ ਕਾਰਨ ਇਹ ਮੁੱਖ ਦਾਅਵੇਦਾਰ ਵਜੋਂ ਅਪ੍ਰਸੰਗਿਕ ਹੋ ਗਿਆ। ਇੰਡੀਆ' ਦੇ ਚੇਅਰਪਰਸਨ ਵਜੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਔਖੀ ਘੜੀ ਵਿੱਚ ਗੱਠਜੋੜ ਦੇ ਭਾਈਵਾਲਾਂ ਤੱਕ ਪਹੁੰਚ ਕੀਤੀ ਹੈ। ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਪੈਰੋਕਾਰ ਵਜੋਂ ਹੀ ਦੇਖਿਆ ਜਾਂਦਾ ਹੈ, ਉਹ ਇਸੇ ਗੱਲ ਲਈ ਸਾਲਸ ਬਣੇ ਹੋਏ ਹਨ ਕਿ ਕਾਂਗਰਸ ਵਿਰੋਧੀ ਧਿਰ ਨੂੰ ਕਿਵੇਂ ਆਕਾਰ ਦਿੰਦੀ ਹੈ, ਨਾਲ ਹੀ ਖੇਤਰੀ ਭਾਈਵਾਲਾਂ ਨਾਲ ਆਪਣੀਆਂ ਗਿਣਤੀਆਂ-ਮਿਣਤੀਆਂ ਕਿਵੇਂ ਬਿਠਾਉਂਦੀ ਹੈ।

### ਆਪਣੇ ਕਰਵਾਏ ਸਰਵੇਖਣ ਵਿੱਚ ਹਾਰ ਰਹੀ ਕਾਂਗਰਸ

ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੇ ਸਰਵੇਖਣਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਇਨ੍ਹਾਂ ਸਰਵੇਖਣਾਂ ਰਾਹੀਂ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਕਿਹੜੀ ਪਾਰਟੀ ਕਿੰਨੀਆਂ ਸੀਟਾਂ ਜਿੱਤ ਸਕਦੀ ਹੈ, ਤੇ ਕਿੰਨੀਆਂ 'ਤੇ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੂਤਰਾਂ ਮੁਤਾਬਕ ਅਜਿਹਾ ਹੀ ਇਕ ਸਰਵੇ ਕਾਂਗਰਸ ਪਾਰਟੀ ਵੱਲੋਂ ਆਪਣੇ ਪੱਧਰ 'ਤੇ ਕਰਵਾਇਆ ਗਿਆ ਹੈ, ਜਿਸ ਵਿੱਚ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਇਸ ਸਰਵੇ ਮੁਤਾਬਕ ਪਾਰਟੀ ਨੂੰ ਦੇਸ਼ ਦੀਆਂ 543 ਸੀਟਾਂ ਵਿਚੋਂ ਸਿਰਫ਼ 100-110 ਸੀਟਾਂ 'ਤੇ ਹੀ ਜਿੱਤ ਮਿਲਣ ਦਾ ਅਨੁਮਾਨ ਹੈ। ਹਾਲਾਂਕਿ ਇਹ ਅੰਕੜਾ ਪਿਛਲੀਆਂ ਲੋਕ ਸਭਾ ਚੋਣਾਂ ਦੇ ਅੰਕੜੇ ਤੋਂ ਲਗਭਗ ਦੁੱਗਣਾ ਹੈ। ਦੱਸ ਦੇਈਏ ਕਿ ਕਾਂਗਰਸ ਪਾਰਟੀ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਸਿਰਫ਼ 52 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ। ਕਾਂਗਰਸ ਲਈ ਇਹ ਅੰਕੜੇ ਪਿਛਲੀ ਵਾਰ ਦੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਨਾਲੋਂ ਬਿਹਤਰ ਹੀ ਹਨ, ਕਿਉਂਕਿ ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ ਕਾਂਗਰਸ ਨੂੰ ਸਿਰਫ਼ 52 ਸੀਟਾਂ 'ਤੇ ਜਿੱਤ ਮਿਲੀ ਸੀ, ਜਦਕਿ ਇਸ ਵਾਰ ਇਹ ਅੰਕੜਾ 100 ਤੋਂ ਪਾਰ ਜਾਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ 'ਇੰਡੀਆ' ਅਲਾਇੰਸ ਦੀ ਸਭ ਤੋਂ ਵੱਡੀ ਪਾਰਟੀ ਹੈ। ਇਸ ਕਾਰਨ ਜੇਕਰ ਉਸ ਦਾ ਖ਼ੁਦ ਦੇ ਹੀ ਸਰਵੇ ਵਿੱਚ ਇਹ ਹਾਲ ਹੈ ਤਾਂ ਬਾਕੀ ਪਾਰਟੀਆਂ ਦਾ ਹਾਲ ਤਾਂ ਇਸ ਤੋਂ ਵੀ ਬੁਰਾ ਹੋ ਸਕਦਾ ਹੈ। ਇਸ ਸਰਵੇ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਆਗਾਮੀ ਲੋਕ ਸਭਾ ਚੋਣਾਂ 'ਚ ਦੇਸ਼ ਵਿੱਚ ਇਕ ਵਾਰ ਫਿਰ ਤੋਂ ਭਾਜਪਾ ਦੀ ਸਰਕਾਰ ਬਣਨਾ ਲਗਭਗ ਤੈਅ ਹੈ। ਪਿਛਲੀ ਵਾਰ ਭਾਜਪਾ ਨੇ 303 ਸੀਟਾਂ ਜਿੱਤ ਕੇ ਬਹੁਮਤ ਹਾਸਲ ਕੀਤਾ ਸੀ, ਜਦਕਿ ਇਸ ਵਾਰ ਪਾਰਟੀ ਨੇ '400 ਤੋਂ ਪਾਰ' ਦਾ ਨਾਅਰਾ ਲਗਾਇਆ ਹੈ।

ਇੰਡੀਆ ਗਠਜੋੜ ਵਿੱਚ ਵੀ ਪਾਰਟੀਆਂ ਵਿੱਚ ਸੀਟਾਂ ਦੀ ਵੰਡ ਨੂੰ ਲੈ ਕੇ ਸਥਿਤੀ ਬਹੁਤੀ ਸਪੱਸ਼ਟ ਨਹੀਂ ਹੈ। ਪਾਰਟੀਆਂ ਸੀਟਾਂ ਦੀ ਵੰਡ ਨੂੰ ਲੈ ਕੇ ਆਪਸ ਵਿੱਚ ਭਿੜ ਰਹੀਆਂ ਹਨ, ਜਿਸ ਕਾਰਨ ਇੰਡੀਆ ਗਠਜੋੜ ਵਿੱਚ ਦਰਾਰ ਵੱਡੀ ਹੁੰਦੀ ਜਾ ਰਹੀ ਹੈ।

# ਬੰਗਾਲ, ਮਹਾਰਾਸ਼ਟਰ ਵਿੱਚ ਟੱਕਰ, ਤਾਮਿਲਨਾਡੂ, ਕੇਰਲ ਵਿੱਚ ਵਿਰੋਧੀ ਧਿਰ ਦੀ ਕਲੀਨ ਸਵੀਪ: ਓਪੀਨੀਅਨ ਪੋਲ

ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੱਛਮੀ ਬੰਗਾਲ, ਮਹਾਰਾਸ਼ਟਰ ਅਤੇ ਗੋਆ ਵਿੱਚ ਵਿਰੋਧੀ ਪਾਰਟੀਆਂ ਨਾਲ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਿਰੋਧੀ ਪਾਰਟੀਆਂ ਕੇਰਲ ਅਤੇ ਤਾਮਿਲਨਾਡੂ ਵਿੱਚ ਕਲੀਨ ਸਵੀਪ ਕਰ ਸਕਦੀਆਂ ਹਨ, ਭਾਵ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗਠਜੋੜ ਨੂੰ ਇਨ੍ਹਾਂ ਰਾਜਾਂ ਵਿੱਚ ਕੋਈ ਵੀ ਸੀਟ ਮਿਲਣ ਦੀ ਸੰਭਾਵਨਾ ਨਹੀਂ ਹੈ। ਮਹਾਰਾਸ਼ਟਰ ਵਿੱਚ ਟੀ.ਐਮ.ਸੀ. ਅਤੇ ਬੀ.ਜੇ.ਪੀ. ਵਿਚਾਲੇ ਸਖ਼ਤ ਮੁਕਾਬਲਾ ਹੋ ਸਕਦਾ ਹੈ। ਇੰਡੀਆ ਟੂਡੇ ਸੀ-ਵੋਟਰ ਦੇ ਮੂਡ ਆਫ਼ ਦ ਨੇਸ਼ਨ ਸਰਵੇ ਮੁਤਾਬਕ ਇਸ ਵਾਰ ਟੀਐਮਸੀ ਨੂੰ 22 ਸੀਟਾਂ ਮਿਲ ਸਕਦੀਆਂ ਹਨ। ਭਾਜਪਾ 19 ਸੀਟਾਂ ਜਿੱਤ ਕੇ ਆਪਣਾ ਪ੍ਰਦਰਸ਼ਨ ਸੁਧਾਰ ਸਕਦੀ ਹੈ। ਕਾਂਗਰਸ ਨੂੰ ਇੱਕ ਸੀਟ ਮਿਲ ਸਕਦੀ ਹੈ ਅਤੇ ਖੱਬੀਆਂ ਪਾਰਟੀਆਂ ਨੂੰ ਦੁਬਾਰਾ ਕੋਈ ਸੀਟ ਮਿਲਣ ਦੀ ਸੰਭਾਵਨਾ ਨਹੀਂ ਹੈ।

ਪੱਛਮੀ ਬੰਗਾਲ ਵਿੱਚ ਲੋਕ ਸਭਾ ਦੀਆਂ 42 ਸੀਟਾਂ ਹਨ। ਭਾਜਪਾ ਨੂੰ 2019 ਵਾਂਗ 40 ਫੀਸਦੀ ਵੋਟ ਸ਼ੇਅਰ ਮਿਲਣ ਦਾ ਅਨੁਮਾਨ ਹੈ। ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੂੰ 53 ਫੀਸਦੀ ਵੋਟ ਸ਼ੇਅਰ ਮਿਲਣ ਦੀ ਸੰਭਾਵਨਾ ਹੈ, ਜੋ ਕਿ 2019 ਦੇ ਮੁਕਾਬਲੇ ਚਾਰ ਫੀਸਦੀ ਘੱਟ ਹੈ। ਬਾਕੀਆਂ ਨੂੰ 7 ਫੀਸਦੀ ਵੋਟਾਂ ਮਿਲ ਸਕਦੀਆਂ ਹਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਤ੍ਰਿਣਮੂਲ ਕਾਂਗਰਸ ਅਤੇ ਬੀਜੇਪੀ ਵਿਚਾਲੇ ਕਰੀਬੀ ਮੁਕਾਬਲਾ ਦੇਖਣ ਨੂੰ ਮਿਲਿਆ ਸੀ। ਉਦੋਂ ਭਾਜਪਾ ਨੇ 18 ਸੀਟਾਂ ਜਿੱਤੀਆਂ ਸਨ, ਜਦਕਿ ਤ੍ਰਿਣਮੂਲ 22 ਸੀਟਾਂ ਨਾਲ ਸੱਤਾ ਵਿੱਚ ਰਹੀ ਸੀ। ਕਾਂਗਰਸ ਨੂੰ 2 ਸੀਟਾਂ ਮਿਲੀਆਂ ਸਨ।

ਇੰਡੀਆ ਟੂਡੇਜ਼ ਮੂਡ ਆਫ਼ ਦ ਨੇਸ਼ਨ ਸਰਵੇਖਣ ਦਾ ਫਰਵਰੀ 2024 ਐਡੀਸ਼ਨ ਸਾਰੀਆਂ ਲੋਕ ਸਭਾ ਸੀਟਾਂ 'ਤੇ 35,801 ਲੋਕਾਂ ਦੇ ਸਰਵੇਖਣ 'ਤੇ ਅਧਾਰਿਤ ਹੈ। ਇਹ ਸਰਵੇਖਣ 15 ਦਸੰਬਰ, 2023 ਅਤੇ 28 ਜਨਵਰੀ, 2024 ਦਰਮਿਆਨ ਕੀਤਾ ਗਿਆ ਸੀ।

### ਮਹਾਰਾਸ਼ਟਰ ਵਿੱਚ ਵਿਰੋਧੀ ਧਿਰ ਦਾ ਪਲੜਾ ਭਾਰੀ

ਸਰਵੇਖਣ ਮੁਤਾਬਕ ਜੇਕਰ ਅੱਜ ਮਹਾਰਾਸ਼ਟਰ ਵਿੱਚ ਚੋਣਾਂ ਹੁੰਦੀਆਂ ਹਨ ਤਾਂ




ਮਹਾਵਿਕਾਸ ਅਗਾੜੀ ਦਾ ਪਲੜਾ ਭਾਰੀ ਹੋ ਸਕਦਾ ਹੈ। ਵਿਰੋਧੀ ਗਠਜੋੜ 48 ਵਿੱਚੋਂ 26 ਸੀਟਾਂ ਜਿੱਤ ਸਕਦਾ ਹੈ। ਇਨ੍ਹਾਂ ਵਿੱਚੋਂ ਕਾਂਗਰਸ ਨੂੰ 12 ਅਤੇ ਸ਼ਿਵ ਸੈਨਾ (ਊਧਵ)-ਐਨਸੀਪੀ (ਸ਼ਰਦ ਪਵਾਰ) ਨੂੰ 14 ਸੀਟਾਂ ਮਿਲ ਸਕਦੀਆਂ ਹਨ। ਭਾਜਪਾ ਗਠਜੋੜ ਨੂੰ 22 ਸੀਟਾਂ ਮਿਲ ਸਕਦੀਆਂ ਹਨ। ਭਾਜਪਾ ਗਠਜੋੜ ਨੂੰ 40.5 ਫੀਸਦੀ ਵੋਟ ਸ਼ੇਅਰ ਮਿਲ ਸਕਦੇ ਹਨ, ਜਦਕਿ ਕਾਂਗਰਸ ਗਠਜੋੜ ਨੂੰ 44.5 ਫੀਸਦੀ ਵੋਟ ਸ਼ੇਅਰ ਮਿਲਦੇ ਨਜ਼ਰ ਆ ਰਹੇ ਹਨ।

2019 ਦੀਆਂ ਚੋਣਾਂ ਵਿੱਚ ਐਨ.ਡੀ.ਏ. ਨੇ 41 ਸੀਟਾਂ ਜਿੱਤੀਆਂ ਸਨ, ਜਿਨ੍ਹਾਂ ਵਿੱਚੋਂ 22 ਸੀਟਾਂ ਭਾਜਪਾ ਨੇ ਜਿੱਤੀਆਂ ਸਨ, ਜਦਕਿ 19 ਸੀਟਾਂ ਸ਼ਿਵ ਸੈਨਾ ਨੇ ਜਿੱਤੀਆਂ ਸਨ। ਕਾਂਗਰਸ ਅਤੇ ਐਨਸੀਪੀ ਨੇ ਛੇ ਸੀਟਾਂ ਜਿੱਤੀਆਂ ਸਨ। ਓਵੈਸੀ ਦੀ ਪਾਰਟੀ ਨੂੰ ਵੀ ਇੱਕ ਸੀਟ ਮਿਲੀ ਸੀ।

ਗੋਆ ਵਿੱਚ ਦੋ ਲੋਕ ਸਭਾ ਸੀਟਾਂ ਹਨ, ਜਿੱਥੇ ਇੱਕ ਸੀਟ ਭਾਜਪਾ ਅਤੇ ਇੱਕ ਸੀਟ ਕਾਂਗਰਸ ਜਿੱਤ ਸਕਦੀ ਹੈ। ਪਿਛਲੀਆਂ ਚੋਣਾਂ ਵਿੱਚ ਵੀ ਅਜਿਹਾ ਹੀ ਨਤੀਜਾ ਰਿਹਾ ਸੀ। ਸਰਵੇਖਣ ਮੁਤਾਬਕ ਭਾਜਪਾ ਨੂੰ 37.1 ਫੀਸਦੀ, ਕਾਂਗਰਸ ਨੂੰ 47 ਫੀਸਦੀ ਅਤੇ ਆਮ ਆਦਮੀ ਪਾਰਟੀ ਨੂੰ ਅੱਠ ਫੀਸਦੀ ਵੋਟਾਂ ਮਿਲਣ ਦੀ ਉਮੀਦ ਹੈ।

### ਕੇਰਲ, ਤਾਮਿਲਨਾਡੂ ਦਾ ਸਰਵੇਖਣ

ਕੇਰਲ 'ਚ ਕਾਂਗਰਸ ਗਠਜੋੜ ਨੂੰ 18 ਸੀਟਾਂ ਮਿਲ ਸਕਦੀਆਂ ਹਨ, ਜਦਕਿ ਖੱਬੇ ਪੱਖੀ ਗਠਜੋੜ ਨੂੰ ਦੋ ਸੀਟਾਂ ਮਿਲ ਸਕਦੀਆਂ ਹਨ। ਭਾਜਪਾ ਨੂੰ 16.5 ਫੀਸਦੀ, ਕਾਂਗਰਸ ਗਠਜੋੜ ਨੂੰ 45.7 ਫੀਸਦੀ, ਖੱਬੇ ਗਠਜੋੜ ਨੂੰ 32.3 ਫੀਸਦੀ ਅਤੇ ਹੋਰਨਾਂ ਨੂੰ 5.5 ਫੀਸਦੀ ਵੋਟਾਂ ਮਿਲ ਸਕਦੀਆਂ ਹਨ।

ਤਾਮਿਲਨਾਡੂ ਵਿੱਚ ਡੀ.ਐਮ.ਕੇ. ਨੂੰ 31 ਸੀਟਾਂ ਮਿਲ ਸਕਦੀਆਂ ਹਨ, ਜਦਕਿ ਕਾਂਗਰਸ ਨੂੰ ਅੱਠ ਸੀਟਾਂ ਮਿਲਣ ਜਾ ਰਹੀਆਂ ਹਨ। ਤਾਮਿਲਨਾਡੂ ਵਿੱਚ ਲੋਕ ਸਭਾ ਦੀਆਂ 39 ਸੀਟਾਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਸੀ.ਐਮ. ਸਟਾਲਿਨ ਦੀ ਪਾਰਟੀ ਡੀ.ਐਮ.ਕੇ. ਨੂੰ 24, ਕਾਂਗਰਸ ਨੂੰ ਅੱਠ, ਏ.ਆਈ.ਏ.ਡੀ.ਐਮ.ਕੇ. ਨੂੰ ਇੱਕ, ਖੱਬੇ ਪੱਖੀ ਨੂੰ ਚਾਰ ਅਤੇ ਹੋਰਨਾਂ ਨੂੰ ਦੋ ਸੀਟਾਂ ਮਿਲੀਆਂ ਸਨ।

### ਬਿਹਾਰ 'ਚ ਐਨ.ਡੀ.ਏ. ਦਾ ਬਣਿਆ ਰਹਿ ਸਕਦਾ ਹੈ ਦਬਦਬਾ

ਬਿਹਾਰ ਵਿੱਚ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗਠਜੋੜ ਨੂੰ 40 ਵਿੱਚੋਂ 32 ਸੀਟਾਂ ਮਿਲਦੀਆਂ ਨਜ਼ਰ ਆ ਰਹੀਆਂ ਹਨ। ਇੰਡੀਆ ਗਠਜੋੜ ਨੂੰ 8 ਸੀਟਾਂ ਮਿਲ ਸਕਦੀਆਂ ਹਨ। ਜਦੋਂ ਕਿ 2019 ਵਿੱਚ ਐਨ.ਡੀ.ਏ. ਦਾ ਵੋਟ ਸ਼ੇਅਰ 53 ਪ੍ਰਤੀਸ਼ਤ ਸੀ, 2024 ਵਿੱਚ ਵੋਟ ਸ਼ੇਅਰ ਘਟ ਕੇ 52 ਪ੍ਰਤੀਸ਼ਤ ਰਹਿ ਸਕਦਾ ਹੈ। ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੀ ਵੋਟ ਪ੍ਰਤੀਸ਼ਤਤਾ ਸੱਤ ਫੀਸਦੀ ਤੱਕ ਵਧਦੀ ਨਜ਼ਰ ਆ ਰਹੀ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਨਿਤੀਸ਼ ਕੁਮਾਰ ਇੱਕ ਵਾਰ ਫਿਰ ਮਹਾਂ ਗਠਜੋੜ ਤੋਂ ਵੱਖ ਹੋ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।



## ਇੱਕ ਜੰਗਲ ਨੂੰ ਅੱਗ ਲੱਗੀ.....

# ਕਿਵੇਂ ਲੱਗਦੀ ਹੈ ਜੰਗਲ 'ਚ ਅੱਗ ?

## ਮਨੁੱਖ ਦੀ ਗ਼ਲਤੀ ਦਾ ਖ਼ਮਿਆਜ਼ਾ ਭੁਗਤਣਾ ਪੈਂਦੈ ਜੰਗਲਾਂ ਨੂੰ



ਕੈਨੇਡਾ ਦੇ ਜੰਗਲਾਂ, ਅਮਰੀਕਾ ਦੇ ਕੈਲੀਫ਼ੋਰਨੀਆਂ ਇਲਾਕੇ ਦੇ ਜੰਗਲਾਂ, ਦੱਖਣੀ ਅਮਰੀਕੀ ਦੇਸ਼ ਚਿਲੀ ਦੇ ਜੰਗਲਾਂ, ਪੱਛਮੀ ਅਮਰੀਕਾ ਦੇ ਟਾਪੂ ਰਾਜ ਹਵਾਈ ਦੇ ਇਤਿਹਾਸਕ ਸ਼ਹਿਰ ਲਹੈਨਾ ਦੇ ਜੰਗਲਾਂ ਸਮੇਤ ਦੁਨੀਆਂ ਭਰ ਦੇ ਅਨੇਕਾਂ ਇਲਾਕਿਆਂ ਵਿੱਚ ਅਕਸਰ ਹੀ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਹਨ, ਜਿਹਨਾਂ ਨਾਲ ਕਾਫ਼ੀ ਨੁਕਸਾਨ ਵੀ ਹੁੰਦਾ ਹੈ ਅਤੇ ਜੰਗਲਾਂ ਦਾ ਬਹੁਤ ਸਾਰਾ ਇਲਾਕਾ ਅੱਗ ਵਿੱਚ ਸੜ ਕੇ ਸਵਾਹ ਹੋ ਜਾਂਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਕਸਰ ਜੰਗਲਾਂ ਨੂੰ ਅੱਗ ਕਿਉਂ ਅਤੇ ਕਿਵੇਂ ਲੱਗ ਜਾਂਦੀ ਹੈ ?

ਅੱਗ ਨੂੰ ਬਲਣ ਲਈ ਗਰਮੀ, ਬਾਲਣ ਅਤੇ ਆਕਸੀਜਨ ਜ਼ਰੂਰੀ ਹੈ। ਜੰਗਲ ਵਿੱਚ, ਆਕਸੀਜਨ ਸਿਰਫ ਹਵਾ ਵਿੱਚ ਮੌਜੂਦ ਹੈ। ਰੁੱਖਾਂ ਦੀਆਂ ਸੁੱਕੀਆਂ ਟਾਹਣੀਆਂ ਅਤੇ ਪੱਤੇ ਬਾਲਣ ਦਾ ਕੰਮ ਕਰਦੇ ਹਨ। ਇੱਕ ਛੋਟੀ ਜਿਹੀ ਚੰਗਿਆੜੀ ਗਰਮੀ ਦਾ ਕੰਮ ਕਰ ਸਕਦੀ ਹੈ। ਜ਼ਿਆਦਾਤਰ ਅੱਗ ਗਰਮੀਆਂ ਦੇ ਮੌਸਮ ਦੌਰਾਨ ਹੁੰਦੀ ਹੈ। ਇਸ ਮੌਸਮ ਵਿੱਚ, ਇੱਕ ਛੋਟੀ ਜਿਹੀ ਚੰਗਿਆੜੀ ਵੀ ਪੂਰੇ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀਆਂ ਕਈ ਵਾਰ ਰੁੱਖਾਂ ਦੀਆਂ ਟਾਹਣੀਆਂ ਨੂੰ ਇੱਕ ਦੂਜੇ ਦੇ ਵਿਰੁੱਧ ਰਗੜਨ ਨਾਲ ਜਾਂ ਸੂਰਜ ਦੀਆਂ ਤੇਜ਼ ਕਿਰਨਾਂ ਕਾਰਨ ਹੁੰਦੀਆਂ ਹਨ। ਗਰਮੀਆਂ ਵਿੱਚ, ਰੁੱਖਾਂ ਦੀਆਂ ਟਹਿਣੀਆਂ ਅਤੇ ਟਾਹਣੀਆਂ ਸੁੱਕ ਜਾਂਦੀਆਂ ਹਨ, ਜਿਨ੍ਹਾਂ ਨੂੰ ਆਸਾਨੀ ਨਾਲ ਅੱਗ ਲੱਗ ਜਾਂਦੀ ਹੈ। ਇੱਕ ਵਾਰ ਜਦੋਂ ਅੱਗ ਲੱਗ ਜਾਂਦੀ ਹੈ, ਤਾਂ ਇਸ ਨੂੰ ਹਵਾ ਦੁਆਰਾ ਭੜਕਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਦਰਤੀ ਬਿਜਲੀ, ਜਵਾਲਾਮੁਖੀ ਅਤੇ ਕੋਲੇ ਦੇ ਜਲਣ ਕਾਰਨ ਵੀ ਜੰਗਲ ਦੀ ਅੱਗ ਲੱਗ ਸਕਦੀ ਹੈ। ਆਮ ਤੌਰ 'ਤੇ ਅੱਗ ਨੂੰ ਬਾਲਣ, ਆਕਸੀਜਨ ਅਤੇ ਗਰਮੀ ਦੀ ਲੋੜ ਹੁੰਦੀ ਹੈ। ਜਦੋਂ ਬਹੁਤ ਜ਼ਿਆਦਾ ਗਰਮੀ ਹੁੰਦੀ ਹੈ, ਤਾਂ ਇੱਕ ਛੋਟੀ ਜਿਹੀ ਚੰਗਿਆੜੀ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀਆਂ ਜੰਗਲਾਂ ਵਿੱਚੋਂ ਲੰਘਦੀਆਂ ਰੇਲ ਪਟੜੀਆਂ ਅਤੇ ਰੇਲ ਗੱਡੀਆਂ ਦੇ ਪਹੀਆਂ ਨੂੰ ਰਗੜਨ ਕਾਰਨ ਪੈਦਾ ਹੋ ਸਕਦੀਆਂ ਹਨ। ਕਈ ਵਾਰ ਸੁੱਕੀਆਂ ਦਰਖਤਾਂ ਦੀਆਂ ਟਾਹਣੀਆਂ ਇੱਕ ਦੂਜੇ ਨਾਲ ਰਗੜ ਕੇ ਚੰਗਿਆੜੀਆਂ ਪੈਦਾ ਕਰਦੀਆਂ ਹਨ ਅਤੇ ਜੰਗਲ ਵਿੱਚ ਭਿਆਨਕ ਅੱਗ ਦਾ ਕਾਰਨ ਬਣ ਜਾਂਦੀਆਂ ਹਨ। ਸੂਰਜ ਦੀਆਂ ਤੇਜ਼ ਕਿਰਨਾਂ ਵੀ ਅੱਗ ਨੂੰ ਉਤਸ਼ਾਹਿਤ ਕਰਦੀਆਂ ਹਨ।





ਜੰਗਲ ਦੀ ਅੱਗ ਲਈ ਆਮ ਤੌਰ 'ਤੇ ਮਨੁੱਖੀ ਲਾਪਰਵਾਹੀ ਜ਼ਿੰਮੇਵਾਰ ਹੁੰਦੀ ਹੈ। ਕਈ ਵਾਰ ਜੋ ਲੋਕ ਜੰਗਲ ਵਿੱਚ ਸੈਰ ਕਰਨ, ਫੋਟੋਗ੍ਰਾਫੀ ਲਈ ਜਾਂ ਕਿਸੇ ਖੋਜ ਲਈ ਜਾਂਦੇ ਹਨ, ਉਹ ਅਚਾਨਕ ਕੈਂਪ ਫਾਇਰ, ਬਲਦੀ ਸਿਗਰੇਟ, ਜਾਨਵਰਾਂ ਨੂੰ ਡਰਾਉਣ ਲਈ ਵਰਤੇ ਜਾਂਦੇ ਪਟਾਕੇ, ਜਾਂ ਮਾਚਿਸ ਦੀਆਂ ਸਟਿਕਾਂ ਨੂੰ ਸਾੜ ਦਿੰਦੇ ਹਨ। ਇਸ ਨਾਲ ਜੰਗਲ ਦੀ ਅੱਗ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਦੇ ਨਾਲ ਹੀ, ਜਦੋਂ ਇੱਕ ਵਾਰ ਜੰਗਲ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਉੱਥੇ ਵਗਣ ਵਾਲੀ ਖੁੱਲ੍ਹੀ ਹਵਾ ਇਸ ਨੂੰ ਹੋਰ ਵਧਾ ਦਿੰਦੀ ਹੈ। ਤੇਜ਼ ਹਵਾ ਹੋਵੇ ਤਾਂ ਅੱਗ ਬੜੀ ਤੇਜ਼ੀ ਨਾਲ ਜੰਗਲ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ।

ਕਈ ਵਾਰ ਜੰਗਲ ਦੀ ਅੱਗ ਲਈ ਜੰਗਲ ਵੀ ਜ਼ਿੰਮੇਵਾਰ ਹੁੰਦਾ ਹੈ। ਅਸਲ ਵਿੱਚ ਜਦੋਂ ਗਰਮੀ ਆਪਣੇ ਸਿਖਰ 'ਤੇ ਹੁੰਦੀ ਹੈ ਤਾਂ ਰੁੱਖਾਂ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ। ਇਹ ਸੁੱਕੀਆਂ ਟਹਿਣੀਆਂ ਆਸਾਨੀ ਨਾਲ ਅੱਗ ਫੜ ਲੈਂਦੀਆਂ ਹਨ। ਢਲਾਣ ਵਾਲੇ ਜੰਗਲਾਂ ਵਿਚ ਅੱਗ ਜ਼ਿਆਦਾ ਤੇਜ਼ੀ ਨਾਲ ਫੈਲਦੀ ਹੈ। ਅਸਲ ਵਿੱਚ ਅਜਿਹੇ ਜੰਗਲਾਂ ਵਿਚ ਅੱਗ ਪਹਿਲਾਂ ਸੁੱਕੇ ਘਾਹ ਵਿੱਚ ਫੈਲਦੀ ਹੈ ਅਤੇ ਫਿਰ ਰੁੱਖਾਂ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਜੇਕਰ ਜੰਗਲ 'ਚ ਸੁੱਕਾ ਬਾਲਣ ਬਹੁਤ ਜ਼ਿਆਦਾ ਹੋ ਜਾਵੇ ਤਾਂ ਅੱਗ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਤੇਜ਼ੀ ਨਾਲ ਬਦਲਦਾ ਮੌਸਮ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ। ਦਰਅਸਲ, ਘੱਟ ਬਰਸਾਤ, ਸੋਕੇ ਵਰਗੀਆਂ ਸਥਿਤੀਆਂ, ਬਹੁਤ ਜ਼ਿਆਦਾ ਗਰਮੀ ਦੀਆਂ ਲਹਿਰਾਂ ਅਤੇ ਅਤਿ ਦੀ ਗਰਮੀ ਜੰਗਲਾਂ ਦੀ ਅੱਗ ਲਈ ਜ਼ਿੰਮੇਵਾਰ ਹਨ। ਜਲਵਾਯੂ ਪਰਿਵਰਤਨ ਦੇ ਨਾਲ, ਇਹੋ ਜਿਹੇ ਹਾਲਾਤ ਪੈਦਾ ਹੋ ਰਹੇ ਹਨ. ਕੁਦਰਤ ਦੇ ਵੱਧ ਰਹੇ ਸ਼ੋਸ਼ਣ ਕਾਰਨ ਵਾਤਾਵਰਨ ਦਾ ਸੰਤੁਲਨ ਵਿਗੜ ਗਿਆ ਹੈ। ਕੁਝ ਥਾਵਾਂ 'ਤੇ ਜ਼ਿਆਦਾ ਮੀਂਹ ਪੈ ਰਿਹਾ ਹੈ ਅਤੇ ਕਈ ਥਾਵਾਂ 'ਤੇ ਘੱਟ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ ਤਾਪਮਾਨ ਵੀ ਵੱਧ ਰਿਹਾ ਹੈ। ਇਸ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦਾ ਖਤਰਾ ਵੱਧ ਰਿਹਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੰਗਲ ਦੀ ਇਸ ਵਿਸ਼ਾਲ ਅੱਗ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? ਮਾਹਰ ਅੱਗ ਲੱਗਣ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਵਿਸ਼ੇਸ਼ ਸਾਧਨਾਂ ਦੀ ਵਰਤੋਂ ਕਰਦੇ ਹਨ। ਇਹ ਟੂਲ ਤਾਪਮਾਨ, ਹਵਾ ਦੀ ਗਤੀ ਵਰਗੇ ਮਾਪਦੰਡਾਂ ਦੀ ਜਾਂਚ ਕਰਦਾ ਹੈ। ਇਹ ਮਾਪਦੰਡ ਖਤਰਨਾਕ ਪੱਧਰ ਤੱਕ ਪਹੁੰਚਣ ਤੋਂ ਪਹਿਲਾਂ ਅੱਗ ਨੂੰ ਰੋਕਣ ਦੇ ਯਤਨ ਕੀਤੇ ਜਾਂਦੇ ਹਨ। ਇਸ ਤਹਿਤ ਜੰਗਲਾਂ ਵਿੱਚ ਟੋਏ ਪੁੱਟੇ ਜਾਂਦੇ ਹਨ ਤਾਂ ਜੋ ਅੱਗ ਨਾ ਫੈਲੇ। ਨਾਲ ਹੀ, ਉਹ ਸਾਰੀਆਂ ਚੀਜ਼ਾਂ ਜੋ ਚੰਗਿਆੜੀਆਂ ਦਾ ਕਾਰਨ ਬਣਦੀਆਂ ਹਨ, ਜੰਗਲਾਂ ਵਿੱਚੋਂ ਹਟਾ ਦਿੱਤੀਆਂ ਜਾਂਦੀਆਂ ਹਨ।





## ਹਰ ਵਿਧਾ ਵਿੱਚ ਲਿਖਣ ਵਾਲੀ ਸਾਹਿਤਕਾਰ

# ਅੰਮ੍ਰਿਤਾ ਪ੍ਰੀਤਮ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਪੰਜਾਬੀ ਲੇਖਕ, ਕਵੀ, ਨਾਵਲਕਾਰ ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਮੰਡੀ ਬਹਾਉਦੀਨ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਹੋਇਆ। ਇਸ ਦੇ ਪਿਤਾ ਇੱਕ ਚੰਗੇ ਛੰਦ ਸ਼ਾਸਤਰੀ ਸਨ। ਅੰਮ੍ਰਿਤਾ ਨੂੰ ਲਿਖਣ ਦੀ ਚੇਟਕ ਵੀ ਆਪਣੇ ਪਿਤਾ ਕੋਲੋਂ ਪਈ।



ਅੰਮ੍ਰਿਤਾ ਨੇ 1932 ਵਿਚ ਅੱਠਵੀਂ ਪਾਸ ਕਰ ਲਈ ਸੀ। 1933 ਵਿੱਚ ਇਸ ਨੇ ਗਿਆਨੀ ਪਾਸ ਕਰ ਲਈ ਬਾਅਦ ਵਿੱਚ 15 ਮਈ 1973 ਨੂੰ ਦਿੱਲੀ ਯੂਨੀਵਰਸਿਟੀ ਵੱਲੋਂ ਡੀ ਲਿਟ ਦੀ ਆਨਰੇਰੀ ਡਿਗਰੀ ਵੀ ਪ੍ਰਾਪਤ ਕੀਤੀ। ਉਸ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ।

ਜਦ ਅੰਮ੍ਰਿਤਾ ਚਾਰ ਸਾਲ ਦੀ ਸੀ ਤਾਂ ਇਹਨਾਂ ਦੀ ਮਾਤਾ ਨੇ ਇਸ ਦੀ ਕੁੜਮਾਈ ਦੂਰ ਦੇ ਰਿਸ਼ਤੇ ਵਿੱਚ ਭੂਆ ਦੇ ਪੁੱਤਰ ਨਾਲ ਕਰ ਦਿੱਤੀ। ਜਦ ਇਹ ਗਿਆਰਾਂ ਸਾਲ ਦੀ ਹੋਈ ਤਾਂ ਇਸ ਦੀ ਮਾਤਾ ਦੀ ਮੌਤ ਹੋ ਗਈ। ਪਿਤਾ ਨੇ 16 ਸਾਲ ਦੀ ਉਮਰ ਵਿੱਚ ਇਸ ਦਾ ਵਿਆਹ ਉਸ ਥਾਂ ਹੀ ਕਰਕੇ ਆਪਣੀ ਪਤਨੀ ਦੀ ਜ਼ੁਬਾਨ ਪੁਗਾਈ ਅਤੇ ਆਪਣਾ ਫ਼ਰਜ਼ ਨਿਭਾਇਆ।

ਇਹ ਵਿਆਹ 1936 ਵਿੱਚ ਪ੍ਰੀਤਮ ਸਿੰਘ ਕਵਾਤੜਾ ਨਾਲ ਹੋਇਆ। ਇਸ ਤੋਂ ਬਾਅਦ ਹੀ ਇਸ ਨੇ ਉਪਨਾਮ ਆਪਣੇ ਪਤੀ ਕੋਲੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਬਣ ਗਈ। ਇਹਨਾਂ ਦੇ ਘਰ ਦੋ ਬੱਚੇ ਪੁੱਤਰ ਨਵਰਾਜ ਅਤੇ ਪੁੱਤਰੀ ਕੰਦਲਾ ਨੇ ਜਨਮ ਲਿਆ। ਇਹ ਆਪਣੇ ਵਿਆਹੁਤਾ ਜੀਵਨ ਤੋਂ ਖ਼ੁਸ਼ ਨਹੀਂ ਸੀ ਇਸ ਕਰਕੇ 1960 ਵਿਚ ਇਸ ਨੇ ਆਪਣੇ ਪਤੀ ਨੂੰ ਛੱਡ ਦਿੱਤਾ।

1936 ਵਿੱਚ ਅੰਮ੍ਰਿਤਾ ਨੇ ਲਿਖਣਾ ਸ਼ੁਰੂ ਕੀਤਾ ਜਦ ਇਸ ਦਾ ਪਹਿਲਾ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋਇਆ ਉਸ ਟਾਈਮ ਇਸ ਦੀ ਉਮਰ 16 ਸਾਲ ਸੀ।

1947 ਦੀ ਵੰਡ ਵੇਲੇ ਇਹ ਇਧਰ ਆ ਗਈ ਉਸ ਟਾਈਮ ਇਹ 28 ਸਾਲ ਦੀ ਸੀ ਦੇਸ਼ ਦੀ ਵੰਡ ਨੂੰ ਇਸ ਨੇ ਆਪਣੇ ਪਿੰਡੇ 'ਤੇ ਹੰਢਾਇਆ। ਲਾਸ਼ਾਂ ਦੇ ਲੱਗੇ ਢੇਰ ਅੰਮ੍ਰਿਤਾ ਪ੍ਰੀਤਮ ਦੇ ਮਨ 'ਤੇ ਘਰ ਕਰ ਗਏ ਇਹਨਾਂ ਤੋਂ ਪ੍ਰਭਾਵਿਤ ਹੋ ਕੇ ਇਸ ਨੇ ਵਾਰਿਸ ਸ਼ਾਹ ਨੂੰ ਮੁਖ਼ਾਤਬ ਕਰਕੇ ਇੱਕ ਕਵਿਤਾ ਲਿਖੀ-

--ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ !
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ !
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ :
ਉਠ ਦਰਦਮੰਦਾਂ ਦਿਆ ਦਰਦੀਆ ! ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਛੇ ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਅੰਮ੍ਰਿਤਾ ਨੇ ਕਵਿਤਾ, ਨਾਵਲ , ਜੀਵਨੀ, ਨਿਬੰਧ ਆਦਿ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ। ਇਹਨਾਂ ਵਿਚ ਪੰਜਾਬੀ ਲੋਕ ਗੀਤਾਂ ਦਾ ਇਕ ਸੰਗ੍ਰਹਿ ਅਤੇ ਆਤਮਕਥਾ ਵੀ ਸ਼ਾਮਲ ਹੈ। ਉਸ ਦੀਆਂ ਕਈ ਕਿਤਾਬਾਂ ਦਾ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ ਨੂੰ 1956 ਵਿੱਚ ਸੁਨੇਹੜੇ ਕਾਵਿ- ਸੰਗ੍ਰਹਿ ਤੇ ਸਾਹਿਤ ਕੈਡਮੀ ਪੁਰਸਕਾਰ ਮਿਲਿਆ, 1958 ਵਿੱਚ ਭਾਸ਼ਾ ਵਿਭਾਗ ਵੱਲੋਂ ਸਨਮਾਨ ਮਿਲਿਆ, 1969 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ, ਸਾਹਿਤ ਕਲਾ ਪ੍ਰੀਸ਼ਦ ਵੱਲੋਂ 1974 ਵਿੱਚ ਇਨਾਮ ਮਿਲਿਆ, ਕੰਨੜ ਸਾਹਿਤ ਸੰਮੇਲਨ ਵਿਚ ਆਪ ਨੂੰ 1978 ਵਿਚ ਇਨਾਮ ਮਿਲਿਆ, 1982 ਵਿਚ ਕਾਗ਼ਜ਼ ਅਤੇ ਕੈਨਵਸ ਕਾਵਿ ਸੰਗ੍ਰਹਿ ਤੇ ਗਿਆਨ ਪੀਠ ਐਵਾਰਡ ਮਿਲਿਆ, 1988 ਵਿਚ ਬਲਗਾਰਿਆ ਵੈਰੋਵ ਇਨਾਮ (ਅੰਤਰ ਰਾਸ਼ਟਰੀ) ਮਿਲਿਆ, ਆਪਣੀ ਜਿੰਦਗੀ ਦੇ ਅੰਤਿਮ ਦਿਨਾਂ 2005 ਵਿੱਚ ਅੰਮ੍ਰਿਤਾ ਪ੍ਰੀਤਮ ਨੂੰ ਭਾਰਤ ਦਾ ਦੂਜਾ ਸਭ ਤੋਂ ਵੱਡਾ ਸਨਮਾਨ ਪਦਮ ਵਿਭੂਸ਼ਣ ਮਿਲਿਆ।

31 ਅਕਤੂਬਰ 2005 ਨੂੰ 86 ਸਾਲ ਦੀ ਉਮਰ ਵਿੱਚ ਅੰਮ੍ਰਿਤਾ ਪ੍ਰੀਤਮ ਦੀ ਦਿੱਲੀ ਵਿਖੇ ਮੌਤ ਹੋ ਗਈ ਪਰ ਉਹ ਭਾਵੇਂ ਸਾਡੇ ਕੋਲੋਂ ਸਰੀਰਕ ਤੌਰ 'ਤੇ ਚਲੀ ਗਈ ਹੈ ਪਰ ਉਸ ਦਾ ਲਿਖਿਆ ਸਾਹਿਤ ਦਾ ਵਡਮੁੱਲਾ ਸਰਮਾਇਆ ਸਾਡੇ ਕੋਲ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205



# ਖੇੜੇ ਅਤੇ ਖੁਸ਼ਬੋਆਂ ਵੰਡਣ ਵਾਲੀ ਰੁੱਤਾਂ ਦੀ ਰਾਣੀ ਬਸੰਤ

ਧਰਮਿੰਦਰ ਸਿੰਘ ਚੱਬਾ

ਬਸੰਤ ਖ਼ੁਸ਼ੀਆਂ ਖੇੜਿਆਂ ਵਾਲਾ ਮੌਸਮੀ ਤਿਉਹਾਰ ਹੈ। ਭਾਰਤ 'ਚ ਮੁੱਖ ਤੌਰ ਆਉਂਦੀਆਂ ਛੇ ਰੁੱਤਾਂ ਨੂੰ ਦੇਸੀ ਅਤੇ ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ ਜੇ ਦੇਖੀਏ ਤਾਂ ਇਹ ਰੁੱਤਾਂ ਦੇ ਛੇ ਨਾਂਅ 'ਤੇ ਮਹੀਨਿਆਂ ਦਾ ਹਿਸਾਬ ਇਸ ਤਰ੍ਹਾਂ ਆਉਂਦਾ ਹੈ। ਦਸੰਬਰ ਤੇ ਜਨਵਰੀ, ਮੱਘਰ ਤੇ ਪੋਹ ਨੂੰ ਸਰਦੀ ਦਾ ਮੌਸਮ (ਦੇਸੀ ਮਹੀਨੇ ਦੀ ਸੰਗਰਾਂਦ ਅੰਗਰੇਜ਼ੀ ਮਹੀਨੇ ਦੇ ਤਕਰੀਬਨ ਅੱਧ ਵਿੱਚ ਆਉਂਦੀ ਹੈ),

ਫਰਵਰੀ ਤੇ ਮਾਰਚ, ਮਾਘ ਤੇ ਫੱਗਣ ਨੂੰ ਬਸੰਤ ਦਾ ਮੌਸਮ, ਅਪ੍ਰੈਲ ਤੇ ਮਈ, ਚੇਤ ਤੇ ਵਿਸਾਖ ਨੂੰ ਬਹਾਰ ਦਾ ਮੌਸਮ, ਜੂਨ ਤੇ ਜੁਲਾਈ, ਜੇਠ ਤੇ ਹਾੜ ਨੂੰ ਗਰਮੀ ਦਾ ਮੌਸਮ, ਅਗਸਤ ਤੇ ਸਤੰਬਰ, ਸਾਉਣ ਤੇ ਭਾਦੋਂ ਨੂੰ ਬਰਸਾਤ ਦਾ ਮੌਸਮ, ਅਕਤੂਬਰ ਤੇ ਨਵੰਬਰ, ਅੱਸੂ ਤੇ ਕੱਤਕ ਨੂੰ ਪੱਤਝੜ ਦਾ ਮੌਸਮ ਹੁੰਦਾ ਹੈ। ਇਨ੍ਹਾਂ ਛੇ ਰੁੱਤਾਂ ਵਿੱਚੋਂ ਬਸੰਤ ਸਭ ਤੋਂ ਸੋਹਣੀ ਤੇ ਮਨਮੋਹਣੀ ਰੁੱਤ ਮੰਨੀ ਜਾਂਦੀ ਹੈ। ਇਸੇ ਲਈ ਇਸ ਰੁੱਤ ਨੂੰ 'ਰਿਤੂਰਾਜ' ਜਾਂ 'ਰੁੱਤਾਂ ਦੀ ਰਾਣੀ' ਵੀ ਕਿਹਾ ਜਾਂਦਾ ਹੈ। ਇਸ ਰੁੱਤ 'ਚ ਕੁਦਰਤ ਸੋਲ੍ਹਾਂ ਕਲਾਵਾਂ ਨਾਲ ਖਿੜ ਕੇ ਮਦਮਸਤ ਹੋ ਉੱਠਦੀ ਹੈ। ਬਸੰਤ ਦਿਲਾਂ ਵਿੱਚ ਨਵੀਂ ਉਮੰਗ, ਊਰਜਾ, ਆਸ਼ਾ ਤੇ ਵਿਸ਼ਵਾਸ਼ ਦਾ ਸੰਚਾਰ ਕਰਦੀ ਹੈ।

ਬਸੰਤ ਰੁੱਤ ਦੇ ਆਉਣ ਸਾਰ ਹੀ ਫੁੱਲਾਂ 'ਤੇ ਬਹਾਰ ਆ ਜਾਂਦੀ ਹੈ। ਬਸੰਤ ਰੁੱਤ ਸਭ ਤੋਂ ਸੁਹਾਵਣੀ ਰੁੱਤ ਹੈ। ਖੇਤਾਂ 'ਚ ਸਰਸੋਂ ਦੇ ਪੀਲੇ-ਪੀਲੇ ਫੁੱਲ ਖਿੜ੍ਹ ਪੈਂਦੇ ਹਨ। ਕਣਕਾਂ ਜਵਾਨ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਰੁੱਖਾਂ ਨੂੰ ਨਵੀਆਂ ਪੱਤੀਆਂ ਨਿਕਲ ਆਉਂਦੀਆਂ ਹਨ। ਅੰਬਾਂ ਨੂੰ ਬੂਰ ਪੈ ਜਾਂਦਾ ਹੈ। ਹਰ ਪਾਸੇ ਤਿਤਲੀਆਂ ਦੇ ਝੁੰਡ ਮੰਡਰਾਉਣ ਲੱਗਦੇ ਹਨ। ਸਰਦੀ ਰੁੱਤ ਤੋਂ ਕੁੱਝ ਰਾਹਤ ਮਿਲਦੀ ਹੈ ਤੇ ਗਰਮੀ ਆਪਣਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੰਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ 'ਆਈ ਬਸੰਤ ਤੇ ਪਾਲਾ ਉਡੰਤ'। ਪਰ ਕਦੀ-ਕਦੀ 'ਆਈ ਬਸੰਤ ਤੇ ਪਾਲਾ ਪੜੰਤ' ਵੀ ਹੋ ਜਾਂਦਾ ਹੈ। ਬਸੰਤ ਪੰਚਮੀ ਮਾਘ ਸੁਦੀ ਪੰਜ ਨੂੰ ਮਨਾਇਆ ਜਾਣ ਵਾਲਾ ਤਿਉਹਾਰ ਹੈ, ਇਸ ਲਈ ਇਸਨੂੰ 'ਬਸੰਤ ਪੰਚਮੀ' ਕਿਹਾ ਜਾਂਦਾ ਹੈ। ਬਸੰਤ ਵਾਲੇ ਦਿਨ ਲੋਕ ਜ਼ਿਆਦਾਤਰ ਮੁਟਿਆਰਾਂ, ਪੀਲੇ ਕੱਪੜੇ ਪਹਿਨਦੀਆਂ ਹਨ ਤੇ ਗੱਭਰੂ ਪੀਲੇ ਰੰਗ ਦੀ ਦਸਤਾਰਾਂ ਸਜਾਉਂਦੇ ਹਨ, ਘਰਾਂ ਵਿੱਚ ਪੀਲੇ ਰੰਗ ਦੇ ਚੋਲ, ਪੀਲੇ ਰੰਗ ਦੇ ਲੱਡੂ ਤੇ ਕੇਸਰ ਵਾਲੀ ਖੀਰ ਬਣਾਈ ਜਾਂਦੀ ਹੈ। ਪੀਲੀਆਂ ਪਤੰਗਾਂ ਅਸਮਾਨ ਵਿੱਚ ਅਠਖੇਲੀਆਂ ਕਰਦੀਆਂ ਨਜ਼ਰ ਆਉਂਦੀਆਂ ਹਨ। ਸਰੋਂ ਦੇ ਪੀਲੇ-ਪੀਲੇ ਖੇਤ ਮਹਿਕ ਉੱਠਦੇ ਹਨ। ਖੇਤ ਸੋਨੇ ਰੰਗੇ ਦਿਖਾਈ ਦੇਂਦੇ ਹਨ। ਇਸ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਇਹ ਪੂਜਾ ਭਾਰਤ, ਬੰਗਲਾ ਦੇਸ਼, ਨੇਪਾਲ ਤੇ ਹੋਰ ਕਈ ਥਾਵਾਂ ਤੇ ਕੀਤੀ ਜਾਂਦੀ ਹੈ।

ਕਵੀਆਂ ਦੀ ਨਜ਼ਰ 'ਚ ਬਸੰਤ

ਬਸੰਤ ਪੰਚਮੀ ਖ਼ੁਸ਼ੀਆਂ ਤੇ ਉਮੰਗਾਂ ਦਾ ਤਿਉਹਾਰ ਹੈ। ਬਸੰਤ ਰੁੱਤ ਵਿੱਚ ਕੁਦਰਤ ਵੀ ਹਰ ਪਾਸੇ ਖਿੜੀ-ਖਿੜੀ ਨਜ਼ਰ ਆਉਂਦੀ ਹੈ। ਗੱਲ ਕੀ ਪੰਛੀ ਵੀ ਮਸਤ ਹੋ ਕੇ ਮਿੱਠੇ-ਮਿੱਠੇ ਗੀਤ ਸੁਣਾਉਂਦੇ ਹਨ। ਇਸ ਰੁੱਤ ਵਿੱਚ ਫਿਰ ਕਵੀ ਕਿਵੇਂ ਪਿੱਛੇ ਰਹਿ ਸਕਦੇ ਹਨ। ਸਮੇਂ-ਸਮੇਂ ਤੇ ਕਈ ਕਵੀਆਂ ਨੇ ਆਪਣੀ ਕਲਮ 'ਚੋਂ ਫੁੱਲਾਂ ਰੂਪੀ ਸ਼ਬਦ ਬਖੇਰੇ ਹਨ।

ਇੱਕ ਹੱਸ-ਹੱਸ ਗੱਲਾਂ ਕਰਦੀਆਂ,
ਇੱਕ ਰੋਂਦੀਆਂ ਧੋਂਦੀਆਂ ਮਰਦੀਆਂ।
ਕਹੋ ਫੁੱਲੀ ਬਸੰਤ ਬਹਾਰ ਨੂੰ,
ਦਿਲ ਲੋਚੇ ਮਾਹੀ ਯਾਰ ਨੂੰ।
(ਬੁੱਲ੍ਹੇ ਸ਼ਾਹ)

------o---------

ਮੇਰਾ ਰੰਗ ਦੇ ਬਸੰਤੀ ਚੋਲਾ
ਨੀ ਮਾਏਂ
ਮੇਰਾ ਰੰਗ ਦੇ ਬਸੰਤੀ ਚੋਲਾ

------o---------

ਕੁਦਰਤ ਨੇ ਪਾਸਾ ਮੋੜਿਆ, ਤਸਵੀਰ ਦਾ ਰੁਖ ਪਲਟਿਆ,
ਬਿਸਤਰ ਉਠਾਇਆ ਪਤਝੜੀ ਆ ਗਈ ਬਹਾਰ ਬਸੰਤ ਦੀ।
ਸੱਜਰੇ ਸ਼ਿਗੂਫੇ ਪੁੰਗਰੇ,
ਕਲੀਆਂ ਦੇ ਮੁਖੜੇ ਧੁਲ ਗਏ,
ਨਿਕਲੀ ਬਸੰਤ ਵੇਸ ਕਰ,
ਫੁੱਲਾਂ ਦੀ ਖਾਰੀ ਸਿਰ ਤੇ ਧਰ।
ਖਿੜਦੀ ਤੇ ਹੱਸ ਹਸ ਗਾਉਂਦੀ, ਨਚਦੀ ਤੇ ਪੈਲਾਂ ਪਾਉਂਦੀ। (ਧਨੀ ਰਾਮ ਚਾਤ੍ਰਿਕ, ਬਸੰਤ)

------o---------

ਸਈਓ ਸੱਲ ਬਿਰਹੋਂ ਦਾ
ਸੀਨਾ ਭੁੰਨ ਭੁੰਨ ਖਾਵੇ,
ਸਾਨੂੰ ਸੱਜਣਾ ਦੇ ਬਾਝੋਂ ਏ
ਬਹਾਰ ਕੀ ਭਾਵੇ ?
ਆਈ ਰੁੱਤ ਬਸੰਤੀ,
ਪੁੰਗਰ ਡਾਲੀਆਂ ਰਹੀਆਂ,
ਸਾਵੇਂ ਪੱਤਰਾਂ ਦੇ ਵਿੱਚੋਂ
ਕਲੀਆਂ ਝਾਕਣ ਪਈਆਂ।
(ਧਨੀ ਰਾਮ ਚਾਤ੍ਰਿਕ,
ਬਹਾਰ ਦਾ ਗੀਤ)

------o---------

ਰੁੱਤ ਫਿਰ ਪਈ ਸੁਹਾਵੀ,
ਪਹੁੰਚ ਬਸੰਤ ਪਿਆ ਵੇ
ਆ ਗਿਆ ਫੱਗਣ ਮਹੀਨਾ
ਪੀਲੀ ਹੋਈ ਮੈਂ ਪਈਆਂ।
(ਭਾਈ ਵੀਰ ਸਿੰਘ ਜੀ)

ਕੂਕਾ ਲਹਿਰ ਨਾਲ ਸਬੰਧ

'ਮੇਰਾ ਰੰਗ ਦੇ ਬਸੰਤੀ ਚੋਲਾ' ਇਹ ਗੀਤ ਉਨ੍ਹਾਂ ਮਹਾਨ ਸੂਰਬੀਰਾਂ ਤੇ ਯੋਧਿਆਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਆਜ਼ਾਦੀ ਸੰਗਰਾਮ ਵਿੱਚ ਆਪਣੀਆਂ ਕੀਮਤੀ ਜਾਨਾਂ ਆਪਣੇ ਸੋਹਣੇ ਵਤਨ ਤੋਂ ਨਿਛਾਵਰ ਕਰ ਦਿੱਤੀਆਂ ਤੇ ਅੰਗਰੇਜ਼ ਨੂੰ ਭਾਰਤ ਛੱਡ ਕੇ ਜਾਣ ਲਈ ਮਜਬੂਰ ਕਰ ਦਿੱਤਾ। ਸੁਤੰਤਰਤਾ ਸੰਗਰਾਮ ਦੇ ਮੋਢੀ ਮੰਨੇ ਜਾਂਦੇ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਨ ਬਸੰਤ ਪੰਚਮੀ ਨੂੰ ਬੜੀ ਧੂਮ-ਧਾਮ ਨਾਲ ਉਨ੍ਹਾਂ ਦੇ ਪਿੰਡ ਭੈਣੀ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਵਾਲੇ ਦਿਨ ਅਸਮਾਨ ਵਿੱਚ ਉੱਡਦੀਆਂ ਰੰਗ ਬਿਰੰਗੀਆਂ ਪਤੰਗਾਂ ਬੜਾ ਹੀ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ।



## ਸੂਫ਼ੀ ਬਸੰਤ

ਮੁਸਲਿਮ ਧਰਮ ਵਿੱਚ ਵੀ ਬਸੰਤ ਬੜੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਸੂਫ਼ੀਆਂ ਨੇ ਭਾਰਤ ਵਿੱਚ ਮੁਸਲਿਮ ਭਾਈਚਾਰੇ ਲਈ ਇਸ ਤਿਉਹਾਰ ਦੀ ਸ਼ੁਰੂਆਤ ਕੀਤੀ ਸੀ। ਮੁਗਲ ਕਾਲ ਦੁਆਰਾ 'ਬਸੰਤ' ਪ੍ਰਮੁੱਖ ਸੂਫੀ ਧਾਰਮਿਕ ਅਸਥਾਨਾਂ ਤੇ ਪ੍ਰਸਿੱਧ ਤਿਉਹਾਰ ਸੀ।

ਉਦਾਹਰਣ ਦੇ ਤੌਰ 'ਤੇ ਨਿਜ਼ਾਮ ਔਲੀਆ ਦੀ ਬਸੰਤ, ਖਵਾਜ਼ਾ ਕਾਕੀ ਦੀ ਬਸੰਤ, ਖੁਸਰੋ ਦੀ ਬਸੰਤ ਤਿਉਹਾਰ ਦੇ ਵੱਖ-ਵੱਖ ਸੂਫੀ ਅਸਥਾਨਾਂ ਦੇ ਦੁਆਲੇ ਪ੍ਰਬੰਧ ਕੀਤੇ ਗਏ ਸਨ ਅਮੀਰ ਖੁਸਰੋ ਤੇ ਨਿਜ਼ਾਮੁਦੀਨ ਔਲੀਆ ਨੇ ਤਿਉਹਾਰ ਨੂੰ ਗਾਣੇ ਨਾਲ ਮਨਾਇਆ। ਜਿਸ ਵਿੱਚ 'ਬਸੰਤ' ਸ਼ਬਦ ਦੀ ਵਰਤੋਂ ਕੀਤੀ ਗਈ ਸੀ। ਇਤਿਹਾਸ ਵਿੱਚ ਆਉਂਦਾਹੈ ਕਿ ਅਮੀਰ ਖੁਸਰੋ ਇੱਕ ਦਰਬਾਰੀ ਕਵੀ ਸਨ। ਅਮੀਰ ਖੁਸਰੋ ਨੇ 'ਬਸੰਤ' ਬਾਰੇ ਜੋ ਰਚਨਾ ਕੀਤੀ, ਉਹ ਇਸ ਤਰ੍ਹਾਂ ਹੈ :

ਆਜ ਬਸੰਤ ਮਨਾ ਲੇ ,
ਸੋਹਾਗਨ ਆਜ ਬਸੰਤ ਮਨਾ ਲੇ
ਅਨਜਾਨ ਮਨ ਜਾਨ ਕਰ
ਪੀਆ ਮੋਰੀ ਲੰਬੇ ਨੇਰ ਲਗਾ ਲੇ
ਤੂ ਕਯਾ ਸੋਵੇ ਨੀਂਦ ਕੀ ਮਾਸੀ
ਸੋ ਜਾਏਂਗੇ ਤੇਰੇ ਭਾਗ, ਸੋਹਾਗਨ
ਆਜ ਬਸੰਤ ਮਨਾ ਲੇ ਸੋਹਾਗਨ
ਉਚੀ ਨਾਰ ਕੇ ਉਚੇ ਚਿਤਵਨ
ਐਸੋ ਦੀਯਾ ਹੈ ਬਨਾਏ
ਸ਼ਾਹ-ਏ-ਅਮੀਰ ਤੋਹੇ ਦੇਖਨ ਕੋ
ਨੈਨੋ ਸੇ ਨੈਨ ਮਿਲਾਏ, ਸੋਹਾਗਨ
ਆਜ ਬਸੰਤ ਮਨਾ ਲੇ , ਸੋਹਾਗਨ

ਚੀਨ ਤੋਂ ਹੋਈ ਪਤੰਗਬਾਜ਼ੀ ਦੀ ਸ਼ੁਰੂਆਤ

ਪਤੰਗਬਾਜ਼ੀ ਇੱਕਲੇ ਭਾਰਤ ਵਿੱਚ ਹੀ ਨਹੀ, ਬਲਕਿ ਕਈ ਦੇਸ਼ਾ ਵਿੱਚ ਕੀਤੀ ਜਾਂਦੀ ਹੈ। ਪਤੰਗਬਾਜ਼ੀ ਦੀ ਸ਼ੁਰੂਆਤ 2300 ਸਾਲ ਪਹਿਲਾਂ ਚੀਨ ਤੋਂ ਹੋਈ ਸੀ। ਚੀਨ ਦੇ 'ਮੋ' ਨਾਂਅ ਦੇ ਸ਼ਖਸ ਨੇ ਪਹਿਲੀ ਪਤੰਗ ਬਣਾਈ ਸੀ, ਉਸਨੇ ਟਿਸ਼ੂ ਪੇਪਰ ਤੇ ਬਾਂਸ ਦੀਆਂ ਪਤਲੀਆਂ ਫੱਟੀਆਂ ਨਾਲ ਪਤੰਗ ਬਣਾ ਕੇ ਉਡਾਈ ਸੀ। ਉਸ ਤੋਂ ਬਾਅਦ ਪਤੰਗਬਾਜ਼ੀ ਦਾ ਰੁਝਾਨ ਹੌਲੀ-ਹੌਲੀ ਜਪਾਨ, ਕੋਰੀਆ, ਥਾਈਲੈਂਡ, ਬਰਮਾ,ਭਾਰਤ,ਅਰਬ, ਉੱਤਰੀ ਅਫਰੀਕਾ ਤੇ ਕਈ ਹੋਰ ਦੇਸ਼ਾ ਵਿੱਚ ਵੀ ਪਤੰਗਬਾਜ਼ੀ ਕੀਤੀ ਜਾਂਦੀ ਹੈ। ਪਾਕਿਸਤਾਨ ਲਾਹੌਰ ਦੀ ਪਤੰਗਬਾਜ਼ੀ ਵੀ ਦੇਖਣਯੋਗ ਹੁੰਦੀ ਹੈ। ਭਾਰਤ ਵਿੱਚ ਵੀ ਬਸੰਤ ਵਾਲੇ ਦਿਨ ਸਾਰਾ ਅਸਮਾਨ ਰੰਗ ਬਿਰੰਗਾ ਦਿਖਾਈ ਦੇਂਦਾ ਹੈ। ਪਤੰਗ ਉਡਾਉਣ ਵਾਲੇ ਸ਼ੋਕੀਨਾਂ ਲਈ ਬਸੰਤ ਖ਼ੂਬ ਹੁੰਦਾ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ, ਲਾਹੌਰ ਤੇ ਕਸੂਰ ਵਿੱਚ ਸਲਾਨਾ ਬਸੰਤ ਮੇਲੇ ਦਾ ਆਯੋਜਨ ਕੀਤਾ ਸੀ। ਮਹਾਰਾਜਾ ਨੇ ਇਸ ਮੇਲੇ ਦੌਰਾਨ ਪਤੰਗਬਾਜ਼ੀ ਦੀ ਸ਼ੁਰੂਆਤ ਕੀਤੀ ਸੀ। ਉਸ ਦਿਨ ਮਹਾਰਾਜਾ ਰਣਜੀਤ ਸਿੰਘ ਤੇ ਉਹਨਾਂ ਦੀ ਰਾਣੀ ਨੇ ਪੀਲੇ ਰੰਗ ਦੇ ਬਸਤਰ ਪਹਿਨੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਇਸ ਮੇਲੇ ਦੌਰਾਨ ਲਾਹੌਰ ਵਿੱਚ ਸਪੈਸ਼ਲ ਦਰਬਾਰ ਲਗਾਇਆ ਸੀ ਜੋ ਲਗਾਤਾਰ ਦਸ ਦਿਨ ਚੱਲਦਾ ਰਿਹਾ ਸੀ। ਇਸ ਦਸ ਦਿਨ ਦੇ ਮੇਲੇ ਦੌਰਾਨ ਸਾਰੇ ਫੌਜ਼ੀਆਂ ਨੇ ਪੀਲੇ ਰੰਗ ਦੇ ਬਸਤਰ ਪਹਿਨੇ ਸਨ ਤੇ ਪੀਲੇ ਰੰਗ ਦੇ ਖਾਣੇ ਖਾ ਕੇ ਫ਼ੌਜੀ ਸ਼ਕਤੀ ਦਿਖਾਈ ਸੀ।




ਬਸੰਤ ਪੰਚਮੀ 'ਤੇ ਵਿਸ਼ੇਸ਼

# ਰਚਿਓ ਛੇਹਰਟਾ ਅਤਿ ਸੁਖਦਾਈ, ਤਾ ਕੀ ਮਹਿਮਾ ਅਧਿਕ ਬਡਾਈ

ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਗੰਗਾ ਜੀ ਦੀ ਕੁੱਖੋਂ ਪਿੰਡ ਗੁਰੂ ਕੀ ਵਡਾਲੀ ਵਿਖੇ 1595 ਈ: ਨੂੰ ਪ੍ਰਕਾਸ਼ ਲੈਣ ਦੀ ਖ਼ੁਸ਼ੀ ਵਿੱਚ ਇਲਾਕੇ ਦੀ ਜੂਹ ਵਿੱਚ ਪੰਜ ਖ਼ੂਹਾਂ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ, ਪੰਜ ਹਰਟਾ ਅਤੇ ਛੇਹਰਟਾ) ਦਾ ਨਿਰਮਾਣ ਬਾਬਾ ਬੁੱਢਾ ਸਾਹਿਬ ਜੀ ਦੇ ਵੰਸ਼ਜ਼ 'ਬਾਬਾ ਸਹਾਰੀ ਗੁਰੂ ਕਾ ਹਾਲੀ' ਰੰਧਾਵਾ ਦੀ ਨਿਗਰਾਨੀ ਹੇਠ ਕਰਵਾਇਆ ਸੀ-

ਨਗਰ ਲੋਕ ਸਭਿ ਆਨ ਬਸਾਏ। ਗੁਰੂ ਵਡਾਲੀ ਬੀਚ ਰਹਾਏ।
ਗੁਰੂ ਅਰਜਨ ਜੀ ਤਹਾਂ ਬਸਾਏ। ਸੁੰਦਰ ਕੂਪ ਬਹੁ ਤਹਾਂ ਲਗਾਏ।

ਗੁਰੂ ਕੀ ਵਡਾਲੀ ਵਿੱਚ ਲਗਪਗ 3 ਸਾਲ ਨਿਵਾਸ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਆਪਣੇ ਮਹਿਲ ਮਾਤਾ ਗੰਗਾ ਜੀ ਅਤੇ ਬਾਲਕ ਹਰਿਗੋਬਿੰਦ ਜੀ ਨੂੰ ਲੈ ਕੇ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਾਲੇ ਸਥਾਨ 'ਤੇ ਜਾਣ ਤੋਂ ਕੁਝ ਦਿਨ ਪਹਿਲਾਂ ਛੇ ਮਾਹਲਾਂ ਵਾਲੇ 'ਛੇਹਰਟਾ ਖ਼ੂਹ' ਨੂੰ ਬਸੰਤ ਪੰਚਮੀ ਵਾਲੇ ਦਿਨ ਚਾਲੂ ਕੀਤਾ ਗਿਆ ਸੀ ਜਿਸ ਕਰਕੇ ਇਸ ਮਹੀਨੇ ਆਉਂਦੀ ਪੰਚਮੀ ਨੂੰ 'ਬਸੰਤ ਪੰਚਮੀ' ਕਿਹਾ ਜਾਂਦਾ ਹੈ। ਭਾਈ ਭਾਗੂ ਜੀ ਨੇ ਜਦ ਪੰਚਮ ਗੁਰੂ ਜੀ ਨੂੰ ਮਾਤਾ ਗੰਗਾ ਜੀ ਦੀ ਕੁੱਖੋਂ ਗੁਰੂ ਕੀ ਵਡਾਲੀ ਵਿਖੇ ਬਾਲਕ ਹਰਿਗੋਬਿੰਦ ਜੀ ਦੇ ਪ੍ਰਕਾਸ਼ ਲੈਣ ਦੀ ਖ਼ੁਸ਼ਖ਼ਬਰੀ ਦਾ ਜਦ ਸ਼ੁਭ ਸਮਾਚਾਰ ਦੱਸਿਆ ਤਾਂ ਗੁਰੂ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਹਿੱਤ ਸ਼ਬਦ ਦੀ ਰਚਨਾ ਕੀਤੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 396 ਅੰਗ 'ਤੇ ਦਰਜ ਹੈ-

ਸਤਿਗੁਰ ਸਾਚੈ ਦੀਆ ਭੇਜਿ ॥
ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥
ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥
ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥
ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥
ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥
ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥
ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤਿ ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥)

ਇਸੇ ਅਸਥਾਨ 'ਤੇ ਹੀ ਬਾਅਦ 'ਚ ਪੰਚਮ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ 'ਛੇਹਰਟਾ ਖ਼ੂਹ' ਤਾਮੀਰ ਕਰਵਾਇਆ ਗਿਆ ਸੀ ਜਿਸ ਨੂੰ ਹੁਣ 'ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਛੇਹਰਟਾ ਖ਼ੂਹ ਨੂੰ ਚਾਲੂ ਕਰਕੇ ਪੰਚਮ ਪਾਤਸ਼ਾਹ ਜੀ ਨੇ ਵਰ ਦਿੱਤਾ ਕਿ ਜਿਸ ਇਸਤਰੀ ਦੇ ਘਰ ਕੋਈ ਧੀ-ਪੁੱਤ ਨਾ ਹੋਇਆ ਹੋਵੇ ਜਾਂ ਔਲਾਦ ਨਾ ਬਚਦੀ ਹੋਵੇ ਤਾਂ ਇਸ ਖ਼ੂਹ 'ਤੇ ਆ ਕੇ 12 ਪੰਚਮੀਆਂ ਇਸ਼ਨਾਨ ਕਰਕੇ ਗੁਰਬਾਣੀ ਪੜ੍ਹੇ, ਬੰਦਗੀ ਕਰੇ ਅਤੇ 'ਸਤਿਗੁਰ ਸਾਚੈ ਦੀਆ ਭੇਜਿ' ਵਾਲੇ ਸ਼ਬਦ ਦਾ ਵੱਧ ਤੋਂ ਵੱਧ ਜਾਪ ਕਰੇ ਤਾਂ ਉਸ ਨੂੰ ਔਲਾਦ ਦੀ ਬਖ਼ਸ਼ਿਸ਼ ਹੋਵੇਗੀ-

ਰਚਿਓ ਛੇਹਰਟਾ ਅਤਿ ਸੁਖਦਾਈ ।
ਤਾ ਕੀ ਮਹਿਮਾ ਅਧਿਕ ਬਡਾਈ ।
ਪੁੱਤਰ ਹੇਤੁ ਜੋਉ ਨਾਰੀ ਮਾਸਿ ਮਾਸਿ ਈਹਾਂ ਨਾਏ ।
ਏਕੁ ਬਰਸਿ ਮਹਿ ਸੁਤਿ ਲਹਿ ਸਤਿਗੁਰ ਅਸਿ ਫੁਰਮਾਇ ।
(ਗੁਰ ਬਿਲਾਸ ਪਾਤਸ਼ਾਹੀ ਛੇਵੀਂ)



ਸੋ ਪੰਚਮ ਗੁਰੂ ਜੀ ਦੇ ਦਿੱਤੇ ਵਰ ਸਦਕਾ ਸੰਗਤ ਆਪਣੀਆਂ ਅਰਦਾਸਾਂ ਪੂਰੀਆਂ ਹੋਣ 'ਤੇ ਸਾਲ ਬਾਅਦ ਭਾਰੀ ਗਿਣਤੀ ਵਿੱਚ ਬਸੰਤ ਪੰਚਮੀ 'ਤੇ ਆਪਣੇ ਬੱਚਿਆਂ ਦੀਆਂ ਸੁੱਖਣਾ ਪੂਰੀਆਂ ਕਰਨ ਆਉਂਦੀ ਹੈ ਅਤੇ ਗੁਰਦੁਆਰਾ ਸਾਹਿਬ ਦੇ ਸਰੋਵਰ ਵਿੱਚ ਛੇਹਰਟਾ ਖ਼ੂਹ 'ਚੋਂ ਪੈਂਦੇ ਜਲ ਨਾਲ ਇਸ਼ਨਾਨ ਕਰਕੇ ਗੁਰੂ ਘਰ ਸ਼ਰਧਾ ਨਾਲ ਨਤਮਸਤਕ ਹੁੰਦੀ ਹੈ।

**ਵੱਡੀ ਗਿਣਤੀ ਸੰਗਤ ਹੁੰਦੀ ਹੈ ਨਤਮਸਤਕ**

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਦਿੱਤੇ ਗਏ ਵਰ ਸਦਕਾ ਵੱਡੀ ਗਿਣਤੀ ਵਿੱਚ ਸੰਗਤ ਬਸੰਤ ਪੰਚਮੀ 'ਤੇ ਆਪਣੇ ਬੱਚਿਆਂ ਦੀਆਂ ਸੁੱਖਣਾਂ ਪੂਰੀਆਂ ਕਰਨ ਲਈ ਇਸ ਅਸਥਾਨ 'ਤੇ ਬਹੁਤ ਸ਼ਰਧਾ ਨਾਲ ਮੱਥਾ ਟੇਕਣ ਆਉਂਦੀਆਂ ਹਨ। ਗੁਰਦੁਆਰਾ ਸਾਹਿਬ ਦੇ ਸਰੋਵਰ ਵਿੱਚ ਛੇਹਰਟਾ ਖ਼ੂਹ 'ਚੋਂ ਪੈਂਦੇ ਜਲ ਨਾਲ ਇਸ਼ਨਾਨ ਕਰਕੇ ਗੁਰੂ ਘਰ ਵਿਖੇ ਨਤਮਸਤਕ ਹੁੰਦੀਆਂ ਹਨ। ਬਾਬਾ ਬੁੱਢਾ ਸਾਹਿਬ ਜੀ ਦੇ ਵੰਸ਼ਜ਼ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਚੌਥੀ ਪੀੜ੍ਹੀ ਦੇ ਬਾਬਾ ਬੁੱਧ ਸਿੰਘ ਰੰਧਾਵਾ ਨੇ ਆਪਣੇ ਵੰਡੇ ਆਉਂਦੇ ਦੋ ਖ਼ੂਹ ਛੇਹਰਟਾ ਤੇ ਜ਼ਮੀਨ ਸੰਗਤ ਲਈ ਲੋਹ ਲੰਗਰ ਦੇ ਨਾਮ ਦਾਨ ਕਰ ਦਿੱਤੀ ਸੀ।





# ਪੇਂਡੂ ਇਲਾਕਿਆਂ ਵਿੱਚ ਸਥਾਪਿਤ ਹੋਣ ਖੇਤੀ ਨਾਲ ਸਬੰਧਿਤ ਉਦਯੋਗ

**ਪੂਰਨ ਚੰਦ**

ਦੇਸ਼ ਦੇ ਆਜ਼ਾਦ ਹੋਣ ਤੋਂ ਲੈ ਕੇ ਹੁਣ ਤੱਕ, ਜੋ ਵੀ ਆਗੂ ਜਾਂ ਪਾਰਟੀਆਂ ਸੱਤਾ 'ਚ ਰਹੀਆਂ ਹਨ, ਉਹ ਆਮ ਲੋਕਾਂ ਨੂੰ ਭਰਮਾਉਂਦੀਆਂ ਰਹੀਆਂ ਹਨ ਕਿ ਭਾਰਤ ਪਿੰਡਾਂ ਦਾ ਦੇਸ਼ ਹੈ ਅਤੇ ਪੇਂਡੂ ਖੇਤਰਾਂ ਦਾ ਵਿਕਾਸ ਹੀ ਉਨ੍ਹਾਂ ਦੀ ਤਰਜੀਹ ਹੈ। ਅਸੀਂ ਇਸੇ ਭਰਮ 'ਚ ਜੀਅ ਰਹੇ ਹਾਂ ਕਿ ਕਦੇ ਤਾਂ ਇਹ ਸੱਚ ਹੋਵੇਗਾ ਅਤੇ ਜੋ ਉਹ ਕਹਿ ਰਹੇ ਹਨ, ਉਸ 'ਤੇ ਖਰ੍ਹਾ ਉਤਰਨਗੇ, ਪਰ ਇਹ ਸਭ ਭਰਮ-ਭੁਲੇਖੇ ਹੀ ਸਾਬਿਤ ਹੋਏ ਹਨ। ਰਾਸ਼ਟਰਪਤੀ ਅਬਦੁਲ ਕਲਾਮ ਨੇ ਕਿੰਨਾ ਸਹੀ ਕਿਹਾ ਸੀ ਕਿ ਪੇਂਡੂ ਖੇਤਰਾਂ 'ਚ ਸ਼ਹਿਰੀ ਸਹੂਲਤਾਂ ਪਹੁੰਚਾਉਣ ਨਾਲ ਹੀ ਦੇਸ਼ ਦੀ ਕਿਸਮਤ ਬਦਲ ਸਕਦੀ ਹੈ। ਇਸ ਦਾ ਅਰਥ ਇਹ ਨਹੀਂ ਸੀ ਕਿ ਸ਼ਹਿਰ ਨਾ ਹੋਵੇ, ਸਗੋਂ ਇਹ ਸੀ ਕਿ ਪਿੰਡ ਵੀ ਸ਼ਹਿਰਾਂ ਵਰਗੇ ਹੋਣ।

ਇਹ ਗੱਲ ਜਾਣਦੇ ਹੋਏ ਵੀ ਕਿ ਦੇਸ਼ ਨੂੰ 5 ਟ੍ਰਿਲੀਅਨ ਦੀ ਅਰਥ ਵਿਵਸਥਾ ਦਾ ਸੁਪਨਾ ਸਾਡੇ ਸਾਢੇ 6 ਲੱਖ ਪਿੰਡ ਹੀ ਪੂਰਾ ਕਰ ਸਕਦੇ ਹਨ, ਕਿਉਂਕਿ ਦੇਸ਼ ਦੀ ਦੋ-ਤਿਹਾਈ ਆਬਾਦੀ ਇਨ੍ਹਾਂ 'ਚ ਹੀ ਰਹਿੰਦੀ ਹੈ। ਤ੍ਰਾਸਦੀ ਇਹ ਹੈ ਕਿ 'ਡੈਮੋਗ੍ਰਾਫ਼ਿਕ ਡਿਵੀਡੇਂਡ' ਭਾਵ ਆਬਾਦੀ ਦਾ ਸਾਡੀ ਖ਼ੁਸ਼ਹਾਲੀ 'ਚ ਯੋਗਦਾਨ ਸਭ ਤੋਂ ਵੱਧ ਪਿੰਡਾਂ 'ਚ ਰਹਿਣ ਵਾਲਿਆਂ ਦਾ ਹੋਣ 'ਤੇ ਵੀ ਉਹ ਹੀ ਸਭ ਤੋਂ ਵੱਧ ਬਦਹਾਲ ਹਨ। ਜ਼ਰ੍ਹਾ ਸੋਚੋ, ਸ਼ਹਿਰਾਂ 'ਚ ਇਮਾਰਤਾਂ ਬਣਾਉਣੀਆਂ ਹੋਣ ਤਾਂ ਕਿਰਤੀ ਕਿੱਥੋਂ ਆਉਂਦੇ ਹਨ? ਇਹ ਕਿਰਤੀ ਪਿੰਡਾਂ 'ਚੋਂ ਹੀ ਆਉਂਦੇ ਹਨ, ਜੇਕਰ ਨਾ ਆਏ ਤਾਂ ਸਭ ਕੰਮ ਬੰਦ। ਕਾਰੀਗਰ ਚਾਹੀਦੇ ਹਨ ਤਾਂ ਉਹ ਵੀ ਉੱਥੋਂ ਹੀ ਆਉਂਦੇ ਹਨ, ਇੱਥੋਂ ਤੱਕ ਕਿ ਘਰੇਲੂ ਕਰਮਚਾਰੀ ਆਦਿ ਵੀ। ਅਕਸਰ ਦੇਖਣ 'ਚ ਆਉਂਦਾ ਹੈ ਕਿ ਸ਼ਹਿਰਾਂ ਤੋਂ ਮੁੰਡੇ-ਕੁੜੀਆਂ ਪਿੰਡ 'ਚ ਘੁੰਮਣ-ਫ਼ਿਰਨ, ਪਿਕਨਿਕ ਮਨਾਉਣ ਹੀ ਜਾਂਦੇ ਹਨ ਜਾਂ ਫ਼ਿਰ ਇਸ ਲਈ ਕਿ ਉਨ੍ਹਾਂ ਨੂੰ ਅਜਿਹੇ ਲੋਕ ਵੇਖਣ ਨੂੰ ਮਿਲ ਜਾਣ, ਜਿਨ੍ਹਾਂ ਨੂੰ ਕੋਲ ਬਿਠਾ ਕੇ ਗੱਲਾਂ ਕਰ ਸਕਣ ਅਤੇ ਨਾਲ ਹੀ ਉਹ ਆਪਣੇ ਆਪ ਨੂੰ ਵੱਡਾ ਮਹਿਸੂਸ ਕਰ ਸਕਣ।

### ਸੱਚ ਨਾਲ ਸਾਹਮਣਾ

ਹਕੀਕਤ ਇਹ ਹੈ ਕਿ ਪਿੰਡਾਂ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਅਤੇ ਪਿੰਡਾਂ ਦੇ ਲੋਕਾਂ ਨਾਲ ਬੈਠਣਾ ਸਾਨੂੰ ਮਨਜ਼ੂਰ ਨਹੀਂ। ਬਹੁਤੇ ਪਿੰਡਾਂ ਦੇ ਵਿਕਾਸ ਦੀ ਹਾਲਤ ਇਹ ਹੈ ਕਿ ਜੇਕਰ ਉੱਥੇ ਕੁਝ ਪਰਿਵਾਰ ਆਪਣੇ ਬੱਚਿਆਂ ਨੂੰ ਪੜ੍ਹਾਉਣਾ-ਲਿਖਾਉਣਾ ਚਾਹੁੰਣ ਤਾਂ ਸਕੂਲ ਅਜੇ ਵੀ ਉਥੇ ਪੁਰਾਣੇ ਤੇ ਖੰਡਰਾਂ ਵਰਗੇ ਹੀ ਵੇਖਣ ਨੂੰ ਮਿਲਣਗੇ, ਜਿਨ੍ਹਾਂ ਦਾ ਜਿੰਦਰਾ ਖੁੱਲ੍ਹਣ ਕੋਈ ਉਦੋਂ ਆਏਗਾ, ਜਦੋਂ ਉਸ ਨੂੰ ਆਪਣੇ ਕੰਮ ਤੋਂ ਵਿਹਲ ਮਿਲੇਗੀ। ਸਕੂਲ ਦੀਆਂ ਸਹੂਲਤਾਂ ਦੀ ਗੱਲ ਕਰੀਏ ਤਾਂ ਅਜੇ ਵੀ ਰੁੱਖਾਂ ਹੇਠ ਜਾਂ ਟੁੱਟੇ-ਫ਼ੁੱਟੇ ਕਮਰਿਆਂ 'ਚ ਤਿੰਨ ਲੱਤਾਂ ਦੀ ਕੁਰਸੀ ਅਤੇ ਇੱਟਾਂ ਦੇ ਸਹਾਰੇ ਟਿਕਾਈ ਮੇਜ਼ ਵੇਖਣ ਨੂੰ ਮਿਲੇਗੀ। 'ਬਲੈਕਬੋਰਡ' ਹੋਵੇਗਾ ਪਰ ਉਸ 'ਤੇ ਲਿਖਿਆ ਕਿਵੇਂ ਜਾਏ, ਇਹ ਅਧਿਆਪਕ ਨੂੰ ਸੋਚਣਾ ਪੈਂਦਾ ਹੈ। ਆਦਰਸ਼ ਸਕੂਲਾਂ ਦੇ ਨਾਂਅ 'ਤੇ ਕੁੱਝ ਇਮਾਰਤਾਂ ਹਨ, ਪਰ ਉਨ੍ਹਾਂ 'ਚ ਝੁੰਡਾਂ ਵਾਂਗ ਬੱਚਿਆਂ ਨੂੰ ਭਰ ਕੇ ਪੜ੍ਹਾਉਣ ਦੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਂਦਾ ਹੈ। ਜ਼ਾਹਿਰ ਹੈ, ਜਿਸ ਦੀ ਮਰਜ਼ੀ ਹੋਵੇ, ਉੱਥੇ ਆਏ ਅਤੇ ਜੋ ਨਾ ਆਏ, ਉਸ ਦੀ ਰਜਿਸਟਰ 'ਚ ਹਾਜ਼ਰੀ ਲਾ ਕੇ ਖਾਨਾ ਪੂਰਤੀ ਜਾਂਦੀ ਹੈ, ਕਿਉਂਕਿ ਸਾਲ ਦੇ ਅਖੀਰ 'ਚ ਅੰਕੜੇ ਦਿਖਾਉਣੇ ਪੈਂਦੇ ਹਨ ਕਿ ਕਿੰਨੇ ਵਿਦਿਆਰਥੀ ਸਕੂਲ 'ਚੋਂ ਪੜ੍ਹ ਕੇ ਨਿਕਲੇ। ਭਾਵੇਂ ਹੁਣ ਅੱਠਵੀਂ ਪਾਸ ਨੂੰ ਚੌਥੀ ਦਾ ਸੁਆਲ ਵੀ ਹੱਲ ਕਰਨਾ ਨਾ ਆਏ ਤਾਂ ਇਸ 'ਚ ਕੀ ਫ਼ਰਕ ਪੈਂਦਾ ਹੈ, ਕਿਉਂਕਿ ਨਕਲ ਕਰਨਾ ਇੱਥੇ ਮੌਲਿਕ ਅਧਿਕਾਰ ਦੀ ਸ਼੍ਰੇਣੀ 'ਚ ਆਉਂਦਾ ਹੈ ਅਤੇ ਕੋਈ ਇਸ ਨੂੰ ਰੋਕ ਨਹੀਂ ਸਕਦਾ।

ਦੇਸ਼ ਦੀ ਜੀ.ਡੀ.ਪੀ. 'ਚ ਖੇਤੀ ਅਤੇ ਉਸ 'ਤੇ ਆਧਾਰਿਤ ਉਦਯੋਗਾਂ ਜਿਵੇਂ ਪਸ਼ੂ-ਪਾਲਣ, ਡੇਅਰੀ ਅਤੇ ਹੋਰ ਕਾਰੋਬਾਰਾਂ ਦਾ ਸਭ ਤੋਂ ਵੱਧ ਯੋਗਦਾਨ ਹੈ, ਪਰ ਜੋ ਲੋਕ ਇਸ ਸਭ ਕੁੱਝ ਨਾਲ ਜੁੜੇ ਹੋਏ ਹਨ, ਉਨ੍ਹਾਂ ਦਾ ਰਹਿਣ-ਸਹਿਣ ਅਜਿਹਾ ਕਿ ਅਨਪੜ੍ਹ-ਗਵਾਰ ਲਗਦੇ ਹਨ। ਪਿੰਡਾਂ 'ਚ ਆਸ਼ਾ ਵਰਕਰ ਅਤੇ ਆਂਗਨਵਾੜੀ ਵਰਕਰ ਇਕ ਤਰ੍ਹਾਂ ਨਾਲ ਉੱਥੋਂ ਦੀ ਰੀੜ੍ਹ ਦੀ ਹੱਡੀ ਹਨ, ਪਰ ਉਨ੍ਹਾਂ ਨੂੰ ਜੋ ਪੈਸਾ ਮਿਲਦਾ ਹੈ, ਉਸ ਨੂੰ ਸੁਣ ਕੇ ਹਾਸਾ ਆ ਜਾਏਗਾ। ਕਈ ਦਹਾਕੇ ਪਹਿਲਾਂ ਜਦੋਂ ਇਸ ਦੀ ਸ਼ੁਰੂਆਤ ਹੋਈ ਸੀ, ਉਦੋਂ ਇਸ ਦੇ ਮੂਲ 'ਚ ਇਹ ਭਾਵਨਾ ਸੀ ਕਿ ਅਜਿਹੇ ਵਰਕਰ ਤਿਆਰ ਕੀਤੇ ਜਾਣ, ਜਿਨ੍ਹਾਂ ਦੇ ਮਨ 'ਚ ਸੇਵਾ ਭਾਵਨਾ ਹੋਵੇ, ਬੱਸ ਜ਼ਰੂਰਤ ਜੋਗੇ ਪੈਸੇ ਮਿਲ ਜਾਣ, ਉਨ੍ਹਾਂ ਲਈ ਕਾਫ਼ੀ ਹੈ। ਇਨ੍ਹਾਂ ਦਾ ਕੋਈ ਤਨਖ਼ਾਹ-ਭੱਤਾ ਨਹੀਂ, ਕੋਈ ਸਹੂਲਤ ਨਹੀਂ, ਸਿਰਫ਼ ਸੇਵਾ ਹੀ ਸੀ। ਹੁਣ ਲੱਖਾਂ ਆਂਗਨਵਾੜੀ ਤੇ ਆਸ਼ਾ ਵਰਕਰ ਹਨ, ਜਿਨ੍ਹਾਂ ਨੂੰ ਅੰਦੋਲਨ ਕਰਨ ਦੀ ਜ਼ਰੂਰਤ ਪੈਂਦੀ ਹੈ ਕਿ ਘੱਟ ਤੋਂ ਘੱਟ ਇੰਨੀ ਕੁ ਤਨਖ਼ਾਹ ਤਾਂ ਮਿਲੇ ਕਿ ਇੱਜ਼ਤ ਦੀ ਰੋਟੀ ਖਾ ਸਕਣ ਅਤੇ ਠੀਕ ਢੰਗ ਨਾਲ ਰਹਿ ਸਕਣ ਪਰ ਇਹ ਸੰਭਵ ਨਹੀਂ।

ਖ਼ੈਰ! ਕਿੱਥੋਂ ਤੱਕ ਪੇਂਡੂ ਖੇਤਰਾਂ ਦਾ ਦੁੱਖੜਾ ਸੁਣਾਇਆ ਜਾਵੇ, ਹੁਣ ਇਸ ਨੂੰ ਬਦਲਣ ਦੀ ਜ਼ਰੂਰਤ ਹੈ। ਜੇਕਰ ਸਮਾਨਤਾ ਅਤੇ ਨਿਆਂ 'ਤੇ ਆਧਾਰਿਤ ਸਮਾਜ ਦੀ ਰਚਨਾ ਕਰਨੀ ਹੈ ਤਾਂ ਬੁਨਿਆਂਦੀ ਢਾਂਚਾ ਤਿਆਰ ਕਰਨਾ ਹੋਵੇਗਾ, ਜਿਸ ਨਾਲ ਪਿੰਡਾਂ ਦੇ ਵਿਕਾਸ ਦੀ ਸਹੀ ਤਸਵੀਰ ਸਾਹਮਣੇ ਆਏ। ਇਸ ਲਈ ਇਹ ਸੋਚ ਬਣਾਉਣੀ ਹੋਵੇਗੀ ਕਿ ਸ਼ਹਿਰ ਜਾ ਕੇ ਰੋਜ਼ੀ-ਰੋਟੀ ਕਮਾਉਣਾ ਜਾਂ ਕੋਈ ਉਦਯੋਗ ਲਗਾਉਣਾ ਅਤੇ ਕਾਰੋਬਾਰ ਕਰਨਾ ਪਿੰਡ ਵਾਸੀਆਂ ਦੀ ਇੱਛਾ 'ਤੇ ਨਿਰਭਰ ਹੋਵੇ ਨਾ ਕਿ ਮਜਬੂਰੀ ਹੋਵੇ, ਉਹ ਜਾਣਾ ਚਾਹੁਣ ਤਾਂ ਜਾਣ ਨਹੀਂ ਤਾਂ ਕੋਈ ਜ਼ਰੂਰਤ ਨਹੀਂ। ਮੌਜੂਦਾ ਹਾਲਾਤ ਤਾਂ ਇਹ ਹੈ ਕਿ ਪੇਂਡੂ ਖੇਤਰਾਂ ਤੋਂ ਸ਼ਹਿਰ 'ਚ ਪਲਾਇਨ ਰੁਕਣ ਦੀ ਬਜਾਇ ਤੇਜ਼ੀ ਨਾਲ ਵਧਦਾ ਹੀ ਜਾ ਰਿਹਾ ਹੈ।

### ਪੇਂਡੂ ਇਲਾਕਿਆਂ 'ਚ ਉਦਯੋਗ ਸਥਾਪਿਤ ਹੋਣ

ਇਸ ਦੇ ਲਈ ਸਭ ਤੋਂ ਪਹਿਲਾਂ ਨੌਕਰੀ ਅਤੇ ਰੁਜ਼ਗਾਰ ਦੀ ਵਿਵਸਥਾ ਲਈ ਖੇਤੀ ਆਧਾਰਿਤ ਉਦਯੋਗ ਲਗਾਉਣੇ ਹੋਣਗੇ ਅਤੇ ਇਸ ਲਈ ਉਸ ਖੇਤਰ 'ਚ ਉਪਲਬਧ ਕੱਚੇ ਮਾਲ (ਲੋਕਲ ਮੈਟੀਰੀਅਲ) ਦੀ ਵਰਤੋਂ ਕਰਨੀ ਜ਼ਰੂਰੀ ਹੋਵੇਗੀ ਅਤੇ ਸਥਾਨਕ ਆਬਾਦੀ ਨੂੰ ਸਿਖਲਾਈ (ਟ੍ਰੇਨਿੰਗ) ਦੇ ਕੇ ਨੌਕਰੀ 'ਤੇ ਰੱਖਣ ਦੀ ਵਿਵਸਥਾ ਕਰਨੀ ਪਵੇਗੀ। ਸਰਕਾਰ ਜ਼ਮੀਨ ਦੇਵੇ ਅਤੇ ਉਸ ਦੇ ਬਦਲੇ ਉਸ ਸਥਾਨ 'ਤੇ ਉਨ੍ਹਾਂ ਉਦਯੋਗਪਤੀਆਂ ਜਾਂ ਕਾਰੋਬਾਰੀਆਂ ਨੂੰ ਬੁਲਾਏ, ਜੋ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰ ਸਕਦੇ ਹੋਣ। ਇਸ ਨਾਲ ਹੋਵੇਗਾ ਇਹ ਕਿ ਉਸ ਖੇਤਰ ਦਾ ਵਿਕਾਸ ਆਪਣੇ ਆਪ ਹੋਣ ਲੱਗੇਗਾ। ਸਕੂਲ, ਟ੍ਰੇਨਿੰਗ ਸੈਂਟਰ ਖੁੱਲ੍ਹਣਗੇ, ਵਰਕਰਾਂ ਲਈ ਟਾਊਨਸ਼ਿਪ ਬਣੇਗੀ, ਸਿਹਤ ਸਹੂਲਤਾਂ ਜਿਵੇਂ ਡਿਸਪੈਂਸਰੀ, ਹਸਪਤਾਲ ਸਥਾਪਿਤ ਹੋਣਗੇ। ਆਉਣ-ਜਾਣ ਦੇ ਸਾਧਨ ਤਿਆਰ ਹੋਣਗੇ ਅਤੇ ਉਹ ਸਾਰੀਆਂ ਚੀਜ਼ਾਂ ਹੋਣਗੀਆਂ, ਜੋ ਆਧੁਨਿਕ ਜੀਵਨ ਲਈ ਚਾਹੀਦੀਆਂ ਹਨ। ਉਦਾਹਰਨ ਲਈ ਐਨ.ਟੀ.ਪੀ.ਸੀ. ਵਲੋਂ ਸਥਾਪਿਤ ਪਲਾਂਟ ਨੂੰ ਲਿਆ ਜਾ ਸਕਦਾ ਹੈ, ਜਿਸ ਲਈ ਇਹ ਇੱਕ ਜ਼ਰੂਰੀ ਸ਼ਰਤ ਹੁੰਦੀ ਹੈ ਕਿ ਉਸ ਖੇਤਰ 'ਚ ਸਥਾਨਕ ਆਬਾਦੀ ਲਈ ਉਹ ਸਾਰੀਆਂ ਸਹੂਲਤਾਂ ਤਿਆਰ ਕੀਤੀਆਂ ਜਾਣ, ਜੋ ਉੱਥੇ ਜ਼ਰੂਰੀ ਹਨ। ਜਦੋਂ ਸਾਰੇ ਉਦਯੋਗ ਤਰਜੀਹ ਅਤੇ ਜ਼ਰੂਰਤ ਦੇ ਆਧਾਰ 'ਤੇ ਪੇਂਡੂ ਖੇਤਰਾਂ 'ਚ ਸਥਾਪਿਤ ਹੋਣ ਲੱਗਣਗੇ, ਤਾਂ ਫ਼ਿਰ ਸੜਕਾਂ ਵੀ ਬਣਨਗੀਆਂ, ਬੱਸ ਅੱਡੇ ਬਣਨਗੇ ਤਾਂ ਰੇਲਵੇ ਸਟੇਸ਼ਨ ਵੀ ਅਤੇ ਹੋ ਸਕਦਾ ਹੈ 'ਹੈਲੀਪੈਡ' ਜਾਂ ਹਵਾਈ ਅੱਡੇ ਵੀ ਬਣਾਉਣੇ ਪੈ ਜਾਣ। ਜਦੋਂ ਉਦਯੋਗ ਹੋਵੇਗਾ ਤਾਂ ਬੈਂਕਿੰਗ ਵਿਵਸਥਾ ਵੀ ਸਥਾਪਿਤ ਹੋਵੇਗੀ, ਸੰਚਾਰ ਅਤੇ ਸੰਵਾਦ ਦੇ ਸਾਧਨ ਤਿਆਰ ਹੋਣਗੇ, ਤਕਨੀਕੀ ਸਿੱਖਿਆ ਹੋਵੇਗੀ ਤਾਂ ਆਧੁਨਿਕ ਤਕਨਾਲੋਜੀ ਦੀ ਵਰਤੋਂ ਵੀ ਹੋਵੇਗੀ। ਇਹ ਇੱਥੋਂ ਤੱਕ ਹੀ ਸੀਮਤ ਨਹੀਂ ਰਹੇਗਾ, ਇਸ ਦਾ ਅਸਰ ਯਕੀਨੀ ਤੌਰ 'ਤੇ ਖੇਤੀਬਾੜੀ ਅਤੇ ਉਸ ਨਾਲ ਜੁੜੇ ਕਾਰੋਬਾਰਾਂ 'ਤੇ ਵੀ ਪਏਗਾ। ਪੇਂਡੂ ਖੇਤਰਾਂ 'ਚ ਉਦਯੋਗਿਕ ਇਕਾਈਆਂ ਲੱਗਣ ਨਾਲ ਸਮਾਜਿਕ ਫ਼ਰਜ਼ਾਂ ਦੀ ਭਾਵਨਾ ਨੂੰ ਜ਼ੋਰ ਮਿਲੇਗਾ। ਆਪਸੀ ਲੜਾਈ-ਝਗੜੇ, ਹਿੰਸਾ ਦੀਆਂ ਵਾਰਦਾਤਾਂ ਘੱਟ ਹੋਣਗੀਆਂ ਅਤੇ ਲੋਕ ਭਾਈਚਾਰੇ ਅਤੇ ਸਹਿਯੋਗ ਦੀ ਭਾਵਨਾ ਨਾਲ ਰਹਿ ਸਕਣਗੇ। ਇੱਥੇ ਸਿਰਫ਼ ਇਸ ਗੱਲ ਦਾ ਧਿਆਨ ਰੱਖਣਾ ਹੋਏਗਾ ਕਿ ਉਹੀ ਉਦਯੋਗ ਲਾਏ, ਜਿਨ੍ਹਾਂ ਨਾਲ ਵਾਤਾਵਰਨ ਨੂੰ ਨੁਕਸਾਨ ਨਾ ਪਹੁੰਚਦਾ ਹੋਵੇ, ਪ੍ਰਦੂਸ਼ਣ ਮੁਕਤ ਹੋਣ ਅਤੇ ਕੁਦਰਤੀ ਸਾਧਨਾਂ ਤੇ ਖਣਿਜ ਸੰਪਤੀ 'ਤੇ ਉਲਟ ਪ੍ਰਭਾਵ ਪਾਉਣ ਵਾਲੇ ਨਾ ਹੋਣ। ਕੀ ਸਰਕਾਰ ਇਸ ਤਰ੍ਹਾਂ ਦੀ ਨੀਤੀ ਬਣਾ ਕੇ ਵੱਡੇ ਪੱਧਰ 'ਤੇ ਸਮੁੱਚੇ ਪੇਂਡੂ ਇਲਾਕਿਆਂ ਨੂੰ ਉਦਯੋਗਿਕ ਕੇਂਦਰ ਬਣਾਉਣ ਦੀ ਕਿਸੇ ਯੋਜਨਾ ਨੂੰ ਅਮਲ 'ਚ ਲਿਆ ਸਕਦੀ ਹੈ, ਇਹ ਸਰਕਾਰ ਹੀ ਨਹੀਂ, ਆਮ ਨਾਗਰਿਕਾਂ ਦੇ ਸੋਚਣ ਦਾ ਵੀ ਵਿਸ਼ਾ ਹੈ!



# ਅਕਾਲੀ ਮੋਰਚਿਆਂ ਵਿੱਚ ਨਨਕਾਣਾ ਸਾਹਿਬ ਦਾ ਕਤਲੇਆਮ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਨਨਕਾਣਾ ਸਾਹਿਬ ਸਿੱਖ ਧਰਮ ਦੀ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਜਨਮ ਅਸਥਾਨ ਹੈ। ਇਹ ਇੱਕ ਸ਼੍ਰੋਮਣੀ ਅਸਥਾਨ ਹੈ। ਇਸ ਦੇ ਨਾਮ 'ਤੇ ਅੰਮ੍ਰਿਤਸਰ ਤੇ ਤਰਨਤਾਰਨ ਵਾਂਗ ਲੱਖਾਂ ਦੀ ਜਗੀਰ ਸੀ। ਅੰਗਰੇਜ਼ ਹਕੂਮਤ ਦੀ ਸ਼ਹਿ 'ਤੇ ਇਸ 'ਤੇ ਵੀ ਸਰਕਾਰੀ ਮਹੰਤਾਂ ਦਾ ਕਬਜ਼ਾ ਸੀ। ਨਰਾਇਣ ਦਾਸ ਤੋਂ ਪਹਿਲਾਂ ਵੀ ਦੋ ਮਹੰਤ ਸ਼ਰਾਬੀ ਅਤੇ ਵੈਲੀ ਸਨ। ਉਹ ਮਹੰਤ ਲੱਖਾਂ ਰੁਪਏ ਦੀ ਜਾਇਦਾਦ ਦੁਰਾਚਾਰੀ ਕੁਕਰਮ ਕਰਦੇ ਬਰਬਾਦ ਕਰ ਰਹੇ ਸਨ। ਨਨਕਾਣਾ ਸਾਹਿਬ ਧਰਮ ਅਸਥਾਨ ਦੀ ਥਾਂ 'ਤੇ ਗੁੰਡਿਆਂ ਬਦਮਾਸ਼ਾਂ ਤੇ ਭੰਗੀ ਪੋਸਤੀਆਂ ਦੀ ਪਨਾਹਗਾਹ ਬਣ ਗਿਆ ਸੀ। ਜਿਹੜਾ ਪੈਸਾ ਸਿੱਖਾਂ ਵਿੱਚ ਸਿੱਖਿਆ ਅਤੇ ਧਰਮ ਦੇ ਪਸਾਰ ਲਈ ਵਰਤਿਆ ਜਾਣਾ ਸੀ। ਉਸ ਨੂੰ ਅਯਾਸ਼ੀ ਲਈ ਵਰਤ ਰਹੇ ਸਨ। ਹਕੂਮਤ ਦਾ ਯਤਨ ਸੀ ਕਿ ਸਿੱਖਾਂ ਵਿੱਚ ਜਾਗ੍ਰਿਤੀ ਨਾ ਆਵੇ ਤਾਂ ਜੋ ਉਹਨਾਂ ਨੂੰ ਅੰਗਰੇਜ਼ੀ ਹਕੂਮਤ ਦਾ ਗੁਲਾਮ ਰਖਿਆ ਜਾ ਸਕੇ।

ਮਹੰਤ ਨਰਾਇਣ ਦਾਸ ਗਵਰਨਰ ਮੈਕਲੈਗਨ ਦੇ ਸਮੇਂ ਨਨਕਾਣਾ ਸਾਹਿਬ ਦਾ ਮਹੰਤ ਬਣਿਆ। ਗੱਦੀ 'ਤੇ ਬੈਠਣ ਸਮੇਂ ਉਸਨੇ ਮੈਜਿਸਟਰੇਟ ਦੇ ਸਾਹਮਣੇ ਸਿੱਖ ਸੰਗਤ ਨੂੰ ਲਿਖਤੀ ਪ੍ਰਣ ਦਿੱਤਾ ਕਿ ਉਹ ਪਹਿਲੇ ਮਹੰਤਾਂ ਵਾਲੇ ਕੁਕਰਮ ਛੱਡ ਦੇਵੇਗਾ। ਜੇਕਰ ਉਸ ਦੇ ਖ਼ਿਲਾਫ਼ ਕੋਈ ਕਸੂਰ ਸਾਬਤ ਹੋਵੇ, ਉਹ ਅਸਤੀਫ਼ਾ ਦੇ ਦੇਵੇਗਾ ਪਰ ਛੇਤੀ ਹੀ ਉਹ ਪਹਿਲੇ ਕੁਕਰਮੀ ਢੰਗ 'ਤੇ ਉੱਤਰ ਆਇਆ। ਉਸਨੇ ਇੱਕ ਬਦਚਲਨ ਔਰਤ ਨੂੰ ਗੁਰਦੁਆਰੇ ਵਿੱਚ ਰੱਖ ਲਿਆ। ਅਗਸਤ 1917 ਵਿੱਚ ਮਹੰਤ ਨੇ ਲਾਹੌਰ ਤੋਂ ਵੇਸਵਾਵਾਂ ਮੰਗਵਾਈਆਂ ਅਤੇ ਗੁਰਦੁਆਰੇ ਵਿੱਚ ਗੰਦੇ ਗਾਨਿਆਂ ਨਾਲ ਉਹਨਾਂ ਦਾ ਨਾਚ ਕਰਵਾਇਆ। ਸਿੱਖ ਰੋਹ ਵਿੱਚ ਆ ਗਏ। ਉਹਨਾਂ ਮਹੰਤ ਖ਼ਿਲਾਫ਼ ਮਤੇ ਪਾਸ ਕੀਤੇ। ਅੰਗਰੇਜ਼ ਸਰਕਾਰ ਨੂੰ ਮਹੰਤ ਦੀਆਂ ਸਿੱਖ ਧਰਮ ਵਿਰੋਧੀ ਕੁਰੀਤੀਆਂ ਰੋਕਣ ਦੀ ਅਪੀਲ ਕੀਤੀ ਪਰ ਸਰਕਾਰ ਨੇ ਕੋਈ ਨਾ ਸੁਣੀ।

ਨਨਕਾਣਾ ਸਾਹਿਬ ਅਯਾਸ਼ੀ ਅਤੇ ਦੁਰਾਚਾਰ ਦਾ ਅੱਡਾ ਬਣ ਗਿਆ ਸੀ। ਸੰਨ 1918 ਵਿੱਚ ਇੱਕ ਸਿੰਧੀ ਸ਼ਰਧਾਲੂ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਇਆ। ਸ਼ਾਮ ਦੇ ਰਹਿਰਾਸ ਦੇ ਦੀਵਾਨ ਵੇਲੇ ਇੱਕ ਪੁਜਾਰੀ ਸਾਧ ਨੇ ਉਸ ਸਿੰਧੀ ਸ਼ਰਧਾਲੂ ਦੀ 13 ਸਾਲ ਦੀ ਬੱਚੀ ਦੀ ਪੱਤ ਲੁੱਟੀ। ਉਸੇ ਸਾਲ ਹੀ ਪਿੰਡ ਜੜ੍ਹਾਵਾਲਾਂ ਲਾਇਲਪੁਰ ਦੀਆਂ 6 ਬੀਬੀਆਂ ਦੀ ਪੱਤ ਪੁਜਾਰੀਆਂ ਨੇ ਲੁੱਟੀ। ਇਹੋ ਜਿਹੀਆਂ ਵਾਰਦਾਤਾਂ ਆਮ ਹੋਣ ਲੱਗੀਆਂ।

ਮਹੰਤ ਦੇ ਦੁਰਾਚਾਰੀ ਕੁਕਰਮਾਂ ਤੋਂ ਸੰਗਤਾਂ ਦੁਖੀ ਸਨ। ਸੰਨ 1920 ਵਿੱਚ ਪਿੰਡ ਧਾਰੋਵਾਲੀ ਜ਼ਿਲ੍ਹਾ ਸ਼ੇਖ਼ੂਪੁਰਾ ਵਿੱਚ ਇੱਕ ਭਾਰੀ ਦੀਵਾਨ ਸਜਿਆ। ਮਹੰਤ ਦੇ ਗੁਨਾਹਾਂ ਨੂੰ ਸੰਗਤਾਂ ਵਿੱਚ ਪੇਸ਼ ਕੀਤਾ ਗਿਆ। ਇੱਕ ਗੁਰਮਤੇ ਰਾਹੀਂ ਮਹੰਤ ਨੂੰ ਕਿਹਾ ਗਿਆ ਕਿ ਪਹਿਲੇ ਉਹ ਆਪ ਸੁਧਰ ਜਾਵੇ ਫਿਰ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਮਹੰਤ ਕੋਲ ਤਾਂ ਐਸ ਕਰਨ ਲਈ ਬੇਹਿਸਾਬਾ ਪੈਸਾ ਸੀ। ਕੰਜਰੀਆਂ ਨਚਾਉਣ ਵਾਲੇ ਬੇਦੀ ਜਗੀਰਦਾਰ ਮਹੰਤ ਦੀ ਪਿੱਠ 'ਤੇ ਸਨ। ਮਹੰਤ ਦੇ ਸਰਕਾਰੀ ਹਾਕਮਾਂ ਨਾਲ ਵੀ ਯਾਰਾਨੇ ਸਨ। ਸਾਰੀ ਚੰਡਾਲ ਚੌਕੜੀ ਸੁਧਰਨ ਦੀ ਥਾਂ ਸਿੱਖ ਪੰਥ ਦਾ ਵਿਰੋਧ ਕਰਕੇ ਮੁਕਾਬਲੇ ਤੇ ਉਤਰ ਆਈ। ਉਹ ਟਕਰਾਓ ਦੀ ਤਿਆਰੀ ਕਰਨ ਲੱਗੇ। ਪੂਰੀ ਵਿਉਂਤ ਬਣਾ ਕੇ ਆਸ ਪਾਸ ਦੇ ਇਲਾਕੇ ਵਿਚੋਂ 400 ਬਦਮਾਸ਼ਾਂ ਡਾਕੂਆਂ ਨੂੰ ਸ਼ਰਾਬ ਅਤੇ ਤਨਖਾਹ ਤੇ ਗੁਰਦੁਆਰੇ ਵਿੱਚ ਪਹਿਰੇ ਤੇ ਰੱਖ ਲਿਆ। ਗੁਰਦੁਆਰੇ ਨੂੰ ਇੱਕ ਜੰਗੀ ਕਿਲਾ ਬਣਾਉਣ ਦਾ ਸਮਾਨ ਇਕੱਠਾ ਕਰ ਲਿਆ। ਮਹੰਤ ਅੰਗਰੇਜ਼ ਹਾਕਮਾਂ ਦੀ ਕਠਪੁਤਲੀ ਬਣ ਗਿਆ ਸੀ। ਉਹ ਗੁਰਦੁਆਰੇ ਨੂੰ ਆਪਣੀ ਨਿੱਜੀ ਮਾਲਕੀਅਤ ਸਮਝਣ ਲੱਗਿਆ ਕਿ ਉਸ ਨੂੰ ਕੋਈ ਨਹੀਂ ਕੱਢ ਸਕਦਾ। ਉਹ ਮੁਕਾਬਲੇ ਲਈ ਤਿਆਰ ਹੋ ਗਿਆ। ਉਸਨੇ ਸਰਕਾਰ ਦੇ ਚਮਚੇ ਆਪਣੇ ਨਾਲ ਜੋੜ ਲਏ। ਉਸਨੇ ਰਾਂਝਾ, ਰਿਹਾਣਾ ਜਿਹੇ ਦਸ ਨੰਬਰੀਏ ਬਦਮਾਸ਼ਾ ਨੂੰ ਭਰਤੀ ਕਰ ਲਿਆ। ਇਲਾਕੇ ਦੇ ਇਸਮਾਇਲ ਭੱਟੀ ਨੂੰ ਨਾਲ ਜੋੜ ਕੇ ਮੁਸਲਮਾਨ ਵੀ ਆਪਣੇ ਨਾਲ ਗੰਡ ਲਏ।

ਬਦਮਾਸ਼ਾਂ ਨੂੰ ਹਥਿਆਰਬੰਦ ਕਰਨ ਲਈ ਜਨਮ ਅਸਥਾਨ ਅੰਦਰ ਛਵ੍ਹੀਆਂ , ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਦੀਆਂ ਭੱਠੀਆਂ ਚਾਲੂ ਕਰ ਲਈਆਂ। ਹਥਿਆਰ ਬਣਾ ਕੇ ਉਹ ਹਥਿਆਰਬੰਦ ਹੋਣ ਲੱਗੇ। ਲਾਹੌਰ ਤੋਂ ਪਿਸਤੌਲ, ਕਾਰਤੂਸ ਬੰਦੂਕਾਂ ਵੀ ਖਰੀਦ ਲਈਆਂ। ਹਥਿਆਰ ਬਣਾ ਕੇ ਉਹ ਹਥਿਆਰਬੰਦ ਹੋਣ ਲੱਗੇ। ਲਾਹੌਰ ਤੋਂ ਪਿਸਤੌਲ, ਕਾਰਤੂਸ ਬੰਦੂਕਾਂ ਵੀ ਖਰੀਦ ਲਈਆਂ। ਅਕਾਲੀਆਂ ਨੂੰ ਮਾਰਨ, ਵੱਢਣ ਟੁੱਕਣ ਅਤੇ ਸਾੜਨ ਲਈ ਮਿੱਟੀ ਦੇ ਤੇਲ ਦੇ ਪੀਪੇ ਜਮਾਂ ਕਰ ਲਏ। ਮੁੱਖ ਦਰਵਾਜ਼ਾ ਲੋਹੇ ਦਾ ਪੱਕਾ ਬਣਾ ਲਿਆ। ਗੋਲੀਆਂ ਚਲਾਉਣ ਲਈ ਗੁਪਤ ਚੋਰ ਮੋਰੀਆਂ ਰੱਖ ਲਈਆਂ। ਕਤਲੇਆਮ ਦਾ ਪੂਰਾ ਪ੍ਰਬੰਧ ਕਰ ਲਿਆ।

ਮਹੰਤ ਨ ਆਪਣੀ ਧਾਰਮਿਕ ਸ਼ਕਤੀ ਵਧਾਉਣ ਅਤੇ ਅਕਾਲੀਆਂ ਨੂੰ ਬਦਨਾਮ ਕਰਨ ਲਈ ਨਨਕਾਣਾ ਸਾਹਿਬ ਵਿੱਚ 60-70 ਸਾਧੂਆਂ, ਮਹੰਤਾਂ ਦੀ ਇਕੱਤਰਤਾ ਸੱਦ ਲਈ। ਬਾਬਾ ਕਰਤਾਰ ਸਿੰਘ ਬੇਦੀ ਵੀ ਸ਼ਾਮਲ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖ਼ਿਲਾਫ਼ ਭਾਸ਼ਨ ਹੋਏ। ਕਮੇਟੀ ਨੂੰ ਮਾਨਤਾ ਦੇਣ ਤੋਂ ਇਨਕਾਰ ਕੀਤਾ। ਸਾਧੂਆਂ ਅਤੇ ਮਹੰਤਾਂ ਦੀ ਕਮੇਟੀ ਬਣਾ ਲਈ। ਕਮੇਟੀ ਦਾ ਪ੍ਰਧਾਨ ਮਹੰਤ ਨਰਾਇਣ ਦਾਸ ਨਨਕਾਣਾ ਅਤੇ ਸਕੱਤਰ ਬਸੰਤ ਦਾਸ ਗੁਰਦੁਆਰਾ ਮਾਣਕ ਬਣੇ। ਆਪਣੇ ਮਨੋਰਥ ਦੇ ਪ੍ਰਚਾਰ ਲਈ 'ਸੰਤ ਸੇਵਕ' ਅਖ਼ਬਾਰ ਕੱਢਣ ਲਈ 60 ਹਜ਼ਾਰ ਰੁਪਇਆ ਵੀ ਇਕੱਠਾ ਕਰ ਲਿਆ।

ਨਵੰਬਰ 1920 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਤੋਂ 4-5 ਦਿਨ ਪਹਿਲਾਂ ਆਪਣੇ ਇਕੱਠੇ ਕੀਤੇ ਹੋਏ ਗੁੰਡਿਆਂ ਨੂੰ ਕਿਹਾ ਕਿ ਕਿਸੇ ਕਿਰਪਾਨ ਵਾਲੇ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਹੈ। ਸਰਦਾਰ ਲਛਮਣ ਸਿੰਘ ਧਾਰੋਵਾਲ ਆਪਣੇ ਪਿੰਡ ਦੇ ਕੁਝ ਸ਼ਰਧਾਲੂਆਂ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆਇਆ। ਸਬੱਬੀਂ ਉਸ ਦਿਨ ਡਿਪਟੀ ਕਮਿਸ਼ਨਰ ਤੇ ਸੀ.ਆਈ.ਡੀ. ਸੁਪਰਡੈਂਟ ਗੁਰਦੁਆਰੇ ਵਿੱਚ ਸਨ। ਮਹੰਤ ਦੇ ਗੁੰਡੇ ਸੰਗਤ 'ਤੇ ਹਮਲਾ ਕਰਨ ਹੀ ਵਾਲੇ ਸਨ ਕਿ ਅਫ਼ਸਰਾਂ ਨੇ ਹਮਲਾ ਰੁਕਵਾ ਦਿੱਤਾ। ਸਰਦਾਰ ਧਾਰੋਵਾਲ ਦੇ ਨਾਲ ਸੰਗਤਾਂ ਸੁਰੱਖਿਅਤ ਨਿਕਲ ਗਏ ਪਰ ਸਰਕਾਰੀ ਅਫ਼ਸਰਾਂ ਨੇ ਮਹੰਤ ਨੂੰ ਕੋਈ ਵੀ ਤਾੜਨਾ ਨਾ ਦਿੱਤੀ।

ਮਹੰਤ ਦੇ ਅਕਾਲੀਆਂ ਨੂੰ ਕਤਲ ਕਰਨ ਦੇ ਇਰਾਦੇ ਪਤਾ ਲੱਗ ਪਏ ਸਨ। ਪੰਜਾਬ ਦੇ ਅਖ਼ਬਾਰਾਂ ਵਿੱਚ ਮਹੰਤ ਵੱਲੋਂ ਅਕਾਲੀਆਂ ਦਾ ਮੁਕਾਬਲਾ ਕਰਨ ਦੀ ਤਿਆਰੀ ਦੀ ਆਮ ਚਰਚਾ ਹੋਈ। ਅਕਾਲੀ ਹੁਣ ਅਵੇਸਲੇ ਨਹੀਂ ਸਨ। ਜਨਵਰੀ 24, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿੱਚ ਗੁਰਮਤਾ ਪਾਸ ਕੀਤਾ ਕਿ 4,5 ਅਤੇ 6 ਮਾਰਚ ਨੂੰ ਨਨਕਾਣਾ ਸਾਹਿਬ ਵਿੱਚ ਸਾਰੇ ਪੰਥ ਦਾ ਭਾਰੀ ਦੀਵਾਨ ਸਜਾਇਆ ਜਾਵੇ, ਇਸ ਵਿੱਚ ਮਹੰਤ ਨੂੰ ਸੱਦਾ ਦਿੱਤਾ ਜਾਵੇ ਕਿ ਮਹੰਤ ਨੂੰ ਤਾੜਨਾ ਕੀਤੀ ਜਾਵੇ ਕਿ ਉਹ ਪੰਥ ਅਨੁਸਾਰ ਚੱਲੇ। ਇੱਕ ਨੋਟਿਸ ਛਾਪ ਕੇ ਵੀ ਵੰਡਿਆ ਗਿਆ। ਜਿਸ ਵਿੱਚ ਪੰਜਾਬ ਸਰਕਾਰ, ਸਿੱਖ ਰਾਜਿਆਂ ਅਤੇ ਸਿੱਖਾਂ ਨੂੰ ਕਿਹਾ ਗਿਆ ਕਿ ਉਹ ਸਾਰੇ ਮਿਲ ਕੇ ਆਪਣਾ ਰਸੂਖ ਵਰਤਣ ਕਿ ਗੁਰਦੁਆਰਾ ਪੰਥਕ ਪ੍ਰਬੰਧ ਹੇਠ ਆ ਜਾਵੇ। ਕੀਤੇ ਜਾ ਰਹੇ ਮਾਰਚ ਮਹੀਨੇ ਦੇ ਦੀਵਾਨ ਦੀ ਤਿਆਰੀ ਵਿੱਚ 6 ਫ਼ਰਵਰੀ ਦੀ ਇੱਕਤਰਾ ਵਿੱਚ ਲੰਗਰ ਦਾ ਪ੍ਰਬੰਧ ਕਰਨ ਲਈ ਕਮੇਟੀ ਬਣਾਈ ਗਈ, ਜਿਸ ਵਿੱਚ ਭਾਈ ਲਛਮਣ ਸਿੰਘ ਧਾਰੋਵਾਲ, ਸਰਦਾਰ ਦਲੀਪ ਸਿੰਘ ਸਾਂਗਲਾਂ, ਸਰਦਾਰ ਤੇਜਾ ਸਿੰਘ ਸਮੁੰਦਰੀ , ਕਰਤਾਰ ਸਿੰਘ ਝੱਬਰ ਅਤੇ ਸਰਦਾਰ ਬਖਸ਼ੀਸ਼ ਸਿੰਘ ਮੈਂਬਰ ਸਨ, ਜਿਨ੍ਹਾਂ ਦੀ ਰਸਦ ਅਤੇ ਮਾਇਆ ਇਕੱਠੀ ਕਰਨ ਦੀ ਜ਼ਿੰਮੇਵਾਰੀ ਸੀ।

ਮਹੰਤ ਨੂੰ ਲਗਭਗ ਸਭ ਬੇਦੀ ਜਗੀਰਦਾਰਾਂ ਦੀ ਹਮਾਇਤ ਪ੍ਰਾਪਤ ਸੀ। ਸਰਦਾਰ ਸੁੰਦਰ ਸਿੰਘ ਮਜੀਠੀਆ ਪਹਿਲਾਂ ਵੀ ਸਰਕਾਰ ਦਾ ਬੈ ਖਰੀਦ ਸੀ ਪਰ ਸਰਦਾਰ ਹਰਬੰਸ ਸਿੰਘ ਅਟਾਰੀ ਤੇ ਪ੍ਰੋ. ਜੋਧ ਸਿੰਘ ਕਮੇਟੀ ਦੇ ਨਾਲ ਸਨ। ਚੀਫ਼ ਖ਼ਾਲਸਾ ਦੀਵਾਨ ਸਾਮਰਾਜੀ ਹੋਣ ਕਰਕੇ ਬਦਨਾਮ ਸੀ। ਮਹੰਤ ਨੇ ਮਹਾਰਾਜਾ ਪਟਿਆਲਾ ਨੂੰ ਲਾਹੌਰ ਵਿੱਚ ਮਿਲ ਕੇ ਮਦਦ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਮਹਾਰਾਜੇ ਨੇ ਮਹੰਤ ਨੂੰ ਸਲਾਹ ਦਿੱਤੀ ਕਿ ਉਹ ਚੰਗੇ ਸਿੱਖਾਂ ਦੀ ਕਮੇਟੀ ਬਣਾ ਕੇ ਪ੍ਰਬੰਧ ਉਹਨਾਂ ਨੂੰ ਸੌਂਪ ਦੇਵੇ। ਮਹੰਤ ਨੇ ਸਰਕਾਰ ਤੋਂ ਅਜਿਹੀ ਹਥਿਆਰਬੰਦ ਪੁਲਿਸ ਦੀ ਮੰਗ ਕੀਤੀ, ਜਿਸ ਨੂੰ ਗੋਲੀ ਚਲਾਉਣ ਦਾ ਹੁਕਮ ਹੋਵੇ ਪਰ ਸਰਕਾਰ ਨੇ ਇਨਕਾਰ ਕਰ ਦਿੱਤਾ। ਸਰਕਾਰ ਚਾਹੁੰਦੀ ਸੀ ਕਿ ਮਹੰਤ ਖੁਦ ਅਕਾਲੀਆਂ ਨਾਲ ਨਜਿੱਠ ਲਵੇ ਅਤੇ ਉਹਨਾਂ ਦਾ ਖਾਤਮਾ ਕਰ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਸਜ ਰਹੇ ਦਿਵਾਨਾਂ ਦਾ ਸਮਾਂ ਵੇਖ ਕੇ ਮਹੰਤ ਨੇ ਮੁਕਾਬਲੇ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ।

ਉਹ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਛੱਡਣਾ ਨਹੀਂ ਚਾਹੁੰਦਾ ਸੀ। ਉਸ ਨੇ 28 ਪਠਾਣ ਵੀਹ ਵੀਹ ਰੁਪਏ ਮਾਹਵਾਰ ਦੀ ਤਨਖਾਹ ਤੇ ਰੱਖ ਲਏ। ਮਾਝੇ ਵਿਚੋਂ ਕੁਝ ਮੁਸਲਮਾਨ ਭਰਤੀ ਕਰ ਲਏ। ਕੁਝ ਬਦਮਾਸ਼ ਗੁਰਦੁਆਰਾ ਫੇਰੂ ਤੋਂ ਮਹੰਤ ਦੀ ਮਦਦ ਲਈ ਆਏ। ਟਕਰਾਓ ਲਈ ਅਸਲਾ ਮੌਜੂਦ ਸੀ। ਮਹੰਤ ਨੇ ਆਪਣੇ ਅਖ਼ਬਾਰ 'ਸੰਤ ਸੇਵਕ' ਵਿੱਚ ਕਿਹਾ ਕਿ ਜੇ ਸਿੱਖ ਨਨਕਾਣਾ ਸਾਹਿਬ ਆਏ ਤਾਂ ਮਿੱਝ ਕੱਢ ਕੇ ਰੱਖ ਦਿਆਂਗੇ।

ਮਹੰਤ ਨੇ 7 ਫ਼ਰਵਰੀ 1921 ਨੂੰ ਆਪਣੇ ਹਮਾਇਤੀਆਂ ਤੇ ਇਲਾਕੇ ਦੇ ਭੱਟੀ ਮੁਸਲਮਾਨਾਂ ਦਾ ਇਕੱਠ ਕੀਤਾ ਅਤੇ ਉਹਨਾਂ ਨੂੰ ਸਹੁੰਆਂ ਦਿਵਾ ਕੇ ਇਕਰਾਰ ਲਿਆ ਕਿ ਅਸੀਂ ਮਹੰਤ ਦੀ ਖਾਤਰ ਅਕਾਲੀਆਂ ਨਾਲ ਡੱਟ ਕੇ ਲੜਾਂਗੇ। ਮੰਗਲ ਸਿੰਘ ਕੂਕੇ ਨੇ ਵੀ ਇਸ ਇਕੱਠ ਨੂੰ ਸੰਬੋਧਨ ਕੀਤਾ। ਫੇਰ 14 ਫ਼ਰਵਰੀ 1921 ਨੂੰ ਇੱਕ ਹੋਰ ਇਕੱਠ ਕਰਕੇ ਮਤਾ ਪਕਾਇਆ ਕਿ 5 ਮਾਰਚ ਨੂੰ ਸਾਰਾ ਪੰਥ ਨਨਕਾਣਾ ਸਾਹਿਬ ਜੁੜੇ ਤਾਂ ਸਿੱਖ ਆਗੂਆਂ ਨੂੰ ਸਮਝੌਤੇ ਦੇ ਬਹਾਨੇ ਗੁਰਦੁਆਰੇ ਅੰਦਰ ਬੁਲਾ ਕੇ ਕਤਲ ਕਰ ਦਿੱਤਾ ਜਾਵੇ। ਭਾਈ ਵਰਿਆਮ ਸਿੰਘ ਜੀ ਨੇ ਸੂਹੀਆ ਅਵਤਾਰ ਸਿੰਘ ਰਾਹੀਂ ਕਰਤਾਰ ਸਿੰਘ ਝੱਬਰ ਜੀ ਨੂੰ ਇਹ ਖ਼ਬਰ ਦਿੱਤੀ ਕਿ ਮਹੰਤ ਦੀ ਨੀਅਤ ਸਾਫ਼ ਨਹੀਂ ਹੈ। ਉਹ ਇਕੱਤਰਤਾ ਵਿੱਚ ਪੰਥਕ ਆਗੂਆਂ ਨੂੰ ਖਤਮ ਕਰਨਾ ਚਾਹੁੰਦਾ ਹੈ। ਪੰਥਕ ਆਗੂਆਂ ਨੇ ਯਤਨ ਆਰੰਭ ਦਿੱਤੇ ਕਿ ਮਾਰਚ ਦੇ ਦੀਵਾਨ ਤੋਂ ਪਹਿਲਾਂ ਨਨਕਾਣਾ ਸਾਹਿਬ ਵਿਚ ਕੋਈ ਜੱਥਾ ਨਾ ਪਹੁੰਚੇ।

ਝੱਬਰ ਜੀ ਨੇ ਗੁਰਦੁਆਰਾ ਖਰਾ ਸੌਦਾ ਪਹੁੰਚ ਕੇ ਆਪਣੇ ਜਥੇ ਦੇ ਮੈਂਬਰਾਂ ਅੱਗੇ ਤਜਵੀਜ਼ ਰੱਖੀ ਕਿ ਸਾਨੂੰ ਨੀਅਤ ਤਰੀਕੇ ਤੋਂ ਪਹਿਲਾਂ ਪਹੁੰਚ ਕੇ ਮਹੰਤ ਦੇ ਸ਼ੈਤਾਨੀ ਇਰਾਦੇ ਨੂੰ ਮਾਤ ਦੇਣੀ ਚਾਹੀਦੀ ਹੈ। ਗੁਰਦੁਆਰਾ ਤੇ ਕਬਜ਼ਾ ਕਰਨਾ ਚਾਹੀਦਾ ਹੈ। ਫ਼ਰਵਰੀ 17,1921 ਨੂੰ ਖਰਾ ਸੌਦਾ ਵਿਖੇ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਬੂਟਾ ਸਿੰਘ ਲਾਇਲਪੁਰ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਫ਼ੈਸਲਾ ਹੋਇਆ ਕਿ ਭਾਈ ਬੂਟਾ ਸਿੰਘ 19 ਫ਼ਰਵਰੀ 1921 ਨੂੰ ਸਵੇਰੇ ਨਨਕਾਣਾ ਸਾਹਿਬ ਪਹੁੰਚ ਜਾਣ ਅਤੇ ਭਾਈ ਲਛਮਣ ਸਿੰਘ ਜੀ ਆਪਣਾ ਜਥਾ ਲੈ ਕੇ ਉਸੇ ਰਾਤ ਚੰਦਰ ਕੋਟ ਆ ਜਾਣ। ਜਿੱਥੇ ਭਾਈ ਕਰਤਾਰ ਸਿੰਘ ਝੱਬਰ ਆਪਣਾ ਜਥਾ ਲੈ ਕੇ ਉਹਨਾਂ ਨਾਲ ਆਣ ਸ਼ਾਮਲ ਹੋਵੇਗਾ।

ਇਸ ਫੈਸਲੇ ਦਾ ਪਤਾ ਸ੍ਰ.ਹਰਚੰਦ ਸਿੰਘ, ਸ੍ਰ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਜੀ ਨੂੰ ਪਤਾ ਲੱਗ ਗਿਆ ਜੋ ਉਸ ਵੇਲੇ ਲਾਇਲਪੁਰ ਵਿਚ ਸਨ। ਭਾਈ ਕਰਤਾਰ ਸਿੰਘ ਝੱਬਰ ਨਹੀਂ ਸੀ ਚਾਹੁੰਦਾ ਕਿ ਇਸ ਫ਼ੈਸਲੇ ਦਾ ਪਤਾ ਪ੍ਰਬੰਧਕ ਕਮੇਟੀ ਨੂੰ ਲੱਗੇ, ਕਿਉਂਕਿ ਉਹਨਾਂ ਨੇ ਆਗਿਆ ਨਹੀਂ ਦੇਣੀ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਖ਼ਿਲਾਫ਼ ਸੀ। 19 ਫ਼ਰਵਰੀ 1921 ਨੂੰ 'ਅਕਾਲੀ' ਅਖ਼ਬਾਰ ਦੇ ਲਾਹੌਰ ਦਫ਼ਤਰ ਵਿਚ ਸਿੱਖ ਆਗੂਆਂ ਦੀ ਇਕੱਤਰਤਾ ਹੋਈ, ਜਿਸ ਵਿਚ ਫ਼ੈਸਲਾ ਹੋਇਆ ਕਿ ਪੰਥਕ ਇਕੱਠ ਵਾਸਤੇ ਮਿਥੀ ਗਈ ਤਰੀਕ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ। ਸ੍ਰ. ਦਲੀਪ ਸਿੰਘ ਅਤੇ ਸ੍ਰ. ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਗਿਆ। ਉਹਨਾਂ ਨੇ ਭਾਈ ਕਰਤਾਰ ਸਿੰਘ ਨੂੰ ਮਨਾ ਲਿਆ ਕਿ ਉਹ ਮਿਥੀ ਤਰੀਕੇ ਦੀ ਉਲੰਘਣਾ ਨਾ ਕਰੇ। ਭਾਈ ਦਲੀਪ ਸਿੰਘ ਨੇ ਜਿੰਮੇਵਾਰੀ ਲਈ ਕਿ ਉਹ ਜਾ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕੇਗਾ। ਉਹ ਚੰਦਰ ਕੋਟ ਪਹੁੰਚੇ ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ। ਸ੍ਰ. ਦਲੀਪ ਸਿੰਘ ਉਥੋਂ ਭਾਈ ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਜਿਹੜਾ ਕਿ ਨਨਕਾਣਾ ਤੋਂ ਕੋਈ ਇੱਕ ਮੀਲ ਸੀ ਆ ਗਏ।

ਉਸੇ ਦਿਨ ਸ੍ਰ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਤੁਰੰਤ ਨਨਕਾਣਾ ਵੱਲ ਤੁਰ ਪਏ ਕਿ ਸੰਗਤਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿਚ ਜਾਣ ਤੋਂ ਰੋਕਣ।

19 ਫ਼ਰਵਰੀ 1921 ਨੂੰ ਭਾਈ ਲਛਮਣ ਸਿੰਘ ਸ਼ਾਮ ਨੂੰ ਹਨੇਰੇ ਪਏ ਪਿੰਡੋਂ ਜਥਾ ਲੈ ਕੇ ਤੁਰ ਪਏ। ਉਹਨਾਂ ਨਾਲ 150 ਸਿੰਘ ਤੇ ਬੀਬੀਆਂ ਵੀ ਸਨ। ਉਹ 20 ਫਰਵਰੀ 1921 ਨੂੰ ਸਵੇਰ ਦੇ ਕੋਈ ਪੰਜ ਵਜੇ ਜਨਮ ਅਸਥਾਨ ਦੇ ਉੱਤਰ ਵੱਲ ਭਠਿਆ ਉੱਤੇ ਉਹਨਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੁਨੇਹਾ ਲੈ ਕੇ ਆਇਆ ਕਿ ਭਾਈ ਸਾਹਿਬ ਜਥੇ ਸਮੇਤ ਨਨਕਾਣਾ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣਾ ਸਾਹਿਬ ਵਿਚ ਬਿਲਕੁਲ ਪੈਰ ਨਾ ਰੱਖਣ। ਉਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ ਪਰ ਭਾਈ ਟਹਿਲ ਸਿੰਘ ਜੀ ਕਹਿਣ ਲੱਗੇ ਕਿ ਅੱਜ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਹੈ। ਇੱਥੇ ਅੱਜ ਪਹੁੰਚੇ ਹੋਏ ਹਾਂ। ਚੱਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ। ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਂਤਮਈ ਰਹਿਣਾ ਹੈ, ਮੁਕਾਬਲਾ ਨਹੀਂ ਕਰਨਾ ਹੈ। ਭੜਕਾਊ ਗੱਲ ਨਹੀਂ ਕਰਨੀ। ਸਿਰਫ਼ ਮੱਥਾ ਟੇਕ ਕੇ ਵਾਪਸ ਆ ਜਾਣਾ ਏ, ਫਿਰ ਝਗੜਾ ਕਿਉਂ ਹੋਵੇਗਾ।

ਭਾਈ ਲਛਮਣ ਸਿੰਘ ਜੀ ਵੀ ਰਾਜ਼ੀ ਹੋ ਗਏ। ਜਥਾ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ, ਜਿਥੋਂ ਉਹ ਘਰਾਂ ਨੂੰ ਮੁੜ ਗਈਆਂ। ਅਕਾਲੀ ਜਨਮ ਅਸਥਾਨ ਦੇ ਬਾਹਰ ਇਸ਼ਨਾਨ ਕਰਨ ਲੱਗ ਪਏ। ਕੋਈ 6 ਵਜੇ ਦੇ ਕਰੀਬ ਉਹ ਗੁਰਦੁਆਰਾ ਵਿਚ ਮੱਥਾ ਟੇਕਣ ਲਈ ਦਾਖ਼ਲ ਹੋਏ।

ਮਹੰਤ ਦੇ ਗੁੰਡੇ ਬਦਮਾਸ਼ ਜਥੇ ਨੂੰ ਮਾਰ ਮੁਕਾਉਣ ਦੀ ਤਿਆਰੀ ਕਰੀ ਬੈਠੇ ਸਨ। ਮਹੰਤ ਨੇ ਆਪਣੇ ਪਰਵਾਰ ਦੇ ਬੰਦੇ ਲਾਹੌਰ ਭੇਜ ਦਿੱਤੇ ਸਨ। ਰੁਪਇਆ, ਪੈਸਾ ਤੇ ਜਰੂਰੀ ਕਾਗ਼ਜ਼ ਵੀ ਉਹਨਾਂ ਕੋਲ ਹੀ ਸਨ। ਉਸ ਨੇ ਕੱਢੂਰ ਦੇ ਥਾਣੇ ਵਿਚ ਦਸ ਨੰਬਰੀ ਬਦਮਾਸ਼ਾਂ ਗੀਹਾਣਾ, ਅਮਲੀ, ਕੁੰਦੀ, ਵਸਾਖਾ ਅਤੇ ਕੁਝ ਹੋਰਨਾਂ ਦੀਆਂ ਹਾਜ਼ਰੀਆਂ ਲਵਾਉਣ ਦਾ ਬੰਦੋਬਸਤ ਕਰ ਲਿਆ ਸੀ ਕਿ ਤਾਂ ਜੋ ਕਿਹਾ ਜਾ ਸਕੇ ਕਿ ਵਾਰਦਾਤ ਸਮੇਂ ਉਹ ਤਾਂ ਉਸ ਦਿਨ ਨਨਕਾਣਾ ਸਾਹਿਬ ਵਿਚ ਹਾਜਰ ਹੀ ਨਹੀਂ ਸਨ, ਉਹਨਾਂ ਦੀ ਹਾਜਰੀ ਕੱਢੂਰ ਦੇ ਥਾਣੇ ਵਿਚ ਲੱਗੀ ਹੋਈ ਹੈ।

ਮਹੰਤ ਨੇ ਸਾਰੇ ਗੁੰਡਿਆਂ ਅਤੇ ਦਸ ਨੰਬਰੀਆਂ ਬਦਮਾਸ਼ਾਂ ਨੂੰ ਗੰਡਾਸਿਆਂ, ਛਵ੍ਹੀਆਂ, ਤਲਵਾਰਾਂ ਬੰਦੂਕਾਂ ਤੇ ਪਿਸਤੌਲਾਂ ਨਾਲ ਤਾਇਨਾਤ ਕਰ ਦਿੱਤਾ। ਵੱਡੀ ਮਾਤਰਾ ਵਿਚ ਬਾਲਣ ਅਤੇ ਮਿੱਟੀ ਦਾ ਤੇਲ ਵੀ ਕੋਲ ਸੀ। ਕੋਠਿਆਂ ਦੀਆਂ ਛੱਤਾਂ ਉੱਤੇ ਰੋੜੇ ਪੱਥਰ ਬਣ ਗਿਆ ਸੀ। ਜਦ ਜਥਾ ਜਨਮ ਅਸਥਾਨ ਦੇ ਦਰਬਾਰ ਵਿਚ ਦਾਖਲ ਹੋ ਗਿਆ, ਤਾਂ ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਸਾਰੇ ਸਿੰਘ ਸ਼ਬਦ ਪੜ੍ਹਨ ਲੱਗੇ ਕਿ ਇੱਕ ਦਮ ਗੋਲੀਆਂ ਵਰਨ ਲੱਗੀਆਂ। ਸਿੰਘ ਫੱਟੜ ਹੋ ਕੇ ਤੜਫਦੇ ਜਮੀਨ ਤੇ ਡਿੱਗਣ ਲੱਗੇ। ਕੋਠਿਆਂ ਦੀਆਂ ਛੱਤਾਂ ਤੇ ਮੋਰਚੇ ਬਣੇ ਹੋਏ ਸਨ। ਮਹੰਤ ਦੇ ਗੁੰਡੇ ਤਾਬੜ ਤੋੜ ਗੋਲੀਆਂ ਚਲਾ ਰਹੇ ਸਨ। ਇੱਟਾਂ ਪੱਥਰਾਂ ਦੀ ਵੀ ਬੁਛਾੜ ਹੋ ਰਹੀ ਸੀ। ਦਰਵਾਜੇ ਸਭ ਬੰਦ ਸਨ। ਬਚਾਓ ਦਾ ਕੋਈ ਰਾਹ ਨਹੀਂ ਸੀ। ਮਹੰਤ ਦੇ ਗੁੰਡੇ ਸ਼ਰਾਬ ਵਿਚ ਧੁੱਤ ਸਨ, ਜਿਥੇ ਜਿਥੇ ਵੀ ਸਿੰਘ ਸਨ, ਸਭ ਚੁਣ ਚੁਣ ਕੇ ਸ਼ਹੀਦ ਕਰ ਦਿੱਤੇ। ਫੱਟੜਾਂ ਨੂੰ ਜਿਉਂਦਾ ਵੇਖ ਕੇ ਛਵ੍ਹੀਆਂ ਨਾਲ ਕੁਤਰ ਰਹੇ ਸਨ। ਉਹਨਾਂ ਹਰ ਅਕਾਲੀ ਸ਼ਹੀਦੀ ਕੀਤਾ। ਲਛਮਣ ਸਿੰਘ ਧਾਰੋਵਾਲੀ ਨੂੰ ਵੀ ਜੰਡ ਨਾਲ ਪੁੱਠਾ ਲਟਕਾ ਕੇ ਅੱਗ ਲਗਾ ਕੇ ਸ਼ਹੀਦ ਕੀਤਾ। ਗੁਰਦੁਆਰੇ ਤੋਂ ਬਾਹਰ ਖੇਤਾਂ ਤੱਕ ਸਿੰਘਾਂ ਦਾ ਪਿੱਛਾ ਕਰਕੇ ਕਤਲੇਆਮ ਕੀਤਾ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਛਿੜੀ ਹੋਈ ਸੀ।

ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਭਾਈ ਬੂਟਾ ਸਿੰਘ ਤੇ ਸ੍ਰ. ਉੱਤਮ ਸਿੰਘ ਨੇ ਗੋਲੀਆਂ ਦੀਆਂ ਆਵਾਜ਼ਾਂ ਸ੍ਰ. ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਬੈਠਿਆਂ ਸੁਣੀਆਂ। ਉਹ ਸਾਰੇ ਗੁਰਦੁਆਰੇ ਨੇੜੇ ਪਹੁੰਚੇ ਤਾਂ ਮਹੰਤ ਦੇ ਬੰਦਿਆਂ ਨੇ ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰਕੇ ਉਹਨਾਂ ਨੂੰ ਫੱਟੜ ਕਰਕੇ ਭਖਦੀ ਭੱਠੀ ਵਿਚ ਸੁੱਟ ਦਿੱਤਾ। ਇਸ ਸਮੇਂ ਤਕ ਗੁਰਦੁਆਰੇ ਵਿੱਚ ਸਾਰੇ ਸਿੰਘ ਜ਼ਖ਼ਮੀ ਜਾਂ ਸ਼ਹੀਦ ਹੋ ਚੁੱਕੇ ਸਨ। ਇਹਨਾਂ ਸਾਰਿਆਂ ਨੂੰ ਲੱਕੜਾਂ ਦੇ 3-4 ਢੇਰ ਲਗਾ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਵਿੱਚ ਸੁੱਟ ਦਿੱਤਾ। ਹੁਣ ਮਾਰਨ ਲਈ ਕੋਈ ਸਿੰਘ ਨਾ ਬਚਿਆ। ਸਾਰਾ ਕੱਢਬਾ ਖਾਲੀ ਹੋ ਗਿਆ। ਮਹੰਤ ਨੇ ਮੋਰਚਾ ਸਰ ਕਰ ਲਿਆ ਸੀ।

ਸ੍ਰ. ਉੱਤਮ ਸਿੰਘ ਕਾਰਖ਼ਾਨੇਦਾਰ ਸ੍ਰ. ਧੰਨਾ ਸਿੰਘ ਅਤੇ ਸ੍ਰ. ਕਰਮ ਸਿੰਘ ਸਟੇਸ਼ਨ ਮਾਸਟਰ ਨੇ ਇਸ ਦਰਦਨਾਕ ਕਤਲੇਆਮ ਦੀ ਖ਼ਬਰ ਪੰਜਾਬ ਦੇ ਗਵਰਨਰ , ਕਮਿਸ਼ਨਰ, ਡਿਪਟੀ ਕਮਿਸ਼ਨਰ , ਸੁਪਰਡੈਂਟ ਪੁਲਿਸ ਤੇ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੀ। ਸਾਰੇ ਹੀ ਸਿੱਖ ਜਗਤ ਵਿਚ ਹਾਹਾਕਾਰ ਮੱਚ ਗਈ। ਗੁਰਦੁਆਰਾ ਜਨਮ ਅਸਥਾਨ ਤੇ ਅੰਗਰੇਜ਼ ਸਰਕਾਰ ਦਾ ਕਬਜ਼ਾ ਹੋ ਗਿਆ। ਗੁਰਦੁਆਰੇ ਨੂੰ ਜੰਦਰੇ ਲਗਾ ਦਿੱਤੇ ਗਏ।

20 ਤੋਂ 21 ਫ਼ਰਵਰੀ 1921 ਕੁਝ ਸਿੱਖ ਆਗੂ ਨਨਕਾਣਾ ਸਾਹਿਬ ਪਹੁੰਚ ਗਏ। ਫਰਵਰੀ 21,1921 ਨੂੰ ਪੜਤਾਲ ਦਾ ਕੰਮ ਸ਼ੁਰੂ ਹੋ ਗਿਆ। ਸਾਰਾ ਗੁਰਦੁਆਰਾ ਸ਼ਮਸ਼ਾਨ ਭੂਮੀ ਬਣਿਆ ਹੋਇਆ ਸੀ। ਹਰ ਥਾਂ ਲਾਸ਼ਾਂ ਵਿਛੀਆਂ ਹੋਈਆਂ ਸਨ। ਗੁਰਦੁਆਰੇ ਦੇ ਅੰਦਰ 150 ਸਿੰਘ ਸ਼ਹੀਦ ਹੋਏ। ਉਹਨਾਂ ਵਿਚੋਂ 86 ਨਾਂਵਾਂ ਦੀ ਸ਼ਨਾਖ਼ਤ ਹੋਈ। ਜੋ ਸਿੰਘ , ਜਿੰਨਾਂ ਦਾ ਪਿਛਾ ਮਹੰਤ ਵੱਲੋਂ ਕੀਤਾ ਗਿਆ। ਗੁਰਦੁਆਰੇ ਤੋਂ ਬਾਹਰ ਵੀ ਸਿੰਘ ਸ਼ਹੀਦ ਹੋਏ ਸਨ, ਜਿਥੋਂ ਕਿੱਥੇ ਵੀ ਨਨਕਾਣਾ ਸਾਹਿਬ ਦੇ ਕਤਲੇਆਮ ਦੀ ਖ਼ਬਰ ਪਹੁੰਚੀ, ਅਕਾਲੀ ਨਨਕਾਣਾ ਸਾਹਿਬ ਪੁੱਜਣੇ ਸ਼ੁਰੂ ਹੋ ਗਏ। ਫਰਵਰੀ 21, 1921 ਤੱਕ ਸਿੰਘਾਂ ਦੀ ਗਿਣਤੀ 4000 ਹੋ ਗਈ। ਜਿਨ੍ਹਾਂ ਵਿਚ ਬੀਬੀਆਂ ਤੇ ਬਿਰਧ ਵੀ ਸਨ।

ਸਰਦਾਰ ਕਰਤਾਰ ਸਿੰਘ ਝੱਬਰ ਵੀ 2200 ਸਿੰਘਾਂ ਦਾ ਜਥਾ ਲੈ ਕੇ ਪਹੁੰਚੇ। ਝੱਬਰ ਜੀ ਨੇ ਕਿਹਾ ਕਿ ਜਥਾ ਹਰ ਕੀਮਤ ਤੇ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਤਿਆਰ ਹੋ ਕੇ ਆਇਆ ਹੈ। ਜਦ ਜਥਾ ਰੇਲਵੇ ਲਾਇਨ ਕੋਲ ਪੁੱਜਾ ਤਾਂ ਅੰਗਰੇਜ਼ ਅਫ਼ਸਰਾਂ ਵਿਚ ਕਮਿਸ਼ਨਰ ਪੁਲਿਸ, ਫ਼ੌਜੀ ਕਰਨੈਲ , ਕਰਨੈਲ ਅਤੇ ਜ਼ਿਲ੍ਹਾ ਅਧਿਕਾਰੀ ਆਦਿ ਨੇ ਕਿਹਾ ਕਿ ਇੱਕ ਰਾਤ ਦੀ ਮੁਹਲਤ ਦਿਉ, ਸਵੇਰੇ ਚਾਬੀਆਂ ਮਿਲ ਜਾਣਗੀਆਂ, ਜਥੇਦਾਰਾਂ ਨੇ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਮੰਗ ਕੀਤੀ ਕਿ ਚਾਬੀਆਂ ਹੁਣੇ ਚਾਹੀਦੀਆਂ ਹਨ।

(ਬਾਕੀ ਸਫ਼ਾ 30 'ਤੇ)




# ਔਰਤਾਂ ਖ਼ਿਲਾਫ਼ ਹੋ ਰਹੇ ਜੁਰਮਾਂ ’ਚ ਬੇਹਿਸਾਬ ਵਾਧਾ



ਗੁਰਪ੍ਰੀਤ ਅੰਮ੍ਰਿਤਸਰ

ਭਾਰਤੀ ਸਮਾਜ ਔਰਤਾਂ ਲਈ ਨਿਰਦਈ ਸਮਾਜ ਹੈ। ਇੱਥੇ ਕਾਨੂੰਨੀ ਤੌਰ ’ਤੇ ਤਾਂ ਭਾਵੇਂ ਔਰਤਾਂ ਨੂੰ ਕਈ ਹੱਕ ਪ੍ਰਾਪਤ ਹਨ ਪਰ ਹਕੀਕਤ ਵਿੱਚ ਉਨ੍ਹਾਂ ਦੀ ਹਾਲਤ ਦੂਜੇ ਦਰਜੇ ਦੇ ਨਾਗਰਿਕ ਅਤੇ ਮਨੁੱਖਾਂ ਵਾਲੀ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਦੇ ਹਰ ਹਿੱਸੇ ਵਿੱਚ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੋਣ ਪੈਂਦਾ ਹੈ। ਕਦੀ ਇੱਥੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਆਪਣਾ ਜੀਵਨ ਸਾਥੀ ਚੁਣਨ ਲਈ ਅਣਖ ਦੇ ਨਾਮ ’ਤੇ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਕਦੀ ਦਾਜ ਦੇ ਨਾਮ ’ਤੇ ਜਿਊਂਦਾ ਸਾੜ ਦਿੱਤਾ ਜਾਂਦਾ ਹੈ। ਹਰ ਰੋਜ਼ ਔਰਤਾਂ ਨਾਲ ਹੁੰਦੇ ਜਬਰ ਜਨਾਹ ਦੀਆਂ ਖਬਰਾਂ ਨਾਲ ਅਖਬਾਰਾਂ ਭਰੀਆਂ ਰਹਿੰਦੀਆਂ ਹਨ। ਅਜਿਹੇ ਮਾਹੌਲ ’ਚ ਔਰਤਾਂ ਨੂੰ ਭਿਆਨਕ ਮਾਨਸਿਕ ਤਣਾਅ ’ਚ ਜ਼ਿੰਦਗੀ ਕੱਟਣੀ ਪੈਂਦੀ ਹੈ। ਇਹ ਸਿਰਫ਼ ਹਵਾਈ ਗੱਲਾਂ ਨਹੀਂ ਸਗੋਂ ਇਨ੍ਹਾਂ ਨੂੰ ਸਹੀ ਸਿੱਧ ਕਰਦੇ ਤੱਥ ਵੀ ਮੌਜੂਦ ਹਨ।

ਕੁਝ ਚਿਰ ਪਹਿਲਾਂ ਹੀ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਕੌਮੀ ਅਪਰਾਧ ਰਿਕਾਰਡ ਵਿਭਾਗ ਦੀ ਰਿਪੋਰਟ ਮੁਤਾਬਕ ਸਾਲ 2022 ਵਿੱਚ ਔਰਤਾਂ ਖਿਲਾਫ਼ ਕੁੱਲ 4.45 ਲੱਖ ਮਾਮਲੇ ਦਰਜ ਕੀਤੇ ਗਏ ਜੋ 2021 ਅਤੇ 2020 ਨਾਲੋਂ ਵੱਧ ਹਨ। ਇਨ੍ਹਾਂ ਅਪਰਾਧਾਂ ਦੀ ਸੂਚੀ ਵਿੱਚ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਕੀਤੀ ਜਾਂਦੀ ਹਿੰਸਾ ਤੋਂ ਲੈ ਕੇ ਬਲਾਤਕਾਰ, ਛੇੜਖਾਨੀ, ਅਗਵਾ ਕਰਨ ਜਿਹੇ ਅਪਰਾਧ ਸ਼ਾਮਲ ਹਨ। ਇਹ ਵੀ ਸਿਰਫ਼ ਉਹ ਅਪਰਾਧ ਹਨ ਜੋ ਕਿਸੇ ਤਰ੍ਹਾਂ ਨਾਲ ਭਾਰਤ ਦੀ ਨਿਕੰਮੀ ਪੁਲੀਸ ਅਤੇ ਨਿਆਂ ਪ੍ਰਣਾਲੀ ਦੇ ਕੋਲ ਦਰਜ ਕੀਤੇ ਗਏ ਹਨ, ਔਰਤਾਂ ਨਾਲ ਹੁੰਦੇ ਜ਼ਿਆਦਾਤਰ ਅਪਰਾਧ ਤਾਂ ਸਮਾਜ ਦੇ ਸਾਹਮਣੇ ਵੀ ਨਹੀਂ ਆਉਂਦੇ। ਇਹ ਅੰਕੜੇ ਮਨੁੱਖਤਾ ਨੂੰ ਸ਼ਰਮਸਾਰ ਕਰ ਸਕਦੇ ਹਨ ਪਰ ਭਾਰਤ ਦੇਸ਼ ਦੇ ਹਾਕਮ ਅਤੇ ਨੌਕਰਸ਼ਾਹੀ ਬੜੀ ਬੇਸ਼ਰਮੀ ਨਾਲ ਇਨ੍ਹਾਂ ਤੱਥਾਂ ਤੋਂ ਵੀ ਮੂੰਹ ਲੁਕਾਉਣ ਦੇ ਨਿੱਤ ਨਵੇਂ ਬਹਾਨੇ ਘੜਨ ਵਿੱਚ ਮਾਹਿਰ ਹੈ। ਕੌਮੀ ਅਪਰਾਧ ਰਿਕਾਰਡ ਵਿਭਾਗ ਦਾ ਕਹਿਣਾ ਹੈ ਕਿ ਇਨ੍ਹਾਂ ਅੰਕੜਿਆਂ ਵਿੱਚ ਵਾਧੇ ਦਾ ਅਰਥ ਇਹ ਨਹੀਂ ਹੈ ਕਿ ਔਰਤਾਂ ਖ਼ਿਲਾਫ਼ ਹੋਣ ਵਾਲੇ ਜੁਰਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਸਗੋਂ ਇਹ ਹੈ ਕਿ ਦੇਸ਼ ਵਿੱਚ ਅਪਰਾਧ ਦਰਜ ਕਰਨ ਵਾਲੀ ਪ੍ਰਣਾਲੀ ਦੇ ਬਿਹਤਰ ਹੋਣ ਨਾਲ ਇਨ੍ਹਾਂ ਅੰਕੜਿਆਂ ਵਿੱਚ ਵਾਧਾ ਹੋਇਆ ਹੈ। ਇਹੋ ਜਿਹੇ ਨਿਆਂ ਪ੍ਰਬੰਧ ਤੋਂ ਔਰਤਾਂ ਕਿਵੇਂ ਆਪਣੀ ਸੁਰੱਖਿਆ ਤੇ ਇਨਸਾਫ਼ ਦੀ ਉਮੀਦ ਰੱਖ ਸਕਦੀਆਂ ਹਨ ?




ਇਸ ਰਿਪੋਰਟ ਮੁਤਾਬਕ ਦੇਸ਼ ਵਿਚ ਔਰਤਾਂ ਦੇ ਰਹਿਣ ਲਈ ਸਭ ਤੋਂ ਵੱਧ ਭਿਆਨਕ ਹਾਲਤ ਉੱਤਰ ਪ੍ਰਦੇਸ਼ ਦੀ ਹੈ ਜਿੱਥੇ 2022 ਵਿਚ ਔਰਤਾਂ ਖਿਲਾਫ਼ ਹੋਣ ਵਾਲੇ ਜੁਰਮਾਂ ਦੇ 65743 ਮਾਮਲੇ ਦਰਜ ਕੀਤੇ ਗਏ। ਇਸ ਤੋਂ ਬਾਅਦ ਮਹਾਰਾਸ਼ਟਰ 45331, ਰਾਜਸਥਾਨ 45058, ਪੱਛਮੀ ਬੰਗਾਲ 34731 ਅਤੇ ਮੱਧ ਪ੍ਰਦੇਸ਼ 32765 ਮਾਮਲਿਆਂ ਨਾਲ ਇਸ ਸੂਚੀ ਵਿੱਚ ਸ਼ਾਮਲ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਔਰਤਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਦੀ ਸੰਖਿਆ ਕੌਮੀ ਔਸਤ ਤੋਂ ਕਾਫ਼ੀ ਵੱਧ ਹੈ। 2022 ਵਿੱਚ ਦਿੱਲੀ ਵਿੱਚ ਔਰਤਾਂ ਖ਼ਿਲਾਫ਼ ਵੱਖ ਵੱਖ ਤਰ੍ਹਾਂ ਦੇ ਜੁਰਮਾਂ ਦੇ 14247 ਪਰਚੇ ਦਰਜ ਕੀਤੇ ਗਏ। ਅਜਿਹੇ ਮਾਮਲਿਆਂ ਵਿੱਚ ਦਿੱਲੀ ਦੀ ਔਸਤ 144.4 ਹੈ ਜੋ ਦੇਸ਼ ਦੀ ਔਸਤ 66.4 ਤੋਂ ਚੋਖੀ ਵੱਧ ਹੈ। ਸਿਰਫ਼ 2022 ਵਿੱਚ ਹੀ ਦਿੱਲੀ ਵਿੱਚ ਬਲਾਤਕਾਰ ਦੇ 1204 ਪਰਚੇ ਦਰਜ ਹੋਏ ਜੋ ਦੇਸ਼ ਦੇ ਕੁੱਲ ਬਲਾਤਕਾਰ ਨਾਲ ਸਬੰਧਿਤ ਮਾਮਲਿਆਂ ਦਾ 31% ਹੈ ! ਦੇਸ਼ ਦੀ ਰਾਜਧਾਨੀ ਦਾ ਹਾਲ ਇਹ ਹੈ ਕਿ ਇੱਥੇ ਹਰ ਰੋਜ਼ 3 ਔਰਤਾਂ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਇਸ ਤੋਂ ਬਾਅਦ ਦੇਸ਼ ਦੀ ਆਰਥਿਕ ਰਾਜਧਾਨੀ ਕਹੀ ਜਾਣ ਵਾਲੇ ਸ਼ਹਿਰ ਮੁੰਬਈ ਦੇ ਤੱਥ ਵੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਹਨ। ਇਸ ਸ਼ਹਿਰ ਵਿਚ ਔਰਤਾਂ ਵਿਰੁੱਧ ਹਿੰਸਾ ਦੀਆਂ 6176 ਘਟਨਾਵਾਂ ਹੋਈਆਂ। ਇਸ ਰਿਪੋਰਟ ਵਿਚ ਉਨ੍ਹਾਂ ਮਾਮਲਿਆਂ ਦਾ ਹੀ ਜਿ ?ਕਰ ਹੈ ਜੋ ਅਧਿਕਾਰਤ ਤੌਰ ’ਤੇ ਦਰਜ ਕੀਤੇ ਗਏ ਅਤੇ ਸਾਡੇ ਸਾਹਮਣੇ ਆਏ। ਭਾਰਤ ਵਿਚ ਔਰਤਾਂ ਨਾਲ ਹੋਣ ਵਾਲੀਆਂ ਜ਼ਿਆਦਾਤਰ ਜ਼ਿਆਦਤੀਆਂ ਲੁਕੀਆਂ ਰਹਿੰਦੀਆਂ ਹਨ। ਇਹ ਅਪਰਾਧ ਕਰਨ ਵਾਲੇ ਮੁਜਰਮਾਂ ਵਿਚੋਂ ਵਿਰਲੇ-ਟਾਵੇਂ ਨੂੰ ਹੀ ਕਾਨੂੰਨ ਵੱਲੋਂ ਸਜ਼ਾ ਮਿਲਦੀ ਹੈ। ਬਾਕੀ ਬਹੁਤੇ ਮਾਮਲੇ ਸਾਲਾਂ ਬੱਧੀ ਅਦਾਲਤਾਂ ਵਿੱਚ ਲਟਕਦੇ ਹਨ। ਇੱਥੇ ਇੱਕ ਹੋਰ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਇਨ੍ਹਾਂ ਅੰਕੜਿਆਂ ਵਿੱਚ ਵਿਆਹੁਤਾ ਜਬਰ ਜਨਾਹ ਦੇ ਅੰਕੜੇ ਸ਼ਾਮਲ ਨਹੀਂ। ਭਾਰਤੀ ਕਾਨੂੰਨ ਵਿਆਹੁਤਾ ਜਬਰ ਜਨਾਹ ਨੂੰ ਜੁਰਮ ਮੰਨਣ ਤੋਂ ਇਨਕਾਰੀ ਹੈ। ਸੰਵਿਧਾਨ ਦੀ ਧਾਰਾ 375 ਵਿਆਹੁਤਾ ਜਬਰ ਜਨਾਹ ਨੂੰ ਕਾਨੂੰਨੀ ਜੁਰਮ ਦੀ ਸ਼੍ਰੇਣੀ ਤੋਂ ਬਾਹਰ ਰੱਖਦੀ ਹੈ। ਇੱਕ ਸਰਕਾਰੀ ਵਿਭਾਗ ਦੇ ਸਰਵੇਖਣ ਮੁਤਾਬਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ 18-49 ਸਾਲ ਦੀਆਂ 83% ਔਰਤਾਂ ਨੇ ਆਪਣੇ ਮੌਜੂਦਾ ਪਤੀ ਨੂੰ ਇਸ ਦਾ ਦੋਸ਼ੀ ਠਹਿਰਾਇਆ।

(ਬਾਕੀ ਸਫ਼ਾ 31 ’ਤੇ)

# ਖਟਾਸ ਤੇ ਮਿਠਾਸ ਨਾਲ ਭਰਿਆ ਹੁੰਦੈ ਨਨਾਣ-ਭਰਜਾਈ ਦਾ ਰਿਸ਼ਤਾ

ਗਗਨਦੀਪ ਧਾਲੀਵਾਲ

ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜ ਵਿੱਚ ਵਿਚਰਦਿਆਂ ਕਈ ਰਿਸ਼ਤੇ ਨਿਭਾਉਂਦਾ ਹੈ। ਇੱਕ ਔਰਤ ਵੀ ਕਈ ਰੂਪਾਂ ਵਿੱਚ ਰਿਸ਼ਤੇ ਨਿਭਾਉਂਦੀ ਹੈ ਜਿਵੇਂ ਕਿ ਮਾਂ, ਧੀ, ਭੈਣ, ਪਤਨੀ, ਨੂੰਹ, ਸੱਸ, ਨਨਾਣ, ਭਰਜਾਈ ਆਦਿ। ਇਨ੍ਹਾਂ ਰਿਸ਼ਤਿਆਂ ਵਿੱਚੋਂ ਇੱਕ ਅਨੋਖਾ ਰਿਸ਼ਤਾ ਨਨਾਣ-ਭਰਜਾਈ ਦਾ ਹੁੰਦਾ ਹੈ ਜੋ ਕਿ ਅਪਣੱਤ, ਪਿਆਰ, ਖਟਿਆਸ, ਮਠਿਆਸ ਨਾਲ ਭਰਿਆ ਹੁੰਦਾ ਹੈ। ਪਤੀ ਦੀ ਭੈਣ ਨੂੰ ਨਣਾਨ ਆਖਿਆ ਜਾਂਦਾ ਹੈ। ਜਦੋਂ ਨਵੀਂ ਵਿਆਹੀ ਕੁੜੀ ਸਹੁਰੇ ਘਰ ਆਉਂਦੀ ਹੈ ਤਾਂ ਉਸਨੂੰ ਕਈ ਰਿਸ਼ਤੇ ਨਿਭਾਉਣੇ ਪੈਂਦੇ ਹਨ। ਉਹ ਇੱਕ ਰਿਸ਼ਤਾ ਨਨਾਣ-ਭਰਜਾਈ ਦਾ ਵੀ ਨਿਭਾਉਂਦੀ ਹੈ।

ਨਣਾਨ ਨੂੰ ਮਲਵਈ ਬੋਲੀ ਵਿੱਚ ‘ਨਣਦ’ ਵੀ ਕਿਹਾ ਜਾਂਦਾ ਹੈ। ਦੇਖਣ ਵਿੱਚ ਆਉਦਾ ਹੈ ਕਿ ਕਈ ਵਾਰ ਕੁੜੀ ਦੇ ਸਹੁਰੇ ਘਰ ਆਉਣ ਤੋਂ ਪਹਿਲਾਂ ਹੀ ਨਣਾਨ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਵਿਆਹੀਆਂ ਹੋਈਆਂ ਨਣਾਨਾਂ ਦਾ ਭਰਜਾਈ ਨਾਲ ਮੇਲ-ਮਿਲਾਪ ਬਹੁਤ ਘੱਟ ਹੁੰਦਾ ਹੈ ਸਗੋਂ ਖਾਸ ਪ੍ਰੋਗਰਾਮ ਦੇ ਮੌਕੇ ’ਤੇ ਹੀ ਹੁੰਦਾ ਹੈ। ਅੱਜ-ਕੱਲ੍ਹ ਹਰ ਘਰ ਦੀ ਲੜਕੀ ਪੜ੍ਹੀ-ਲਿਖੀ ਹੋਣ ਕਰਕੇ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਆਪਣੀ ਭਰਜਾਈ ਲਈ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ। ਜਾਂ ਕਈ ਵਾਰ ਭਰਜਾਈ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਸਿਰਫ ਐਤਵਾਰ ਦਾ ਦਿਨ ਹੀ ਹੁੰਦਾ ਹੈ ਰਿਸ਼ਤੇਦਾਰਾਂ ਨੂੰ ਮਿਲਣ ਦਾ। ਭਰਜਾਈ ਕਈ ਵਾਰ ਵੱਡੀ ਹੁੰਦੀ ਹੈ ਜੋ ਮਾਂ ਸਮਾਨ ਹੁੰਦੀ ਹੈ ਜੋ ਕਿ ਬਹੁਤ ਖਿਆਲ ਰੱਖਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ:-



ਜੱਗ ਜਿਊਣ ਵੱਡੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ।

ਕਈ ਵਾਰ ਨਣਾਨ ਛੋਟੀ ਹੋਣ ਕਾਰਨ ਕੁਆਰੀ ਹੁੰਦੀ ਹੈ। ਅਕਸਰ ਹੀ ਕੁਆਰੀ ਨਣਾਨ ਤੇ ਭਾਬੀ ਇੱਕੋ ਉਮਰ-ਹਾਣ ਦੀਆਂ ਹੀ ਹੁੰਦੀਆਂ ਹਨ। ਭਾਬੀ ਦੇ ਆ ਜਾਣ ’ਤੇ ਰਿਸ਼ਤੇ ਵਿੱਚ ਖਟਿਆਸ ਵੀ ਆ ਜਾਂਦੀ ਹੈ। ਕਈ ਵਾਰ ਨਣਾਨ ਭਰਜਾਈ ਦੇ ਹਰ ਕੰਮ ਵਿੱਚ ਟੋਕਾ-ਟਾਕੀ ਕਰਦੀ ਹੈ ਭਰਜਾਈ ਨੂੰ ਪਸੰਦ ਹੀ ਨਹੀਂ ਕਰਦੀ। ਨਣਾਨ ਤੇ ਭਰਜਾਈ ਦਾ ਰਿਸ਼ਤਾ ਕਦੇ ਪਿਆਰ ਭਰਿਆ ਕਦੇ ਕੁੜੱਤਣ ਵਿੱਚ ਦੇਖਿਆ ਜਾ ਸਕਦਾ ਹੈ। ਕਈ ਵਾਰੀ ਤਾਂ ਨਣਾਨ ਆਪਣੇ ਭਰਾ ਨੂੰ ਭਾਬੀ ਖ਼ਿਲਾਫ਼ ਚੁੱਕ ਦਿੰਦੀ ਹੈ ਤੇ ਉਹ ਲੜਾਈ-ਝਗੜਾ ਕਰਦਾ ਹੈ।

ਇਸਦੇ ਉਲਟ ਜੇਕਰ ਸੁਭਾਵਿਕ ਹੀ ਉਸ ਦਾ ਆਪਣੇ ਪਤੀ ਨਾਲ ਕਿਸੇ ਗੱਲ ਤੋਂ ਝਗੜਾ ਹੋ ਜਾਵੇ ਤਾਂ ਉਹ ਸਮਝਦੀ ਹੈ ਕਿ ਜਰੂਰ ਨਣਾਨ ਨੇ ਲੂਤੀ ਲਾਈ ਹੈ।

ਨਨਾਣੇ ਪੁਆੜੇ ਹੱਥੀਏ, ਰਾਤੀਂ ਤੂੰ ਮੈਨੂੰ ਮਾਰ ਪਵਾਈ

ਜੇਕਰ ਨਣਾਨ-ਭਰਜਾਈ ਵਿੱਚ ਆਪਸੀ ਪਿਆਰ ਹੋਵੇ ਤਾਂ ਇਸ ਰਿਸ਼ਤੇ ਦੀ ਕੋਈ ਥਾਂ ਨਹੀਂ ਲੈ ਸਕਦਾ।

ਭਾਬੀ ਤੇਰੇ ਰੰਗ ਵਰਗਾ,
ਮੈਨੂੰ ਬੇਰੀ ਹੇਠੋਂ ਬੇਰ ਥਿਆਇਆ

ਪਰ ਕਈ ਵਾਰ ਇਹ ਰਿਸ਼ਤਾ ਨਫਰਤ ਦਾ ਰੂਪ ਧਾਰ ਲੈਂਦਾ ਹੈ ਜਿਸ ਨਾਲ ਘਰ ਵਿੱਚ ਕਲੇਸ ਬਣਿਆ ਰਹਿੰਦਾ ਹੈ। ਰਿਸ਼ਤੇ ਵਿੱਚ ਫਿੱਕ ਪੈ ਜਾਂਦੀ ਹੈ। ਜਿੱਥੇ ਨਣਾਨ-ਭਰਜਾਈ ਆਪਸ ਵਿੱਚ ਸਹੇਲੀਆਂ ਭੈਣਾਂ ਵਾਂਗ ਰਹਿੰਦੀਆਂ ਹਨ ਉਸ ਘਰ ਵਿੱਚ ਪਿਆਰ ਦੇ ਫੁੱਲ ਮਹਿਕਦੇ ਹਨ। ਜਿਸ ਘਰ ਵਿੱਚ ਰਿਸ਼ਤਾ ਤਣਾਅਪੂਰਨ ਰਹਿੰਦਾ ਹੈ ਉੱਥੇ ਘਰ ਨਰਕ ਵਾਂਗ ਜਾਪਦੇ ਹਨ। ਨਣਾਨ-ਭਰਜਾਈ ਦੇ ਰਿਸ਼ਤੇ ਨੂੰ ਲੈ ਕੇ ਬੋਲੀਆਂ ਵੀ ਘੜੀਆਂ ਜਾਂਦੀਆਂ ਹਨ:-

ਉੱਚੇ ਟਿੱਬੇ ਮੈਂ ਤਾਣਾ ਤਣਦੀ,
ਉੱਤੋਂ ਦੀ ਲੰਘ ਗਈ ਵੱਛੀ,
ਨਣਾਨੇ ਮੋਰਨੀਏ ਘਰ ਜਾ ਕੇ ਨਾ ਦੱਸੀ,
ਨਣਾਨੇ

ਨਣਾਨ ਤੇ ਭਰਜਾਈ ਦਾ ਰਿਸ਼ਤਾ ਸਹੇਲੀ ਤੇ ਭੈਣ ਵਰਗਾ ਹੁੰਦਾ ਹੈ ਭਰਜਾਈ ਆਪਣੇ ਦਿਲ ਦੀਆਂ ਗੱਲਾਂ ਦੱਸਦੀ ਹੈ:-

ਇੱਕ ਤਾਂ ਨਣਦੇ ਤੂੰ ਨੀ ਪਿਆਰੀ,
ਦੂਜਾ ਪਿਆਰਾ ਤੇਰਾ ਵੀਰ,
ਨੀ ਜਦ ਰੋਂਦਾ ਨਣਦੇ,
ਅੱਖਾਂ ’ਚੋਂ ਵਗਦਾ ਨੀਰ,
ਨੀ ਜਦ .

ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਜਿੱਥੇ ਨਣਾਨ ਦੀ ਮੁਖਤਿਆਰੀ ਹੁੰਦੀ ਹੈ। ਉੱਥੇ ਅਕਸਰ ਹੀ ਘਰ ਬਰਬਾਦ ਹੋ ਜਾਂਦੇ ਹਨ। ਉਹ ਹਮੇਸ਼ਾ ਹੀ ਭਰਜਾਈ ਨੂੰ ਨੀਵਾਂ ਦਿਖਾਉਣ ਵਿੱਚ ਲੱਗੀ ਰਹਿੰਦੀ ਹੈ।

ਸੱਸ ਦਾ ਵੀ ਫਰਜ ਬਣਦਾ ਹੈ ਕਿ ਆਪਣੇ ਬਾਬਲ ਦਾ ਘਰ ਛੱਡ ਕੇ ਆਈ ਨੂੰਹ ਨੂੰ ਆਪਣੀ ਧੀ ਬਣਾਵੇ ਤੇ ਘਰ ਦੀ ਜਿੰਮੇਵਾਰੀ ਸੌਂਪੇ। ਤਾਂ ਜੋ ਆਪਸੀ ਸਾਂਝ-ਪਿਆਰ ਬਣਿਆ ਰਹੇ। ਨਣਾਨ-ਭਰਜਾਈ ਦੇ ਰਿਸ਼ਤੇ ਦੀ ਖਾਸੀਅਤ ਇਹ ਵੀ ਹੈ ਕਿ ਨਣਾਨ ਕਈ ਵਾਰ ਭਰਜਾਈ ਦੀ ਹਿਮਾਇਤ ਵੀ ਕਰਦੀ ਹੈ। ਆਪਣੀ ਮਾਂ ਨੂੰ ਸਮਝਾਉਂਦੀ ਹੈ ਕਿ ਉਹ ਵੀ ਇਸ ਘਰ ਦੀ ਧੀ ਹੈ। ਨਣਾਨ-ਭਰਜਾਈ ਦਾ ਰਿਸ਼ਤਾ ਦੋਸਤੀ ਦਾ ਵੀ ਹੁੰਦਾ ਹੈ ਜੋ ਹਰ ਗੱਲ ਇੱਕ-ਦੂਜੇ ਨੂੰ ਦੱਸਦੀਆਂ ਹਨ।



ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਨਣਾਨ ਨੇ ਹਮੇਸ਼ਾ ਭਰਜਾਈ ਦੇ ਮੱਥੇ ਲੱਗਣਾ ਹੁੰਦਾ ਹੈ ਸੋ ਨਣਾਨ ਨੂੰ ਵੀ ਚਾਹੀਦਾ ਹੈ ਕਿ ਉਹ ਪਿਆਰ ਨਾਲ ਰਿਸ਼ਤਾ ਨਿਭਾਵੇ। ਦੇਖਣ ਵਿੱਚ ਆਉਦਾ ਹੈ ਕਿ ਕਈ ਵਾਰ ਕੁੜੀ ਸਹੁਰੇ ਘਰ ਆਉਣ ਸਾਰ ਅੱਡ ਹੋ ਜਾਂਦੀ ਹੈ ਨਿੱਕੀ-ਨਿੱਕੀ ਗੱਲ ’ਤੇ ਨਣਾਨ ਨਾਲ ਖਾਰ ਖਾਂਦੀ ਹੈ। ਜੇਕਰ ਭਰਜਾਈ ਨਣਾਨ ਨੂੰ ਆਪਣੀ ਸਹੇਲੀ ਜਾਂ ਭੈਣ ਬਣਾ ਲਵੇ ਤਾਂ ਰਿਸ਼ਤਾ ਉਮਰਾਂ ਤੀਕ ਨਿਭ ਜਾਵੇਗਾ। ਸੋ ਦੋਵਾਂ ਦਾ ਫਰਜ਼ ਬਣਦਾ ਹੈ ਕਿ ਇਹ ਰਿਸ਼ਤਾ ਦਿਲੋਂ ਪਿਆਰ-ਸਤਿਕਾਰ ਨਾਲ ਨਿਭਾਇਆ ਜਾਵੇ। ਜੇਕਰ ਇੱਕ-ਦੂਜੇ ਦੀ ਕਦਰ ਕੀਤੀ ਜਾਵੇ ਤਾਂ ਹੀ ਰਿਸ਼ਤਾ ਚਿਰ-ਸਥਾਈ ਨਿਭ ਸਕਦਾ ਹੈ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

ਗੁਲਜ਼ਾਰ ਸਿੰਘ ਸੰਧੂ

# ਤਵਿਆਂ ਦਾ ਮੁਤਬੰਨਾ

ਮੋਰਾਂਵਾਲੀਆ ਸਤਵੰਤ ਵੀ ਇਸੇ ਤਰ੍ਹਾਂ ਵਲਾਇਤ ਗਿਆ ਸੀ। ਉਸ ਦੇ ਮਾਪਿਆਂ ਨੇ ਕਿਰਾਇਆ ਭਰਨ ਸਮੇਂ ਆਪਣੀ ਸਾਰੀ ਜੱਦੀ ਜ਼ਮੀਨ ਗਹਿਣੇ ਧਰ ਦਿੱਤੀ ਸੀ। ਜ਼ਮੀਨ ਦਾ ਕੀ ਸੀ ਸਤਵੰਤ ਦੀ ਦੋ ਮਹੀਨਿਆਂ ਦੀ ਕਮਾਈ ਨਾਲ ਛੁਡਵਾਈ ਜਾ ਸਕਦੀ ਸੀ।

ਸਤਵੰਤ ਹੈ ਵੀ ਕਿਸਮਤ ਵਾਲਾ ਸੀ। ਉਸ ਨੂੰ ਬਰਮਿੰਘਮ ਦੇ ਵਿਸ਼ਵ ਵਿਦਿਆਲੇ ਵਿੱਚ ਅਧਿਆਪਕ ਦੀ ਨੌਕਰੀ ਮਿਲ ਗਈ ਸੀ। ਵਿਹਲੇ ਸਮੇਂ ਦੀ ਵਰਤੋਂ ਲਈ ਉਸ ਨੇ ਪੰਜਾਬੀ ਸਕੂਲ ਖੋਲ੍ਹ ਰੱਖਿਆ ਸੀ ਜਿਸ ਦੇ ਕਾਰਨ ਉਸ ਦੀ ਬਰਮਿੰਘਮ ਵਿੱਚ ਬੜੀ ਇੱਜ਼ਤ ਸੀ। ਉਸ ਦੇ ਪਿਉ ਸੰਤਾ ਸਿੰਘ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਉਸਦਾ ਪੁੱਤਰ ਵਿਦੇਸ਼ ਵਿੱਚ ਇੱਜ਼ਤ ਬਣਾਈ ਬੈਠਾ ਸੀ। ਪਰ ਉਸ ਨੂੰ ਇਹ ਦੁੱਖ ਸੀ ਕਿ ਉਹ ਲੋਕਾਂ ਜਿੰਨੇ ਪੈਸੇ ਨਹੀਂ ਸੀ ਕਮਾਅ ਸਕਦਾ ਤੇ ਏਧਰ ਓਧਰ ਰੁੱਝਾ ਰਹਿਣ ਕਾਰਨ ਵਿਆਹ ਦਾ ਵੀ ਨਾਂ ਨਹੀਂ ਸੀ ਲੈਂਦਾ। ਜੇ ਸੰਤਾ ਸਿਹੁੰ ਦੇ ਦੂਜਾ ਪੁੱਤਰ ਹੁੰਦਾ ਤਾਂ ਉਸੇ ਨੂੰ ਵਿਆਹ ਲੈਂਦਾ। ਉਸ ਦੀ ਔਲਾਦ ਹੁੰਦੀ, ਕੁੱਲ ਦਾ ਨਾਂ ਜਾਰੀ ਰਹਿੰਦਾ। ਸੰਤਾ ਸਿੰਘ ਦਾ ਜੋਟੀਦਾਰ ਬੂਟਾ ਸਿੰਘ, ਜਿਸ ਨੂੰ ਪਿੰਡ ਵਿੱਚ ਸਭ ਤੋਂ ਵੱਡਾ ਹੋਣ ਕਾਰਨ ਬਾਬਾ ਕਹਿੰਦੇ ਸਨ, ਇਸ ਸੋਚਣੀ ਨਾਲ ਸਹਿਮਤ ਹੈ ਵੀ ਸੀ ਤੇ ਨਹੀਂ ਵੀ। ਜੱਸ ਤਾਂ ਔਲਾਦ ਦੇ ਝਮੇਲਿਆਂ ਤੋਂ ਬਿਨਾ ਵੀ ਖੱਟਿਆ ਜਾ ਸਕਦਾ ਸੀ। ਉਸ ਨੂੰ ਇਸ ਗੱਲ ਦੀ ਬੜੀ ਖੁਸ਼ੀ ਸੀ ਕਿ ਸਤਵੰਤ ਪਰਾਏ ਦੇਸ਼ ਵਿੱਚ ਇੱਜ਼ਤ ਨਾਲ ਰਹਿ ਰਿਹਾ ਸੀ, ਫੇਰ ਵੀ ਉਹ ਆਪਣੀ ਰਾਇ ਸੰਤਾ ਸਿੰਘ ਦੇ ਨਾਲ ਹੀ ਰੱਖਦਾ।

ਸੰਤਾ ਸਿਹਾਂ ਤੇਰਾ ਮੁੰਡਾ ਨਿਰਾ ਸਾਧੂ ਐ। ਬਾਬੇ ਨੇ ਪਹਿਲੀ ਵਾਰ ਵਲਾਇਤੋਂ ਆਏ ਸਤਵੰਤ ਨੂੰ ਸੁਣਾਅ ਕੇ ਉਸ ਦੇ ਪਿਉ ਨੂੰ ਕਿਹਾ ਸੀ। ਗੁਣ ਬਿਨਾ ਬਿਗਾਨੇ ਪੁੱਤਰ ਕਾਹਨੂੰ ਕਿਸੇ ਦੀ ਕਦਰ ਕਦੇ ਹਨ, ਉਸ ਨੇ ਦਲੀਲ ਦਿੱਤੀ ਸੀ। ਫੇਰ ਉਹ ਸਤਵੰਤ ਨਾਲ ਵਲੈਤ ਦੀਆਂ ਗੱਲਾਂ ਕਰਦਾ ਰਿਹਾ- ਪੌਣ ਪਾਣੀ ਦੀਆਂ, ਕਮਾਈ ਦੀਆਂ, ਮੇਮਾਂ ਦੀਆਂ।

ਬਾਬੇ ਬੂਟਾ ਸਿੰਘ ਨੂੰ ਮਿਲ ਕੇ ਸਤਵੰਤ ਨੂੰ ਉਚੇਚੀ ਖੁਸ਼ੀ ਹੁੰਦੀ। ਬਾਬੇ ਦੇ ਪ੍ਰਸ਼ਨਾਂ ਵਿੱਚ ਬਾਹਰਲੀ ਸਭਿਅਤਾ ਤੇ ਬਾਹਰਲੇ ਲੋਕਾਂ ਬਾਰੇ ਜਾਣਕਾਰੀ ਦੀ ਭੁੱਖ ਤਾਂ ਹੁੰਦੀ, ਪਰ ਈਰਖਾ ਨਹੀਂ। ਇਹ ਗੱਲ ਮੋਰਾਂਵਾਲੀ ਦੇ ਬਾਕੀ ਲੋਕਾਂ ਨਾਲੋਂ ਹੀ ਨਹੀਂ ਸਗੋਂ ਸਤਵੰਤ ਦੇ ਹੋਰ ਰਿਸ਼ਤੇਦਾਰਾਂ ਨਾਲੋਂ ਵੀ ਵੱਖਰੀ ਸੀ। ਨਹੀਂ ਤਾਂ ਸਤਵੰਤ ਜਿੱਥੇ ਵੀ ਜਾਂਦਾ ਉਸ ਦੇ ਚਾਚੇ, ਤਾਏ, ਮਾਮੇ, ਮਾਸੀਆਂ ਉਸ ਦੀ ਆਮਦਨ ਦਾ ਟਾਕਰਾ ਕਿਸੇ ਹੋਰ ਦੀ ਆਮਦਨ ਨਾਲ ਕਰ ਕੇ ਤਰਸ ਈਰਖਾ ਜਤਾਉਣ ਲੱਗ ਜਾਂਦੇ। ਇੱਕ ਬਾਬਾ ਬੂਟਾ ਸਿੰਘ ਸੀ ਜਿਸ ਨੂੰ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਸੀ। ਉਹ ਕੇਵਲ ਖੁਸ਼ੀ ਦੇਣ ਦਾ ਚਾਹਵਾਨ ਸੀ ਜਾਂ ਖੁਸ਼ੀ ਲੈਣ ਦਾ।

ਇੱਕ ਵਾਰ ਨਹੀਂ, ਹਰ ਵਾਰ ਇਸੇ ਤਰ੍ਹਾਂ ਹੋਇਆ ਸੀ। ਜੇ ਪਹਿਲੀ ਵਾਰੀ ਸਤਵੰਤ ਦੇ ਪਿੰਡ ਆਉਣ ਤੇ ਬਾਬੇ ਨੇ ਸਤਵੰਤ ਦੀ ਬਾਹਰਲੇ ਦੇਸ਼ਾਂ ਵਿੱਚ ਇੱਜ਼ਤ ਦੀ ਗੱਲ ਕੀਤੀ ਸੀ ਤਾਂ ਦੂਜੀ ਵਾਰੀ ਉਸ ਦੇ ਮੇਮ ਵਿਆਹ ਲਿਆਉਣ ਉੱਤੇ ਮੇਮ ਦੀ ਖੁਸ਼ੀ ਦੀ। ਜਿਵੇਂ ਸਤਵੰਤ ਨੇ ਮੇਮ ਨੂੰ ਵਿਆਹ ਕੇ ਅੰਗਰੇਜ਼ਾਂ ਦੀ ਆਪਣੇ ਉੱਤੇ ਸੌ ਵਰ੍ਹਿਆਂ ਦੀ ਹਕੂਮਤ ਦਾ ਬਦਲਾ ਲੈ ਲਿਆ ਹੋਵੇ। ਪਿਛਲੇ ਜਨਮ ਵਿੱਚ ਸੁੱਚੇ ਮੋਤੀ ਪੁੰਨ ਕੀਤੇ ਨੇ ਸਤਵੰਤ ਸਿਹਾਂ ਤੈਂ, ਬਾਬੇ ਨੇ ਮੇਮ ਵਿਆਹ ਲਿਆਉਣ ਦਾ ਤੱਤ ਕੱਢਿਆ ਸੀ।

ਅਗਲੀ ਵਾਰ ਸਤਵੰਤ ਪਿੰਡ ਗਿਆ ਤਾਂ ਉਸ ਨੂੰ ਜ਼ਮੀਨ ਖਰੀਦਣ, ਉਸ ਵਿੱਚ ਟਿਊਬਵੈੱਲ ਲਾਉਣ ਅਤੇ ਵੱਧ ਉਪਜ ਦੇਣ ਵਾਲੂ ਮਧਰੀ ਕਣਕ ਬੀਜਣ ਦਾ ਏਨਾ ਕੰਮ ਸੀ ਕਿ ਉਹ ਨਾ ਕਿਸੇ ਰਿਸ਼ਤੇਦਾਰ ਨੂੰ ਮਿਲਿਆ ਤੇ ਨਾ ਪਿੰਡ ਦੇ ਉਨ੍ਹਾਂ ਲੋਕਾਂ ਨੂੰ ਜਿਹੜੇ ਉਸ ਨੂੰ ਆਪ ਮਿਲਣ ਨਹੀਂ ਸਨ ਆਏ। ਬਾਬਾ ਬੂਟਾ ਸਿੰਘ ਆਪਣੇ ਬੋਤੇ ਲਈ ਪਿੱਪਲ ਦੇ ਪੱਤੇ ਵੱਢਦਿਆਂ, ਪਿੱਪਲ ਤੋਂ ਡਿੱਗ ਕੇ ਚੂਲਾ ਹਿਲਾਅ ਬੈਠਾ ਸੀ ਜਿਸ ਦੇ ਕਾਰਨ ਉਹ ਤੁਰਨ ਫਿਰਨ ਤੋਂ ਅਸਮਰਥ ਸੀ। ਸੰਤਾ ਸਿਹੁੰ ਦੇ ਮੁੰਡੇ ਨੇ ਜਿਹੜੀ ਮਧਰੀ ਕਣਕ ਦਾ ਬੀਜ ਬੀਜਿਐ ਉਹ ਕਿੰਨਾ ਕੁ ਝਾੜ ਦੇ ਦਿੰਦੈ? ਇਹ ਅਤੇ ਏਸ ਤਰ੍ਹਾਂ ਦੇ ਅਨੇਕ ਪ੍ਰਸ਼ਨ ਆਪਣੇ ਮਨ ਵਿੱਚ ਲੈ ਬਾਬਾ ਬਾਹਰਲੇ ਵਾੜੇ ਵਿੱਚ ਬੈਠਾ ਰੱਬ ਦੇ ਨਾਂ ਦੀ ਮਾਲਾ ਫੇਰਦਾ ਰਹਿੰਦਾ। ਓਹਨਾਂ ਦਾ ਵਾੜਾ ਵੀ ਪਿੰਡ ਦੇ ਓਸ ਪਾਸੇ ਸੀ ਜਿੱਧਰ ਨਾ ਭੱਠੀ, ਖੂਹ, ਦਰਵਾਜ਼ੇ ਲਈ ਲਾਂਘਾ ਸੀ ਤੇ ਨਾ ਫਿਰਨੀ ਜਾਂ ਸਕੂਲ ਲਈ।



ਸਤਵੰਤ ਐਤਕੀਂ ਬਹੂ ਨਹੀਂ ਲੈ ਕੇ ਆਇਆ? ਇੱਕ ਦਿਨ ਉਸ ਨੇ ਸੁਹਾਗਾ ਮੰਗਣ ਆਏ ਸੰਤਾ ਸਿੰਘ ਨੂੰ ਪੁੱਛਿਆ।

ਕਹਿੰਦਾ ਏ ਉਸ ਨੂੰ ਛੁੱਟੀਆਂ ਨਹੀਂ ਸਨ, ਨਾਲੇ ਵਲਾਇਤੋਂ ਆਉਣ ਜਾਣ ਦਾ ਕਿਰਾਇਆ ਕਿਹੜਾ ਥੋੜ੍ਹਾ ਏ, ਪੂਰੇ ਪੰਜ ਹਜ਼ਾਰ ਲੱਗ ਜਾਂਦੇ ਨੇ। ਸੰਤਾ ਸਿੰਘ ਨੇ ਉੱਤਰ ਦਿੱਤਾ।

ਕੋਈ ਨਿਆਣਾ ਨਿੱਕਾ? ਬਾਬੇ ਨੇ ਅਗਲਾ ਪਰਸ਼ਨ ਕੀਤਾ।

ਨਿਆਣੇ ਨਿੱਕੇ ਵੱਲੋਂ ਹਾਲੇ ਤਾਈਂ ਤਾਂ ਚੁੱਪ ਈ ਐ, ਅੱਗੋਂ ਪਰਮਾਤਮਾ ਦੇ ਘਰ ਦਾ ਕੋਈ ਪਤਾ ਨਹੀਂ। ਸੰਤਾ ਸਿੰਘ ਸੁਹਾਗਾ ਚੁੱਕ ਕੇ ਇਓਂ ਖਿਸਕ ਗਿਆ ਜਿਵੇਂ ਕੋਈ ਚੋਰ ਖਿਸਕਦਾ ਹੈ।

ਵਲਾਇਤ ਨੂੰ ਮੁੜਨ ਤੋਂ ਇੱਕ ਦਿਨ ਪਹਿਲਾਂ ਸਤਵੰਤ ਬਾਬੇ ਨੂੰ ਮਿਲਣ ਗਿਆ। ਸਮਾਂ ਏਨਾ ਥੋੜ੍ਹਾ ਸੀ ਕਿ ਨਾ ਬਾਬੇ ਬੂਟਾ ਸਿੰਘ ਦਾ ਹੀ ਚਾਅ ਪੂਰਾ ਹੋਇਆ ਸੀ ਤੇ ਨਾ ਸਤਵੰਤ ਦਾ। ਬਾਬੇ ਦੀ ਜ਼ਿੰਦਗੀ ਦਾ ਕੀ ਭਰੋਸਾ ਸੀ। ਸਤਵੰਤ ਨੇ ਹੁਣ ਪਤਾ ਨਹੀਂ ਕਦੋਂ ਆਉਣਾ ਸੀ।

ਸਤਵੰਤ ਥੋੜ੍ਹੇ ਦਿਨਾਂ ਲਈ ਫੇਰ ਆ ਗਿਆ। ਹੁਣ ਉਸ ਦਾ ਇੰਗਲੈਂਡ ਤੋਂ ਮਨ ਭਰ ਗਿਆ ਸੀ, ਜਿੱਥੇ ਭਾਰਤੀਆਂ ਤੇ ਕਾਲੇ ਲੋਕਾਂ ਲਈ ਨਫ਼ਰਤ ਬਹੁਤ ਵਧ ਗਈ ਸੀ। ਭਾਰਤੀਆਂ ਨੇ ਦਿਨ ਰਾਤ ਕੰਮ ਕਰ ਕੇ ਉੱਥੋਂ ਦੇ ਵਸਨੀਕਾਂ ਲਈ ਮਜ਼ਦੂਰੀ ਦੇ ਰਸਤੇ ਬੰਦ ਕਰ ਦਿੱਤੇ ਸਨ। ਉਹ ਏਨੇ ਪੈਸੇ ਕਮਾਅ ਲੈਂਦੇ ਸਨ ਕਿ ਆਪਣੇ ਨਾਲ ਕੰਮ ਕਰਨ ਵਾਲੇ ਅੰਗ੍ਰੇਜ਼ ਮਜ਼ਦੂਰਾਂ ਨੂੰ ਮੁੱਲ ਲੈ ਸਕਦੇ ਸਨ। ਇਹਨਾਂ ਲਈ ਉਹਨਾਂ ਦੀ ਘਿਰਣਾ ਕੁਦਰਤੀ ਵੀ ਸੀ ਤੇ ਜਾਇਜ਼ ਵੀ। ਸਤਵੰਤ ਨੇ ਸੋਚਿਆ ਕਿ ਹੁਣ ਉਹ ਆਪਣੇ ਦੇਸ਼ ਹੀ ਕਿਸੇ ਕੰਮ ਦਾ ਪ੍ਰਬੰਧ ਕਰੇਗਾ। ਇੰਗਲੈਂਡ ਵਿੱਚ ਰਹਿੰਦੇ ਪੰਜਾਬੀਆਂ ਬਾਰੇ ਉਸ ਦੀ ਜਲੰਧਰ ਰੇਡੀਓ ਦੇ ਸਟੇਸ਼ਨ ਡਾਇਰੈਕਟਰ ਨਾਲ ਵੀ ਗੱਲ ਹੋਈ ਜਿਸ ਬਾਰੇ ਉਸ ਨੂੰ ਰੇਡੀਓ ਤੇ ਬੋਲਣ ਦਾ ਮੌਕਾ ਮਿਲਿਆ।

ਐਤਕੀਂ ਸਤਵੰਤ ਦਾ ਬਹੁਤਾ ਸਮਾਂ ਦਿੱਲੀ, ਪਟਿਆਲਾ, ਚੰਡੀਗੜ੍ਹ, ਜਲੰਧਰ ਤੇ ਅਮ੍ਰਿੰਤਸਰ ਘੁੰਮਦਿਆਂ ਹੀ ਲੰਘ ਗਿਆ। ਬਾਬੇ ਬੂਟਾ ਸਿੰਘ ਨਾਲ ਖੁੱਲ੍ਹੀ ਮੁਲਾਕਾਤ ਦਾ ਫੇਰ ਕੋਈ ਢੰਗ ਨਾ ਲੱਗਿਆ। ਕਿਸੇ ਦਿਨ ਜ਼ਰਾ ਵੇਲੇ ਸਿਰ ਘਰ ਪਹੁੰਚ ਕੇ ਆਪਣੇ ਬਾਬੇ ਨੂੰ ਹੀ ਮਿਲ ਆਉਂਦਾ,ਉਸ ਦੇ ਪਿਉ ਨੇ ਇੱਕ ਦਿਨ ਰਾਤ ਦੀ ਰੋਟੀ ਖਾਂਦੇ ਨੂੰ ਕਿਹਾ, ਕਈ ਵਾਰੀ ਚੇਤੇ ਕਰ ਚੁੱਕਾ ਏ ਵਿਚਾਰਾ? ਸੰਤ ਸਿੰਘ ਦੇ ਕਹਿਣ ਵਿੱਚ ਹਿਰਖ ਸੀ। ਇਹ ਹਿਰਖ ਸਿਰਫ਼ ਬਾਬੇ ਵੱਲੋਂ ਹੀ ਨਹੀਂ ਉਸ ਦੇ ਆਪਣੇ ਵੱਲੋਂ ਵੀ ਸੀ। ਜਿਸ ਦਿਨ ਦਾ ਆਇਆ ਸੀ, ਇਕ ਦਿਨ ਵੀ ਮਾਂ ਪਿਉ ਕੋਲ ਚੈਨ ਨਾਲ ਨਹੀਂ ਸੀ ਬੈਠਿਆ।

ਐਤਕੀਂ ਤਾਂ ਬੜੀ ਹੀ ਰੂਹ ਕਰਦੀ ਸੀ ਤੈਨੂੰ ਮਿਲਣ ਲਈ ਸਤਵੰਤ ਸਿਆਂ, ਬਾਬੇ ਨੇ ਸਤਵੰਤ ਨੂੰ ਮੰਜੀ ਉੱਤੇ ਬਿਠਾਉਂਦਿਆਂ ਕਿਹਾ, ਹੁਣ ਤਾਂ ਦਮਾਂ ਦਾ ਵੀ ਭਰੋਸਾ ਨਹੀਂ। ਹੋਰ ਸੁਣਾਅ ਬਹੂ ਦਾ ਕੀ ਹਾਲ ਐ, ਕੋਈ ਨਿਆਣਾ ਨਿੱਕਾ?

ਬਹੂ ਤਕੜੀ ਐ, ਬਾਬਾ। ਨਿਆਣਾ ਨਿੱਕਾ ਕੋਈ ਹੈ ਈ ਨਹੀਂ। ਸਭ ਠੀਕ ਹੀ ਠੀਕ ਐ। ਤੂੰ ਦੱਸ ਸਰਦੀਆਂ 'ਚ ਚੂਲਾ ਦਰਦ ਤਾਂ ਨਹੀਂ ਕਰਦਾ? ਜੇ ਬਹੁਤੀ ਦਰਦ ਹੁੰਦੀ ਹੋਵੇ ਤਾਂ ਮਲ੍ਹਮ ਲਾਉਣ ਨਾਲ ਰਾਤ ਲੰਘ ਜਾਂਦੀ ਐ, ਮੈਂ ਜਲੰਧਰੋਂ ਫੜ ਲਿਆਵਾਂਗਾ। ਸਤਵੰਤ ਨੇ ਬਾਬੇ ਦਾ ਦੁੱਖ ਵੰਡਾਉਣਾ ਚਾਹਿਆ। ਬਾਬੇ ਦੀ ਸੁਣ ਕੇ ਤੇ ਆਪਣੀ ਸੁਣਾਅ ਕੇ ਸਤਵੰਤ ਨੂੰ ਸਦਾ ਖੁਸ਼ੀ ਹੁੰਦੀ ਸੀ, ਜਿਹੜੀ ਉਹ ਪਿਛਲੀ ਵਾਰੀ ਵੀ ਨਹੀਂ ਸੀ ਲੈ ਸਕਿਆ।

ਦਰਦ ਦਾ ਕੀ ਐ, ਇਹ ਤਾਂ ਹੁਣ ਹਟਦੀ ਨਹੀਂ ਦੀਂਹਦੀ। ਮੈਂ ਤਾਂ ਤੇਰੇ ਬਾਰੇ ਸੋਚਦਾ ਰਹਿੰਦੈਂ। ਰੱਬ ਨੇ ਰਿਜ਼ਕ ਵੀ ਦਿੱਤਾ, ਪਰ ਰਿਜ਼ਕ ਨੂੰ ਹੰਢਾਉਣ ਲਈ ਔਲਾਦ ਨਹੀਂ ਦਿੱਤੀ। ਏਨਾ ਕਹਿ ਕੇ ਬਾਬਾ ਚੁੱਪ ਕਰ ਗਿਆ।

ਰਿਜ਼ਕ ਦਾ ਕੀ ਐ ਬਾਬਾ ਅਸੀਂ ਆਪਣੀ ਉਮਰ ਵਿੱਚ ਹੀ ਹੰਢਾਅ ਛੱਡਾਂਗੇ। ਏਨੀ ਗੱਲ ਪਿੱਛੇ ਔਲਾਦ ਦਾ ਕੀ ਅਫ਼ਸੋਸ ਲਾਉਣਾ ਹੋਇਆ- ਤੂੰ ਚਿੰਤਾ ਨਾ ਕਰਿਆ ਕਰ। ਸਤਵੰਤ ਨੇ ਬਾਬੇ ਨੂੰ ਤਸੱਲੀ ਦੇਣੀ ਚਾਹੀ।

ਜੇ ਪਹਿਲੀ ਬਹੂ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਵਿਆਹ ਈ ਹੋਰ ਕਰਾਅ ਲੈ, ਰਿਜ਼ਕ ਵਾਲੇ ਤਾਂ ਕਈ ਕਈ ਵਿਆਹ ਕਰਾਅ ਲੈਂਦੇ ਐ। ਸੰਤਾ ਸਿਹੁੰ ਦੇ ਕਾਲਜੇ ਠੰਡ ਪੈ ਜਾਊ। ਬਾਬੇ ਨੇ ਦਲੀਲ ਦਿੱਤੀ।

ਪਰ ਸਤਵੰਤ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਰਿਜ਼ਕ ਤਾਂ ਕਿਸੇ ਦੇ ਵੀ ਕੰਮ ਆ ਸਕਦਾ ਸੀ। ਔਲਾਦ ਦਾ ਭਾਰਤ ਵਿੱਚ ਉਂਝ ਹੀ ਘਾਟਾ ਨਹੀਂ ਸੀ। ਇਹ ਮੁਲਾਕਾਤ ਵੀ ਬੇਸੁਆਦੀ ਹੀ ਰਹੀ। ਬਾਬੇ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਸਤਵੰਤ ਨੇ ਉਸਦੀ ਸਲਾਹ ਨਹੀਂ ਸੀ ਮੰਨੀ ਤਾਂ ਉਸ ਵਿੱਚ ਕੋਈ ਨਾ ਕੋਈ ਘਾਟ ਲਾਜ਼ਮੀ ਸੀ। ਸਤਵੰਤ ਨੂੰ ਇਸ ਗੱਲ ਦਾ ਅਫ਼ਸੋਸ ਸੀ ਕਿ ਬਾਬੇ ਨੇ ਅਸੰਭਵ ਜਿਹੀ ਸਲਾਹ ਦੇ ਕੇ ਆਪਣਾ ਵੀ ਚਿੱਤ ਬੁਰਾ ਕੀਤਾ ਸੀ ਤੇ ਸਤਵੰਤ ਦਾ ਵੀ। ਵਿਛੜਨ ਲੱਗਿਆਂ ਉਨ੍ਹਾਂ ਇੱਕ ਦੂਜੇ ਨੂੰ ਸਤਿ ਸ੍ਰੀ ਅਕਾਲ ਬੁਲਾਈ, ਪਰ ਬੁਝੀ ਬੁਝੀ।

ਉੱਥੇ ਜਾ ਕੇ ਉਸ ਨੇ ਬੱਚਾ ਗੋਦ ਲੈਣ, ਦੂਜਾ ਵਿਆਹ ਕਰਵਾਉਣ, ਯਤੀਮਖ਼ਾਨੇ ਦੇ ਕਿਸੇ ਬੱਚੇ ਨੂੰ ਅਪਨਾਉਣ, ਆਦਿ, ਲਈ ਮਿਲੇ ਸਭ ਸੁਝਾਅ ਆਪਣੀ ਵਹੁਟੀ ਨੂੰ ਸੁਣਾਏ। ਬੇ ਔਲਾਦ ਜੋੜੇ ਲਈ ਇਹ ਸੁਝਾਅ ਨਵੇਂ ਨਹੀਂ ਸਨ। ਪਰ ਰੈੱਡ ਕਰੱਾਸ ਵਿਚ ਸਮਾਜ ਸੁਧਾਰ ਦਾ ਕੰਮ ਕਰਨ ਵਾਲੀ ਉਸ ਦੀ ਮੇਮ ਆਪਣੇ ਕੰਮ ਵਿੱਚ ਏਨੀ ਮਗਨ ਰਹਿੰਦੀ ਸੀ ਕਿ ਉਸ ਨੂੰ ਬੱਚੇ ਦੀ ਘਾਟ ਏਨੀ ਅਨੁਭਵ ਹੀ ਨਹੀਂ ਸੀ ਹੁੰਦੀ। ਕੁਝ ਏਸੇ ਤਰ੍ਹਾਂ ਦੀ ਅਵਸਥਾ ਸਤਵੰਤ ਦੀ ਸੀ ਜਿਹੜਾ ਆਪਣੇ ਸਮੇਂ ਦਾ ਵਧੇਰੇ ਹਿੱਸਾ ਵਿਸ਼ਵ ਵਿਦਿਆਲੇ ਵਿੱਚ ਬਿਤਾਉਂਦਾ ਸੀ ਤੇ ਰਹਿੰਦਾ ਸਮਾਂ ਇੰਗਲੈਂਡ ਵਿੱਚ ਵਸਦੇ ਪੰਜਾਬੀਆਂ ਤੋਂ ਜੱਸ ਖੱਟਦਿਆਂ।

ਜਿੰਨੀ ਸੋਚ ਤੇ ਸਮਾਂ ਲਾ ਕੇ ਉਨ੍ਹਾਂ ਨੇ ਬੱਚਾ ਅਪਨਾਉਣ ਜਾਂ ਗੋਦ ਲੈਣ ਦਾ ਖ਼ਿਆਲ ਛੱਡਿਆ ਸੀ ਏਨਾ ਸਮਾਂ ਹਰ ਸ਼ੁਭਚਿੰਤਕ ਨੂੰ ਸਮਝਾਉਣ ਲਈ ਲੱਗਦਾ ਸੀ। ਦੋ ਪੀੜ੍ਹੀਆਂ ਪਹਿਲਾਂ ਦੇ ਬਾਬੇ ਨੂੰ ਅਜਿਹੀ ਗੱਲ ਸਮਝਾਉਣੀ ਅਸੰਭਵ ਨਹੀਂ ਤਾਂ ਕਠਨ ਜ਼ਰੂਰ ਸੀ। ਬਾਬੇ ਦੀ ਗੱਲ ਦਾ ਉਸ ਨੂੰ ਦੁੱਖ ਏਸ ਲਈ ਵੀ ਸੀ ਕਿ ਬਾਬਾ ਸੱਚੇ ਦਿਲੋਂ ਸਤਵੰਤ ਦਾ ਸ਼ੁਭਚਿੰਤਕ ਰਿਹਾ ਸੀ। ਅਗਲੀ ਵਾਰ ਉਹ ਬਾਬੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇਗਾ, ਉਸ ਨੇ ਸੋਚਿਆ।

ਓਧਰ ਬਾਬੇ ਦੀ ਹਾਲਤ ਦਿਨੋ ਦਿਨ ਖਰਾਬ ਹੁੰਦੀ ਜਾ ਰਹੀ ਸੀ। ਇਕੱਲਤਾ ਵਿੱਚ ਉਸ ਨੂੰ ਜਿਹੜੀਆਂ ਗੱਲਾਂ ਚੇਤੇ ਆਉਂਦੀਆਂ ਉਹਨਾਂ ਵਿਚੋਂ ਇੱਕ ਸਤਵੰਤ ਦਾ ਉਸ ਨੂੰ ਚਾਅ ਨਾਲ ਮਿਲਣਾ ਤੇ ਚੂਲਾ ਹਿੱਲਣ ਦਾ ਪਤਾ ਲੱਗਣ ਤੇ ਗਰਮ ਪਾਣੀ ਦੀ ਬੋਤਲ ਤੇ ਮਲ੍ਹਮ ਭਿਜਵਾਣਾ ਵੀ ਸੀ। ਇਸ ਬੋਤਲ ਵਿੱਚ ਗਰਮ ਪਾਣੀ ਭਰ ਕੇ ਉਹ ਹਾਲੀਂ ਵੀ ਸਿਆਲ ਦੀ ਠੰਢ ਦੇ ਦਿਨਾਂ ਵਿੱਚ ਆਪਣੇ ਚੂਲੇ ਨੂੰ ਸੇਕ ਦੇ ਕੇ ਦੋ ਘੜੀ ਅੱਖ ਲਾ ਲੈਂਦਾ ਸੀ। ਫੇਰ ਵੀ ਜਦੋਂ ਉਸ ਦੀ ਅੱਖ ਖੁੱਲ੍ਹਦੀ ਉਸ ਨੂੰ ਸਤਵੰਤ ਨਾਲ ਹੋਈ ਆਪਣੀ ਮੁਲਾਕਾਤ ਦਾ ਅਫ਼ਸੋਸ ਹੋਣ ਲੱਗਦਾ।

ਇਹਨਾਂ ਦਿਨਾਂ ਵਿੱਚ ਹੀ ਬਾਬੇ ਨੇ ਸੁਣਿਆ ਕਿ ਇੱਕ ਦਿਨ ਰੇਡੀਓ ਉਤੇ ਸਤਵੰਤ ਇੰਗਲੈਂਡ ਵਿੱਚ ਰਹਿੰਦੇ ਪੰਜਾਬੀਆਂ ਬਾਰੇ ਬੋਲ ਰਿਹਾ ਸੀ। ਜਿਸ ਵਿੱਚ ਮੋਰਾਂਵਾਲੀ ਦਾ ਬਾਰ ਬਾਰ ਜ਼ਿਕਰ ਸੀ। ਉਸ ਨੂੰ ਪਿਛਲੀ ਮੁਲਾਕਾਤ ਦਾ ਹੋਰ ਵੀ ਅਫ਼ਸੋਸ ਹੋਇਆ ਕਿ ਏਨੇ ਸਿਆਣੇ ਮੁੰਡੇ ਨੂੰ ਕਿਸੇ ਬਾਬੇ ਵਰਗੇ ਦੀ ਮੱਤ ਦੀ ਕੀ ਲੋੜ ਸੀ? ਅਗਲੀ ਵਾਰ ਸਤਵੰਤ ਦੇ ਆਉਣ ਤੱਕ ਬਾਬੇ ਦੀ ਜ਼ਿੰਦਗੀ ਰਹੀ ਤਾਂ ਉਹ ਏਦਾਂ ਦੀ ਗੱਲ ਨਹੀਂ ਕਰੇਗਾ, ਉਸ ਨੇ ਸੋਚਿਆ।

ਸਤਵੰਤ ਇਸ ਵਾਰ ਆਪਣੀ ਮੇਮ ਨੂੰ ਨਾਲ ਲੈ ਕੇ ਭਾਰਤ ਆਇਆ। ਉਹ ਭਾਰਤੀ ਰੈੱਡਕਰੱਾਸ ਦਾ ਅਧਿਐਨ ਕਰਨਾ ਚਾਹੁੰਦੀ ਸੀ। ਏਸ ਲਈ ਵੀ ਕਿ ਜੇ ਸਤਵੰਤ ਨੇ ਘੁੰਮ-ਘੁੰਮਾਅ ਕੇ ਆਪਣੇ ਦੇਸ਼ ਹੀ ਆ ਕੇ ਟਿਕਣਾ ਸੀ ਤਾਂ ਏਥੇ ਉਸਦੀ ਮੇਮ ਲਈ ਵੀ ਕੋਈ ਨਾ ਕੋਈ ਰੁਝੇਵਾਂ ਲਾਜ਼ਮੀ ਸੀ।

ਧੰਨ ਭਾਗ, ਸਤਵੰਤ ਸਿਹੁੰ ਦੇ ਦਰਸ਼ਨ ਹੋ ਗਏ, ਕੀ ਪਤੈ ਕਿੰਨੇ ਕੁ ਦਿਨਾਂ ਦੇ ਮਹਿਮਾਨ ਹਾਂ, ਬਾਬਾ ਪਹਿਲੀਆਂ ਮੁਲਾਕਾਤਾਂ ਵਾਲੇ ਨਿੱਘ ਤੇ ਅਪਣੱਤ ਨਾਲ ਮਿਲਿਆ।

ਬਾਬਾ ਏਦਾਂ ਨਹੀਂ ਸੋਚੀਦਾ।

ਬਜ਼ੁਰਗਾਂ ਦਾ ਤਾਂ ਬੈਠਿਆਂ ਦਾ ਸਹਾਰਾ ਹੀ ਮਾਣ ਨਹੀਂ। ਸਤਵੰਤ ਨੇ ਓਨੇ ਹੀ ਨਿੱਘ ਨਾਲ ਉੱਤਰ ਦਿੱਤਾ।

ਹੋਰ ਦੱਸ ਬਹੂ ਦਾ ਕੀ ਹਾਲ ਹੈ, ਸੁਣਿਐ ਨਾਲ ਹੀ ਆਈ ਐ ਤੇਰੇ, ਬਾਬੇ ਨੇ ਪੁੱਛਿਆ।

ਹਾਂ, ਮੈਂ ਕਿਹਾ ਸਹੁਰਿਆਂ ਦੇ ਪਿੰਡ ਨੂੰ ਭੁੱਲ ਹੀ ਨਾ ਜਾਵੇ, ਸਤਵੰਤ ਨੇ ਹੱਸ ਕੇ ਉੱਤਰ ਦਿੱਤਾ ਤੇ ਬਾਬੇ ਦੀ ਹਰ ਵਾਰੀ ਦੀ ਅਪੀਲ ਲਈ ਤਿਆਰ ਹੋ ਗਿਆ।

ਇੱਕ ਦੋ ਗੱਲਾਂ ਹੋਰ, ਤੇ ਫੇਰ ਕੋਈ ਗੱਲ ਹੀ ਨਾ ਰਹੀ ਕਰਨ ਵਾਲੀ। ਦੋਵੇਂ ਚੁੱਪ ਕਰ ਗਏ।

(ਬਾਕੀ ਸਫ਼ਾ 31 'ਤੇ)

ਮਿੰਨੀ ਕਹਾਣੀ

ਮਨਮੋਹਨ ਸਿੰਘ ਦਾਊਂ

# ਨਲਕਾ ਗੇੜਿਆ ਕਾਵਾਂ

ਗਰਮੀ ਦੀ ਰੁੱਤ ਸੀ। ਕਹਿਰਾਂ ਦੀ ਗਰਮੀ ਪੈ ਰਹੀ ਸੀ। ਮੀਂਹ ਪੈਣ 'ਚ ਨਹੀਂ ਸੀ ਆ ਰਿਹਾ। ਬੱਦਲ ਹੁੰਦੇ ਪਰ ਮੀਂਹ ਦੀ ਬੂੰਦ ਨਾ ਵਰ੍ਹਦੀ। ਕਿੰਨੇ ਮਹੀਨੇ ਇੰਜ ਹੀ ਲੰਘ ਗਏ। ਔੜ ਲੱਗ ਗਈ। ਰੁੱਖ, ਬੂਟੇ ਤੇ ਫ਼ਸਲਾਂ ਸੁੱਕਣ ਲੱਗੀਆਂ। ਟੋਭੇ, ਛੱਪੜ ਤੇ ਨਾਲੇ ਸੁੱਕ ਗਏ। ਸੋਕਾ ਪੈ ਗਿਆ। ਘਾਹ ਵੀ ਸੁੱਕ ਗਿਆ। ਡੱਡੂ, ਮੱਛੀਆਂ ਤੇ ਕੱਛੂ ਤਾਂ ਦੂਰ ਦਰਿਆ ਵੱਲ ਨੂੰ ਭੱਜ ਗਏ। ਹਿਰਨਾਂ ਦੀਆਂ ਡਾਰਾਂ ਜੰਗਲਾਂ ਨੂੰ ਹੋ ਤੁਰੀਆਂ। ਚਿੜੀਆਂ ਲੋਕਾਂ ਦੇ ਘਰਾਂ ਦੇ ਬਾਹਰ ਰੱਖੇ ਠੂਠਿਆਂ ਅਤੇ ਮਿੱਟੀ ਦੇ ਕਟੋਰਿਆਂ ਦੀ ਭਾਲ 'ਚ ਉੱਡ-ਉੱਡ ਥੱਕ ਗਈਆਂ। ਇੱਲਾਂ ਦੂਰ ਸਰੋਵਰਾਂ ਦੀ ਭਾਲ ਕਰਨ ਲੱਗੀਆਂ। ਘੁੱਗੀਆਂ, ਗੁਟਾਰਾਂ ਤੇ ਬਗਲੇ ਦਿਸਣ ਤੋਂ ਹਟ ਗਏ। ਧਰਤੀ 'ਤੇ ਕਾਲ ਪੈ ਗਿਆ ਸੀ। ਪਾਣੀ ਦੀ ਤਿੱਪ ਲਈ ਹਰ ਕੋਈ ਤਰਸਣ ਲੱਗਿਆ।

ਕਾਵਾਂ ਦਾ ਇੱਕ ਝੁੰਡ ਵੀ ਇੱਧਰ-ਉਧਰ ਪਾਣੀ ਦੀ ਭਾਲ ਕਰ ਕਰ ਥੱਕ ਗਿਆ। ਗਰਮੀ 'ਚ ਪਿਆਸ ਨਾਲ ਉਨ੍ਹਾਂ ਦੀ ਜਾਨ ਨਿਕਲ ਰਹੀ ਸੀ। ਕਾਂ-ਕਾਂ ਦੀ ਆਵਾਜ਼ ਵੀ ਨਿਕਲਣੋਂ ਹਟ ਗਈ। ਕਰਨ ਤੇ ਕੀ ਕਰਨ। ਉਨ੍ਹਾਂ 'ਚ ਇੱਕ ਬੁੱਢਾ ਕਾਂ ਬੜਾ ਸਿਆਣਾ ਸੀ।

ਹੌਸਲਾ ਰੱਖੋ, ਦਿਲ ਨਾ ਛੱਡੋ। ਦਮ ਰੱਖੋ, ਕਿਤੇ ਨਾ ਕਿਤੇ ਪਾਣੀ ਮਿਲ ਜਾਊਗਾ, ਬੁੱਢੇ ਕਾਂ ਨੇ ਕਿਹਾ।

ਆਖਰ ਉਨ੍ਹਾਂ ਕਾਵਾਂ ਦਾ ਝੁੰਡ ਇੱਕ ਰੁੱਖ 'ਤੇ ਆ ਬੈਠਾ। ਰੁੱਖ ਰਸਤੇ ਦੇ ਇੱਕ ਪਾਸੇ ਸੀ। ਨੇੜੇ ਹੀ ਪਾਣੀ ਦਾ ਇੱਕ ਨਲਕਾ ਲੱਗਿਆ ਹੋਇਆ ਸੀ। ਰਾਹੀ ਇਸ ਰੁੱਖ ਥੱਲੇ ਆਰਾਮ ਕਰਦੇ ਅਤੇ ਨਲਕਾ ਗੇੜ ਕੇ ਪਾਣੀ ਪੀ ਕੇ ਪਿਆਸ ਬੁਝਾ ਲੈਂਦੇ। ਇਹ ਚੁਰਸਤੇ ਵਾਲੀ ਥਾਂ ਸੀ।

ਅਸਲ ਵਿੱਚ ਇਹ ਨਲਕਾ ਇੱਕ ਦਾਨੀ ਬਜ਼ੁਰਗ ਨੇ ਕਈ ਸਾਲ ਪਹਿਲਾਂ ਲੋੜਵੰਦ ਰਾਹੀਆਂ ਲਈਆਂ ਲਗਵਾਇਆ ਸੀ। ਬੱਚਿਆਂ ਨੂੰ ਸਕੂਲੋਂ ਛੁੱਟੀ ਹੋਣ ਦਾ ਵੇਲਾ ਹੋ ਗਿਆ ਸੀ। ਬੁੱਢੇ ਕਾਂ ਨੇ ਕੁਝ ਬੱਚੇ ਨਲਕੇ ਤੋਂ ਪਾਣੀ ਪੀਂਦੇ ਤੱਕੇ। ਇੱਕ ਬੱਚਾ ਨਲਕੇ ਦੀ ਹੱਥੀ ਗੇੜਦਾ ਤੇ ਦੂਜੇ ਸਾਥੀ ਵਾਰੀ-ਵਾਰੀ ਪਾਣੀ ਪੀਈ ਜਾਂਦੇ। ਇਹ ਬੱਚੇ ਪ੍ਰਾਇਮਰੀ ਸਕੂਲ ਤੋਂ ਪੜ੍ਹ ਕੇ ਆਏ ਸਨ। ਕਲੋਲਾਂ ਕਰ ਰਹੇ ਸਨ। ਖ਼ੂਬ ਮੌਜ-ਮਸਤੀ ਮਨਾ ਰਹੇ ਸਨ।

ਬੁੱਢੇ ਕਾਂ ਨੂੰ ਵੀ ਆਪਣਾ ਬਚਪਨ ਚੇਤੇ ਆਇਆ। ਇੱਕ ਬੱਚਾ ਕਹਿਣ ਲੱਗਿਆ, ਸ਼ਿਕਾਰੀ ਤੇ ਜਾਲ ਵਾਲੀ ਕਹਾਣੀ ਮੈਨੂੰ ਬੜੀ ਚੰਗੀ ਲੱਗਦੀ ਐ। ਕਬੂਤਰਾਂ ਨੇ ਆਪਣੀ ਜਾਨ ਬਚਾਉਣ ਲਈ ਇਕੱਠਿਆਂ ਜ਼ੋਰ ਮਾਰ ਕੇ, ਸ਼ਿਕਾਰੀ ਦਾ ਜਾਲ ਉਖਾੜ ਦਿੱਤਾ ਤੇ ਜਾਲ ਹੀ ਲੈ ਉੱਡੇ। ਸ਼ਿਕਾਰੀ ਦੇਖਦਾ ਹੀ ਰਹਿ ਗਿਆ। ਸਹੀ ਗੱਲ ਹੈ 'ਏਕੇ ਵਿੱਚ ਬਰਕਤ' ਹੁੰਦੀ ਹੈ। ਬੁੱਢਾ ਕਾਂ ਇਹ ਸਭ ਕੁਝ ਸੁਣਦਾ ਰਿਹਾ।

ਬੱਚੇ ਪਾਣੀ ਪੀ ਉੱਥੋਂ ਤੁਰਦੇ ਹੋਏ। ਰੁੱਖ ਦੇ ਪੱਤੇ ਰੁਮਕੇ। ਰੁੱਖ 'ਤੇ ਬੈਠਾ ਬੁੱਢਾ ਕਾਂ ਬੱਚਿਆਂ ਨੂੰ ਪਾਣੀ ਪੀਂਦੇ ਤੱਕਦਾ ਰਿਹਾ ਸੀ। ਉਸ ਦਾ ਰੁੱਖ ਤੋਂ ਥੱਲੇ ਬੱਚਿਆਂ ਕੋਲ ਆਉਣ ਨੂੰ ਜੀਅ ਵੀ ਕੀਤਾ।

ਬੁੱਢੇ ਕਾਂ ਨੂੰ ਇੱਕ ਵਿਉਂਤ ਸੁੱਝੀ। ਉਸ ਨੇ ਦੂਜੇ ਕਾਵਾਂ ਨੂੰ ਕਿਹਾ, ਅਸੀਂ ਵੀ ਨਲਕੇ ਤੋਂ ਪਾਣੀ ਪੀ ਸਕਦੇ ਹਾਂ। ਮੇਰੀ ਮੰਨੋ। ਪੰਜ ਜਣੇ ਨਲਕੇ ਦੀ ਹੱਥੀ 'ਤੇ ਬੈਠ ਕੇ ਜ਼ੋਰ ਨਾਲ ਨਲਕਾ ਗੇੜੋ। ਸਾਂਝੀ ਤਾਕਤ ਨਾਲ। ਔਹ, ਜੋ ਪਲਾਸਟਿਕ ਦਾ ਗਲਾਸ ਪਿਆ ਕੋਈ ਰਾਹੀ ਸੁੱਟ ਗਿਆ, ਮੈਂ ਉਸ ਨੂੰ ਨਲਕੇ ਥੱਲੇ ਰੱਖਦਾਂ। ਪਾਣੀ ਦੀ ਕੋਈ ਬੂੰਦ ਬਾਹਰ ਨਾ ਡੁੱਲ੍ਹੇ। ਇੱਕ ਜਣਾ ਗਲਾਸ 'ਚੋਂ ਆਪਣੀ ਚੁੰਝ ਡੁਬੋ-ਡੁਬੋ ਪਾਣੀ ਪੀ ਲਵੇ। ਫਿਰ ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਛੇਵਾਂ ਵਾਰੀ-ਵਾਰੀ। ਹੁਣ ਕਰੋ ਹਿੰਮਤ, ਮਾਰੋ ਹੰਭਲਾ। ਮੈਂ ਸਭ ਤੋਂ ਬਾਅਦ ਪਾਣੀ ਪੀਵਾਂਗਾ। ਬੁੱਢੇ ਕਾਂ ਨੇ ਹੁਕਮ ਸੁਣਾ ਦਿੱਤਾ।

ਬੁੱਢੇ ਕਾਂ ਦੀ ਸਿਆਣਪ ਤੋਂ ਕਾਂ ਬਹੁਤ ਖ਼ੁਸ਼ ਹੋਏ। ਝੱਟ ਰੁੱਖ ਤੋਂ ਉੱਡ ਕੇ ਨਲਕੇ ਦੀ ਹੱਥੀ ਗੇੜਨ ਲੱਗੇ ਤੇ ਵਾਰੀ-ਵਾਰੀ ਪਾਣੀ ਪੀਣ ਲੱਗੇ। ਪਾਣੀ ਪੀ ਕੇ ਉਨ੍ਹਾਂ ਦੀ ਜਾਨ 'ਚ ਜਾਨ ਆ ਗਈ। ਬੁੱਢੇ ਕਾਂ ਨੇ ਸਭ ਤੋਂ ਬਾਅਦ ਪਾਣੀ ਪੀਤਾ। ਪਾਣੀ ਪੀ ਕੇ, ਕਾਂ ਉੱਥੋਂ ਉੱਡ ਗਏ।

# ਮੇਰੀ ਕਲਮ



## ਹਵਾ ਕੀ ਕਰ ਲਊਗੀ ਚਿਹਰਿਆਂ 'ਤੇ ਧੂੜ ਪਾ ਕੇ

ਸੁਖਵਿੰਦਰ ਅੰਮ੍ਰਿਤ

ਹਵਾ ਕੀ ਕਰ ਲਊਗੀ ਚਿਹਰਿਆਂ 'ਤੇ ਧੂੜ ਪਾ ਕੇ
ਤੂੰ ਅਪਣੀ ਆਤਮਾ ਦਾ ਹੁਸਨ ਬਸ ਰੱਖੀਂ ਬਚਾ ਕੇ

ਮੇਰਾ ਮੱਥਾ ਉਸੇ ਦੀਵਾਰ ਵਿੱਚ ਫਿਰ ਜਾ ਕੇ ਵੱਜਿਆ
ਮੈਂ ਜਿਸ ਤੋਂ ਬਚਣ ਲਈ ਕੋਹਾਂ ਦਾ ਲੰਮੀ ਗੇੜ ਪਾ ਕੇ

ਬਖੇੜਾ ਪਾਣੀਆਂ ਦੀ ਵੰਡ ਦਾ ਮੁੱਕਿਆ ਨਹੀਂ ਸੀ
ਤੇ ਹੁਣ ਉਹ ਬਹਿ ਗਏ ਅਪਣੇ ਲਹੂ ਵਿੱਚ ਲੀਕ ਪਾ ਕੇ

ਮੈਂ ਫਿਰ ਤਰਤੀਬ ਵਿੱਚ ਰੱਖੇ ਨੇ ਟੁਕੜੇ ਜ਼ਿੰਦਗੀ ਦੇ
ਹਵਾ ਨੇ ਫੇਰ ਮੈਨੂੰ ਦੇਖਿਆ ਹੈ ਮੁਸਕਰਾ ਕੇ

ਤੁਸੀਂ ਵੀ ਉਸ ਦੀਆਂ ਗੱਲਾਂ 'ਚ ਆ ਗਏ ਹੱਦ ਹੋ ਗਈ
ਉਹ ਜੰਗਲ ਫੂਕ ਦਿੰਦਾ ਹੈ ਅਗਰਬੱਤੀ ਜਲਾ ਕੇ

ਤੇਰੀ ਜਾਦੂਗਰੀ ਦਾ ਸ਼ਹਿਰ ਵਿੱਚ ਚਰਚਾ ਬੜਾ ਹੈ
ਤੂੰ ਰੱਖ ਦਿੰਦਾ ਹੈਂ ਹਰ ਇਕ ਲਹਿਰ ਨੂੰ ਰੇਤਾ ਬਣਾ ਕੇ

ਤੂੰ ਆਪਣੀ ਪਿਆਸ ਦੇ ਟੁਕੜੇ ਹੀ ਕਿਉਂ ਨੀਂ ਜੋੜ ਲੈਂਦਾ
ਕੀ ਮੁੜ ਮੁੜ ਦੇਖਦਾ ਹੈਂ ਪਾਣੀਆਂ ਵਿੱਚ ਲੀਕ ਪਾ ਕੇ

ਮੇਰੇ ਮਨ ਦੀ ਜਵਾਲਾ ਨੇ ਉਦੋਂ ਹੀ ਸ਼ਾਂਤ ਹੋਣਾ
ਜਦੋਂ ਲੈ ਜਾਣਗੇ ਪਾਣੀ ਮੇਰੀ ਮਿੱਟੀ ਵਹਾ ਕੇ

ਉਹਦੇ ਬੋਲਾਂ ਦੀਆਂ ਜ਼ੰਜੀਰੀਆਂ ਜੇ ਤੋੜ ਦੇਵਾਂ
ਉਹ ਮੈਨੂੰ ਪਕੜ ਲੈਂਦਾ ਹੈ ਨਜ਼ਰ ਦਾ ਜਾਲ ਪਾ ਕੇ

## ਚੁੱਪ ਚੁੱਪ ਰਾਤ

ਡਾ. ਅਮਰਜੀਤ ਟਾਂਡਾ

ਚੁੱਪ ਚੁੱਪ ਰਾਤ ਭਰੀ ਹੈ ਸੁਗੰਧੀਆਂ ਦੀ
ਕਿੱਡੀ ਸੋਹਣੀ ਤਾਰਿਆਂ ਦੀ ਲੋਅ

ਇੱਕ ਤੇਰਾ ਮੁੱਖ ਗਜ਼ਲ਼ ਦੀ ਤਰਨਮ ਜੇਹਾ
ਸੁਰ 'ਚ ਲਿਆ ਹੱਸਦਾ ਪਰੋਅ

ਕੋਸਾ ਕੋਸਾ ਸੇਕ ਤੇਰੇ ਅੰਗਾਂ ਵੱਲੋਂ ਆਇਆ
ਅਸੀਂ ਸਾਹਾਂ ਵਿੱਚ ਲਿਆ ਹੈ ਲੁਕੋ

ਚਿੱਟੇ ਚਿੱਟੇ ਦੰਦਾਂ ਵਿਚੋਂ ਉੱਡਦਿਆਂ ਹਾਸਿਆਂ ਨੂੰ
ਹੋਟਾਂ ਦੀ ਪੈ ਜਾਵੇ ਕਦੇ ਖੋਅ

ਡੁੱਲਦੀ ਜਵਾਨੀ ਕੁਆਰੇ ਜੇਹੇ ਅੰਗਾਂ ਵਿਚੋਂ
ਮੱਲੋ ਮੱਲੀ ਪੈਂਦੀ ਝੱਟ ਚੋਅ

ਕਿਹੋ ਜੇਹੇ ਆਏ ਦਿਨ ਚੰਦਰੀਆਂ ਵੰਗਾਂ ਉੱਤੇ
ਲੱਭਦੇ ਨੇ ਚੰਨੜੇ ਦੀ ਛੂਹ

ਪਾਇਆ ਭੋਰਾ ਨਖ਼ਰਾ ਸੀ ਨਜ਼ਰਾਂ ਨਿਮਾਣੀਆਂ ਚ
ਹੰਝੂਆਂ ਨੇ ਦਿਤਾ ਸਾਰਾ ਧੋਅ

ਕਿੱਦਾਂ ਕੋਈ ਹਰਾ ਕਰੇ ਫੁੱਲ ਨੀ ਕਿਤਾਬ ਵਾਲਾ
ਪਾਰਕ ਦੀਆਂ ਯਾਦਾਂ ਦਾ ਮੋਹ

ਤੇਰੇ ਵੇ ਖਿਆਲ ਵਿੱਚ ਚੀਰੇ ਦੇ ਜਲਾਲ ਵਿੱਚ
ਚੌਦਵੀਂ ਦੇ ਚੰਨਾਂ ਦੀ ਨਾ ਖੋਹ

ਏਧਰ ਨੂੰ ਮੁੱਖ ਕਰ ਬਾਹਵਾਂ ਦਾ ਜਰਾ ਸੁੱਖ ਕਰ
ਉਰਾਂ ਹੋ ਕੇ ਜ਼ਰਾ ਤੂੰ ਖਲੋਅ

ਰਹਿਣ ਦੇ ਵੇ ਦੇਖਦਾ ਜਹਾਨ ਭੈੜਾ ਚੰਦਰਾ
ਤੂੰ ਇਸ਼ਕ ਦੇ ਬੂਹੇ ਨਾ ਵੇ ਢੋਅ

ਕਿੰਜ਼ ਕੋਈ ਲੰਘਾਵੇ ਰਾਤਾਂ
ਉਨੀਂਦਰੀਆਂ ਸਵਾਵੇ ਬਾਤਾਂ
ਬੰਸਰੀ ਦੇ ਛੇਕ ਪੈਣ ਰੋਅ

## ਕਿਸਮਤ

ਸ਼ਿਵ ਕੁਮਾਰ ਬਟਾਲਵੀ



ਅੱਜ ਕਿਸਮਤ ਮੇਰੇ ਗੀਤਾਂ ਦੀ
ਹੈ ਕਿਸ ਮੰਜ਼ਿਲ 'ਤੇ ਆਣ ਖੜੀ
ਜਦ ਗੀਤਾਂ ਦੇ ਘਰ ਨ੍ਹੇਰਾ ਹੈ
ਤੇ ਬਾਹਰ ਮੇਰੀ ਧੁੱਪ ਚੜ੍ਹੀ ।
ਇਸ ਸ਼ਹਿਰ 'ਚ ਮੇਰੇ ਗੀਤਾਂ ਦਾ
ਕੋਈ ਇੱਕ ਚਿਹਰਾ ਵੀ ਵਾਕਫ਼ ਨਹੀਂ
ਪਰ ਫਿਰ ਵੀ ਮੇਰੇ ਗੀਤਾਂ ਨੂੰ
ਆਵਾਜ਼ਾਂ ਦੇਵੇ ਗਲੀ ਗਲੀ ।
ਮੈਨੂੰ ਲੋਕ ਕਹਿਣ ਮੇਰੇ ਗੀਤਾਂ ਨੇ
ਮਹਿਕਾਂ ਦੀ ਜੂਨ ਹੰਢਾਈ ਹੈ
ਪਰ ਲੋਕ ਵਿਚਾਰੇ ਕੀ ਜਾਨਣ
ਗੀਤਾਂ ਦੀ ਵਿਥਿਆ ਦਰਦ ਭਰੀ ।
ਮੈਂ ਹੰਝੂ ਹੰਝੂ ਰੋ ਰੋ ਕੇ
ਆਪਣੀ ਤਾਂ ਅਉਧ ਹੰਢਾ ਬੈਠਾਂ
ਕਿੰਝ ਅਉਧ ਹੰਢਾਵਾਂ ਗੀਤਾਂ ਦੀ
ਜਿਨ੍ਹਾਂ ਗੀਤਾਂ ਦੀ ਤਕਦੀਰ ਸੜੀ ।
ਬਦਕਿਸਮਤ ਮੇਰੇ ਗੀਤਾਂ ਨੂੰ
ਕਿਸ ਵੇਲੇ ਨੀਂਦਰ ਆਈ ਹੈ
ਜਦ ਦਿਲ ਦੇ ਵਿਹੜੇ ਪੀੜਾਂ ਦੀ
ਹੈ ਗੋਡੇ ਗੋਡੇ ਧੁੱਪ ਚੜ੍ਹੀ ।
ਇੱਕ ਸੂਰਜ ਨੇ ਮੇਰੇ ਗੀਤਾਂ ਨੂੰ
ਕਿਰਨਾਂ ਦੀ ਦਾਅਵਤ ਜਦ ਆਖੀ
ਇੱਕ ਬੁਰਕੀ ਮਿੱਸੇ ਚਾਨਣ ਦੀ
ਗੀਤਾਂ ਦੇ ਸੰਘ ਵਿੱਚ ਆਣ ਅੜੀ।
ਮੇਰੇ ਗੀਤਾਂ ਭਰੀ ਕਹਾਣੀ ਦਾ
ਕਿਆ ਅੰਤ ਗ਼ਜ਼ਬ ਦਾ ਹੋਇਆ ਹੈ
ਜਦ ਆਈ ਜਵਾਨੀ ਗੀਤਾਂ 'ਤੇ
ਗੀਤਾਂ ਦੀ ਅਰਥੀ ਉੱਠ ਚੱਲੀ ।

## ਸਮੁੰਦਰ ਕੀ ਪਤਾ ਕਦ ਆਸ ਦਾ ਸੂਰਜ ਨਿਗਲ ਜਾਵੇ

ਸੁਰਜੀਤ ਸਖੀ



ਸਮੁੰਦਰ ਕੀ ਪਤਾ ਕਦ ਆਸ ਦਾ ਸੂਰਜ ਨਿਗਲ ਜਾਵੇ।
ਅਚਾਨਕ ਸੋਚ ਦਾ ਦਰਿਆ, ਕਦੋਂ ਰਸਤਾ ਬਦਲ ਜਾਵੇ।
ਇਹ ਸੱਚ ਹੈ, ਬਰਫ਼ ਦੇ ਬੁੱਤਾਂ 'ਚੋਂ ਅੱਜ ਕੱਲ੍ਹ ਸੇਕ ਆਉਂਦਾ ਹੈ,
ਜੇ ਪਰਬਤ ਸੁਲਗਿਆ ਤਾਂ ਕੀ ਪਤਾ ਅੰਬਰ ਪਿਘਲ ਜਾਵੇ।
ਤਿਰੀ ਇਹ ਚੰਨ ਨੂੰ ਫੜ ਕੇ, ਤਣਾਵਾਂ ਪਾਉਣ ਦੀ ਜ਼ਿਦ ਵਿੱਚ,
ਤਿਰੇ ਪੈਰਾਂ ਦੇ ਹੇਠੋਂ ਨਾ ਤਿਰੀ ਧਰਤੀ ਨਿਕਲ ਜਾਵੇ।
ਇਹ ਜੀਵਨ, ਜਿਸਮ ਤੇ ਧਰਤੀ ਦੇ ਵਿੱਚ ਇੱਕ ਅਹਿਦਨਾਮਾ ਹੈ,
ਉਹੀ ਬੰਦਾ ਹੈ ਜੋ ਇਸ ਅਹਿਦ ਦੇ ਖ਼ਾਕੇ 'ਚ ਢਲ ਜਾਵੇ।
ਫਿਰ ਉਸਦੇ ਪਾਰਦਰਸ਼ੀ ਹੋਣ ਦਾ ਕੀ ਅਰਥ ਰਹਿ ਜਾਂਦੈ,
ਜੇ ਸ਼ੀਸ਼ਾ ਪਰਦਿਆਂ ਵਿੱਚ ਹੋ ਰਹੀ ਸਾਜ਼ਿਸ਼ 'ਚ ਰਲ਼ ਜਾਵੇ।

## ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ

ਸੁਰਜੀਤ ਪਾਤਰ



ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ,
ਪਰ ਕੋਈ 'ਚਾ ਵੀ ਤਾਂ ਦੇ ਨੱਚਨ ਲਈ!
ਆਏ ਸਭ ਲਿਸ਼ਕਨ ਅਤੇ ਗਰਜਨ ਲਈ,
ਕੋਈ ਇਥੇ ਆਇਆ ਨਾ ਬਰਸਣ ਲਈ!
ਕੀ ਹੈ ਤੇਰਾ ਸ਼ਹਿਰ ਇਥੇ ਫੁੱਲ ਵੀ,
ਮੰਗਦੇ ਨੇ ਆਗਿਆ ਮਹਿਕਣ ਲਈ!
ਚੰਦ ਨਾ ਸੂਰਜ ਨਾ ਤਾਰੇ ਨਾ ਚਿਰਾਗ,
ਸਿਰਫ਼ ਖੰਜਰ ਰਹਿ ਗਿਆ ਲਿਸ਼ਕਨ ਲਈ!
ਕਿਓਂ ਜਗਾਵਾਂ ਸੁੱਤਿਆਂ ਲਫ਼ਜ਼ਾਂ ਨੂੰ ਮੈਂ,
ਦਿਲ 'ਚ ਜਦ ਕੁਝ ਨਹੀਂ ਆਖਣ ਲਈ!
ਤੁੱਸ ਕੇ ਜਾਂਦੇ ਸੱਜਨਾ ਦੀ ਸ਼ਾਨ ਵੱਲ,
ਅੱਖੀਓ, ਦਿਲ ਚਾਹੀਦਾ ਦੇਖਣ ਲਈ!
ਸਾਂਭ ਕੇ ਰੱਖ ਦਰਦ ਦੀ ਇਸ ਲਾਟ ਨੂੰ,
ਚੇਤਿਆਂ ਵਿਚ ਯਾਰ ਨੂੰ ਦੇਖਣ ਲਈ!
ਤਾਰਿਆਂ ਤੋਂ ਰੇਤ ਵੀ ਬਣਿਆਂ ਹਾਂ ਮੈਂ,
ਤੈਨੂ ਹਰ ਇਕ ਕੋਣ ਤੋਂ ਦੇਖਣ ਲਈ!
ਉਸਦੀ ਅੱਗ ਵਿੱਚ ਸੁਲਗਣਾ ਸੀ ਲਾਜ਼ਮੀ,
ਓਸ ਨੂ ਪੂਰੀ ਤਰਾਂ ਸਮਝਣ ਲਈ!
ਵਿਛੜਨਾ ਚਾਹੁੰਦਾ ਹਾਂ ਤੈਥੋਂ ਹੁਣ,
ਅਰਥ ਆਪਣੀ ਹੋਂਦ ਦੇ ਜਾਨਣ ਲਈ!

## ਵੰਝਲੀ ਕੂਕੇ

ਡਾ. ਹਰਿੰਦਰ ਕੌਰ ਸੋਹਲ

ਵੰਝਲੀ ਕੂਕੇ
ਜੰਗਲ ਰੋਵੇ,
ਸੱਪਾਂ ਚੰਦਨ ਡੱਸ ਲਿਆ ਏ।
ਕਿੱਦਾਂ ਚੜ੍ਹਨ
ਆਕਾਸ਼ 'ਤੇ ਪੀਂਘਾਂ,
ਬਿਰਖਾਂ ਟਲਣਾ ਸਿੱਖ ਲਿਆ ਏ।
ਆ ਜਾ ਬਹਿ ਜਾ
ਸਾਡੀ ਸੁਣ ਜਾ
ਆਪਣੀ ਕਹਿ ਜਾ।
ਬਿਰਖਾਂ ਦੇ ਮੁੱਢ
ਸਿਉਂਕ ਤੇ ਵਰਮੀ
ਨਾਗ ਨਿਵਾਸੀਂ ਜਿੰਦ ਕੁਰਲਾਵੇ।
ਫ਼ਸਲ ਨਿਰੀ
ਹਾਉਕੇ ਤੇ ਹਾਵੇ।
ਮਹਿਕ ਦੀ ਰੁੱਤੇ
ਸੁਪਨੇ ਮੋਏ।
ਵਣਜ
ਵਿਹਾਜ ਗਏ ਵਣਜਾਰੇ।
ਭਰਮ ਜਾਲ ਵਿੱਚ
ਸਾਨੂੰ ਪਾ ਗਏ।
ਬੇਫ਼ਿਕਰੀ ਦਾ
ਚੋਗਾ ਪਾ ਗਏ।
ਪੌਣਾਂ ਅੰਦਰ
ਜ਼ਹਿਰਾਂ ਭਰ ਗਏ।
ਜ਼ਿੰਦਾ ਨੂੰ
ਅਧਮੋਇਆ ਕਰ ਗਏ।

## ਹਰੇ ਰੰਗ ਦੀ ਛਾਵੇਂ

ਛਿੰਦਰ ਕੌਰ ਸਿਰਸਾ

ਬਾਪ ਦਾਦੇ ਦੇ ਹਾਣ ਦੇ ਕਿਸੇ ਬੋੜ੍ਹ 'ਤੇ ਪੀਂਘਾਂ ਪਾਓ
ਸਭ ਤੋਂ ਖਰੇ ਰੰਗ ਦੀ ਛਾਂ ਹੇਠ ਸਾਂਵੇਂ ਖਿਡਾਓ
ਦੋ ਜਹਾਨ ਦੇ ਗ਼ਮਾਂ ਦਾ ਖਣਵਾਦਾ ਘਰ ਕਰ ਗਿਆ
ਸਾਡੇ ਅੰਦਰਲੀ ਘੁਟਣ ਨੂੰ ਵੀ ਜ਼ਰਾ ਹਵਾ ਲਵਾਓ
ਮੱਕੇ ਦੀ ਬਣਾਵਟ ਹੋਏ ਇਸ ਦਿਲ ਦੀਆਂ ਬਰੂਹਾਂ 'ਤੇ
ਥਾਲਾਂ ਦੇ ਥਾਲ ਦੀਵੇ ਜਗਾਓ ਆਰਤੀਆਂ ਗਾਓ
ਅੱਖਰਾਂ ਵਿੱਚ ਵਲੀਆਂ ਰੰਗਦਾਰ ਰੀਝਾਂ ਨੂੰ ਸਮਝੋ
ਕਿਸੇ ਕਥਾ ਨੂੰ ਸੁਨਣ ਵਾਂਗ ਸਿਰ ਹੀ ਨਾ ਹਿਲਾਓ
ਨੌ ਰਸਾਂ ਦਾ ਮਿਸ਼ਰਣ ਇਨ੍ਹਾਂ ਅੱਖਰਾਂ ਦਾ ਵਾਸਤਾ
ਰੂਹ ਨੂੰ ਹਿਜਰ ਦੇ ਅਵਸ਼ੇਸ਼ ਸਾਂਭਣ ਦੀ ਥਾਂ ਨਾ ਬਣਾਓ
ਮੁਹੱਬਤ ਗੁੱਟਾਂ 'ਤੇ ਮੌਲੀਆਂ ਬੰਨ੍ਹਣ ਜੋਗੀ ਰਹਿ ਗਈ
ਬਹੁਤ ਜ਼ਰੂਰੀ ਹੈ ਕਿ ਇਸ਼ਕ ਨੂੰ ਹੁਣ ਰਿਵਾਜ ਬਣਾਓ
ਅਗਰਬੱਤੀ ਦਾ ਧੂੰਆਂ ਜੇ ਹੁੰਦਾ ਬ੍ਰਹਿਮੰਡੀ ਖਿੱਲਰ ਜਾਂਦਾ
ਅਰਸ਼ੋਂ ਡਿੱਗੇ ਸੁਪਨੀਲੇ ਪੰਛੀ ਨੂੰ ਘੁੱਟ ਪਾਣੀ ਦਾ ਪਿਆਓ
ਤੇਰਾ ਮਿਲਣਾ ਤੇ ਵਿਛੜਨਾ ਸਾਨੂੰ ਮੱਸਿਆ ਤੇ ਪੁੰਨਿਆ ਨੇ
ਬਿਰਹੋਂ ਗਾਚੀ ਸੱਚਣ ਮੇਰੇ ਰਾਮ ਜੀਓ ਤੁਸੀਂ ਏਸੇ ਰੁੱਤੇ ਆਓ

## ਹੱਸ ਕੇ ਆਪਾ ਵਾਰ ਦਿਆਂਗੇ

ਰਣਜੀਤ ਕੌਰ ਸਵੀ



ਹੱਸ ਕੇ ਆਪਾ ਵਾਰ ਦਿਆਂਗੇ।
ਤੇਰੇ ਤੋਂ ਸਭ ਹਾਰ ਦਿਆਂਗੇ।
ਕਰੇ ਸਾਡੇ ਤੇ ਮੇਹਰ ਨਜ਼ਰ ਤੂੰ,
ਬੇਸ਼ੁਮਾਰ ਤੈਨੂੰ ਪਿਆਰ ਦਿਆਂਗੇ।
ਦੂਰ ਗਿਆ ਜੇ ਤੂੰ ਸਾਡੇ ਤੋਂ,
ਚਾਅ ਦਿਲ ਦੇ ਮਾਰ ਦਿਆਂਗੇ।
ਦਿਲ ਵਾਲੀ ਗੱਲ ਲਿਖ ਕੇ ਤੈਨੂੰ,
ਬੰਦ ਲਿਫ਼ਾਫ਼ਾ ਤਾਰ ਦਿਆਂਗੇ।
ਗੁਲਾਬਾਂ ਸੰਗ ਤੇਰਾ ਰਾਹ ਮਹਿਕਾਵਾਂ,
ਫੁੱਲਾਂ ਨਾਲ ਸਜੀ ਗੁਲਜ਼ਾਰ ਦਿਆਂਗੇ।
ਕਮਲਿਆਂ ਤੇਰੇ ਪਿੱਛੇ ਪਿੱਛੇ ਮੈਂ ਫਿਰਦੀ,
ਸਾਨੂੰ ਹੱਸ ਕੇ ਬੁਲਾ ਸਤਿਕਾਰ ਦਿਆਂਗੇ।
ਇੱਕ ਵਾਰ ਸਵੀ ਦਾ ਬਣ 'ਤੇ ਸਹੀ,
ਤੇਰਾ ਸਾਰਾ ਕਰਜ਼ ਉਤਾਰ ਦਿਆਂਗੇ।

## ਹੂਕ

ਡਾ: ਸਤਿੰਦਰਜੀਤ ਕੌਰ

ਚੁੱਪ ਦੀ ਸੁਣੀਂ ਆਵਾਜ਼ ਵੇ ਸੋਹਣੇ!
ਇਹ ਮਨ ਦੀ ਪਰਵਾਜ਼ ਵੇ ਸੋਹਣੇ!

ਰੂਹ ਮੇਰੀ ਵਿੱਚ ਵਸ ਵੇ ਸੋਹਣੇ!
ਘੋਲ਼ ਜਿਸਮ ਵਿੱਚ ਰਸ ਵੇ ਸੋਹਣੇ !

ਏਦਾਂ ਨਾ ਤੜਫ਼ਾ ਵੇ ਸਾਨੂੰ ,
ਤੀਰ ਹਿਜਰ ਦੇ ਕੱਸ ਨਾ ਸੋਹਣੇ!

ਸਾਡੇ ਦੁੱਖੜੇ ਸਾਨੂੰ ਦੇ ਜਾ,
ਜਿੱਥੇ ਮਰਜ਼ੀ ਵੱਸ ਵੇ ਸੋਹਣੇ!

ਨੈਣ ਵਿਚਾਰੇ ਭੁਸਕ ਰਹੇ ਨੇ,
ਏਦਾਂ ਨਾ ਤੂੰ ਡੱਸ ਵੇ ਸੋਹਣੇ!

ਪਿੱਛਾ ਦੂਰ ਤੇ ਅੱਗਾ ਨੇੜੇ ,
ਲਈ ਤਿਆਰੀ ਕੱਸ ਵੇ ਸੋਹਣੇ!

# ਕਿਲਾ ਰਾਏਪੁਰ ਦੀਆਂ ਖੇਡਾਂ









ਕਿਲਾ ਰਾਏਪੁਰ ਦੀਆਂ ਖੇਡਾਂ, ਖੇਡ ਮੇਲਿਆਂ ਵਿਚੋਂ ਸਭ ਤੋਂ ਵੱਡਾ ਖੇਡ ਮੇਲਾ ਹੈ। ਇਹ ਖੇਡਾਂ 1933 ਵਿੱਚ ਸ਼ੁਰੂ ਹੋਈਆਂ ਸਨ ਅਤੇ ਹੁਣ ਇਹ ਖੇਡਾਂ ਆਪਣੀ ਪਲੈਟਨੀਮ ਜੁਬਲੀ ਮਨਾ ਚੁੱਕੀਆਂ ਹਨ। ਖੇਡਾਂ ਦਾ ਸ਼ੌਂਕ ਰੱਖਣ ਵਾਲੇ ਦੇਸ਼-ਵਿਦੇਸ਼ ਤੋਂ ਦਰਸ਼ਕ ਅਤੇ ਪੱਤਰਕਾਰ ਇਹ ਖੇਡਾਂ ਵੇਖਣ ਆਉਂਦੇ ਹਨ ਕਿਉਂਕਿ ਇਹ ਖੇਡਾਂ ਭਾਰਤ ਵਿੱਚ ਪੇਂਡੂ ਉਲੰਪਿਕ ਦੇ ਤੌਰ 'ਤੇ ਜਾਣੀਆਂ ਜਾਂਦੀਆਂ ਹਨ। ਇਹ ਖੇਡਾਂ ਪੇਂਡੂ ਖੇਡਾਂ ਤੋਂ ਸ਼ੁਰੂ ਹੋ ਕੇ ਹੁਣ ਸ਼ਹਿਰੀ ਖੇਡਾਂ ਤੱਕ ਪੁੱਜ ਗਈਆਂ ਹਨ।

ਕਿਲਾ ਰਾਏਪੁਰ ਦੀਆਂ ਖੇਡਾਂ ਨੇ ਕੁਦਰਤੀ ਤੇ ਮਨੁੱਖੀ ਕਹਿਰ ਨੂੰ ਵੀ ਵੇਖਿਆ ਹੈ। ਜਿਸ ਵਕਤ ਪੰਜਾਬ ਵਿੱਚ ਦਸ ਬੰਦੇ ਇਕੱਠੇ ਨਹੀਂ ਸਨ ਹੋ ਸਕਦੇ, ਉਸ ਵਕਤ ਵੀ ਇਹ ਖੇਡਾਂ ਹੁੰਦੀਆਂ ਰਹੀਆਂ ਹਨ।

ਇਸ ਖੇਡ ਮੇਲੇ ਨੂੰ ਸ਼ੁਰੂ ਕਰਨ ਦਾ ਮਕਸਦ ਖੇਤੀ ਬਾੜੀ ਦੇ ਧੰਦੇ ਵਾਲੇ ਵਿਅਕਤੀਆਂ ਨੂੰ ਖੇਡਾਂ ਦੇ ਜ਼ਰੀਏ ਜ਼ੋਰ ਅਜ਼ਮਾਇਸ਼ ਕਰਵਾਉਣਾ ਸੀ। ਇਹਨਾਂ ਖੇਡਾਂ ਦੀ ਸ਼ੁਰੂਆਤ 'ਚ ਜ਼ੋਰ ਅਜ਼ਮਾਇਸ਼ ਵਾਲੀਆਂ ਖੇਡਾਂ ਜਿਵੇਂ ਕੱਬਡੀ , ਕੁਸ਼ਤੀ , ਦੌੜਾਂ ਅਤੇ ਇਸ ਤੋਂ ਇਲਾਵਾ ਜਾਨਵਰਾਂ ਦੀਆਂ ਦੌੜਾਂ ਜਿੰਨ੍ਹਾਂ 'ਚ ਬਲਦ , ਊਂਠ , ਘੋੜੇ , ਕੁੱਤੇ ਆਦਿ ਦੀਆਂ ਦੌੜਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

ਕਿਲਾ ਰਾਏਪੁਰ ਦੀਆਂ ਖੇਡਾਂ 'ਚ ਇਹਨਾਂ ਖੇਡਾਂ ਦੇ ਜ਼ਰੀਏ ਜਾਨਵਰਾਂ ਅਤੇ ਮਨੁੱਖ ਵਿਚਕਾਰ ਦੇ ਪਿਆਰ ਨੂੰ ਖ਼ੂਬ ਦਰਸਾਇਆ ਜਾਂਦਾ ਹੈ। ਇਸ ਦੇ ਨਿਸ਼ਾਨ (ਲੋਗੋ) ਤੋਂ ਵੀ ਜਾਨਵਰਾਂ ਅਤੇ ਮਨੁੱਖਤਾ ਵਿਚਕਾਰਲਾ ਪਿਆਰ ਝਲਕਦਾ ਹੈ ਉਹ ਨਿਸ਼ਾਨ ਹੈ ਬਲਦਾਂ ਦੀਆਂ ਜੋੜੀਆਂ। ਕਿਲਾ ਰਾਏਪੁਰ ਦੀਆਂ ਖੇਡਾਂ ਦਾ ਨਿਸ਼ਾਨ ਦਰਸਾਉਂਦਾ ਹੈ ਕਿਸ ਤਰਾਂ ਖੇਤਾਂ 'ਚ ਜਾਨਵਰਾਂ ਤੋਂ ਕੰਮ ਲੈਣ ਵਾਲਾ ਇਨਸਾਨ ਆਪਣੇ ਜਾਨਵਰ ਨੂੰ ਪਿਆਰ ਕਰਦਾ ਹੈ।

ਕਿਲਾ ਰਾਏਪੁਰ ਦੀਆਂ ਖੇਡਾਂ 'ਚ ਅਕਸਰ ਹੀ ਇਸ ਖੇਡ ਮੇਲੇ ਦੇ ਪ੍ਰੇਮੀ ਕਹਿੰਦੇ ਨੇ ਕਿ ਜੇਕਰ ਕਿਸੇ ਨੇ ਪੰਜਾਬ ਦੀ ਰੂਹ ਦੇਖਣੀ ਹੋਵੇ ਤਾਂ ਉਹ ਕਿਲਾ ਰਾਏਪੁਰ ਦੀਆਂ ਖੇਡਾਂ ਜ਼ਰੂਰ ਦੇਖਣ। ਇੱਥੇ ਪੰਜਾਬ ਨੱਚਦਾ ਹੈ, ਗਾਉਂਦਾ ਹੈ, ਧੂੰਮਾਂ ਪਾਉਂਦਾ , ਖੇਡਦਾ ਹੈ। ਕਿਸੇ ਪਾਸੇ ਦੌੜਾਂ ਹੋ ਰਹੀਆਂ ਹੁੰਦੀਆਂ ਹਨ, ਕਿਸੇ ਪਾਸੇ ਕਬੱਡੀ ਪੈਂਦੀ ਹੈ ਅਤੇ ਕਿਸੇ ਪਾਸੇ ਭੰਗੜਾ ਪੈ ਰਿਹਾ ਹੁੰਦਾ ਹੈ।



ਕਿਲਾ ਰਾਏਪੁਰ ਦੀਆਂ ਖੇਡਾਂ 'ਚ ਪੰਜਾਬ ਦੀਆਂ ਲੱਗ ਭੱਗ ਸਾਰੀਆਂ ਲੋਕ ਖੇਡਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਉਸ ਦੇ ਨਾਲ ਹੀ ਬਹੁਤ ਸਾਰੀਆਂ ਸਰਕਸੀ ਖੇਡਾਂ ਵੀ ਕਰਵਾਈਆਂ ਜਾਂਦੀਆਂ ਹਨ ਜਿਵੇਂ ਮੂੰਗਲੀਆਂ ਫੇਰਦੇ, ਡੰਡ ਬੈਠਕਾਂ ਮਾਰਦੇ, ਮੋਟਰਸਾਈਕਲਾਂ ਉੱਤੇ ਕਰਤਬ ਦਿਖਾਉਂਦੇ, ਕੰਡ ਨਾਲ ਸਰੀਆ ਮੋੜਦੇ, ਦੰਦਾਂ ਨਾਲ ਮੋਟਰਸਾਈਕਲ ਖਿੱਚਦੇ ਅਤੇ ਬੋਤਲ ਉੱਤੇ ਹੱਥਾਂ ਭਾਰ ਖੜ੍ਹੋ ਜਾਣ ਵਾਲੇ ਖਿਡਾਰੀ ਆਪਣੀ ਕਲਾ ਦਾ ਹੁਨਰ ਬਿਖੇਰਦੇ ਨਜ਼ਰ ਆਉਂਦੇ ਹਨ। ਕਿਲਾ ਰਾਏਪੁਰ ਦੀਆਂ ਖੇਡਾਂ 'ਚ ਬਦਲਦੇ ਸਮੇਂ ਨਾਲ ਪੇਂਡੂ ਉਲੰਪਿਕ ਖੇਡ ਮੇਲੇ ਦੀ ਦਿੱਖ 'ਚ ਵੀ ਪਰਿਵਰਤਨ ਆਇਆ ਹੈ। ਅੱਜ ਤੋਂ 50 ਸਾਲ ਪਹਿਲਾਂ ਟਰੈਕਟਰਾਂ ਦੀਆਂ ਦੌੜਾਂ ਹੁੰਦੀਆਂ ਸਨ ਪਰ ਹੁਣ ਹਵਾ 'ਚ ਪੈਰਾ ਗਲਾਈਡਰ ਉੱਡਦੇ ਨਜ਼ਰ ਆਉਂਦੇ ਹਨ। ਦੇਸ਼ਾਂ ਵਿਦੇਸ਼ਾਂ ਤੋਂ ਖਿਡਾਰੀ ਕਿਲਾ ਰਾਏਪੁਰ ਦੀਆਂ ਖੇਡਾਂ 'ਚ ਹਿੱਸਾ ਲੈਂਦੇ ਹਨ।ਅਜਿਹੇ ਖੇਡ ਮੇਲਿਆਂ ਦੇ ਚਲਦੇ ਹੀ ਪੰਜਾਬ ਦੁਨੀਆਂ ਦੇ ਨਕਸ਼ੇ 'ਤੇ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ।

# ਕੀ ਹੈ ਏਸ਼ੀਆਈ ਖੇਡਾਂ 'ਚ ਭਾਰਤ ਦੀ ਜਿੱਤ ਦਾ ਰਹੱਸ ?

ਇੱਕ ਵਾਰ ਸਾਰੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਦੀ ਚੁਣੌਤੀ ਹੋਣ ਦੇ ਬਾਵਜੂਦ, ਭਾਰਤ ਹੁਣ ਖੇਡਾਂ ਦੇ ਵਿਕਾਸ ਵਿੱਚ ਨਿਵੇਸ਼ ਕਰਨ ਲਈ ਲੋੜੀਂਦੇ ਵਾਧੂ ਸਰੋਤਾਂ ਦਾ ਮਾਣ ਕਰਦਾ ਹੈ ਅਤੇ ਸੰਭਾਵੀ ਪ੍ਰਤਿਭਾ ਪੂਲ ਨੂੰ ਟੈਪ ਕਰਨ ਲਈ ਇੱਕ ਵਿਸ਼ਾਲ ਜਾਲ ਲਗਾ ਰਿਹਾ ਹੈ।ਹਾਲਾਂਕਿ, ਖੇਡਾਂ ਨੂੰ ਲੋਕ ਲਹਿਰ ਬਣਾਉਣ ਲਈ ਹੋਰ ਠੋਸ ਯਤਨਾਂ ਦੀ ਲੋੜ ਹੈ। 19ਵੀਆਂ ਏਸ਼ੀਅਨ ਖੇਡਾਂ ਨੇ ਪੂਰੇ ਭਾਰਤ ਵਿੱਚ ਉਤਸ਼ਾਹ ਲਿਆਂਦਾ, ਜਿਸ ਵਿੱਚ ਭਾਰਤੀ ਦਲ ਨੇ ਆਪਣੀ ਹੁਣ ਤੱਕ ਦੀ ਸਭ ਤੋਂ ਵਧੀਆ ਤਗਮਾ ਸੂਚੀ ਹਾਸਲ ਕੀਤੀ। ਖੇਡਾਂ ਦੀ ਸਫਲਤਾ ਵਿੱਚ ਭਾਰਤ ਦਾ ਤਾਜ਼ਾ ਵਾਧਾ ਮਹਿਜ਼ ਇਤਫ਼ਾਕ ਨਹੀਂ ਹੈ, ਸਗੋਂ ਧਿਆਨ ਨਾਲ ਯੋਜਨਾਬੱਧ ਖੇਡ ਵਿਕਾਸ ਨੀਤੀ ਦਾ ਨਤੀਜਾ ਹੈ।ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਨਾ ਸਿਰਫ਼ ਮਹੱਤਵਪੂਰਨ ਸਮਾਜਿਕ-ਆਰਥਿਕ



ਤਰੱਕੀ ਦੀ ਲੋੜ ਹੁੰਦੀ ਹੈ, ਸਗੋਂ ਇੱਕ ਵਿਸ਼ਾਲ ਪ੍ਰਤਿਭਾ ਪੂਲ ਦੀ ਵੀ ਲੋੜ ਹੁੰਦੀ ਹੈ ਜਿਸ ਕੋਲ ਉੱਚ-ਗੁਣਵੱਤਾ ਵਾਲੇ ਖੇਡ ਬੁਨਿਆਦੀ ਢਾਂਚੇ ਅਤੇ ਸਰੋਤਾਂ ਤੱਕ ਪਹੁੰਚ ਹੋਵੇ। ਮਹੱਤਵਪੂਰਨ ਸਮਾਜਿਕ-ਆਰਥਿਕ ਵਿਕਾਸ ਅਤੇ ਚੰਗੀ ਤਰ੍ਹਾਂ ਡਿਜ਼ਾਇਨ ਕੀਤੀਆਂ ਨੀਤੀਗਤ ਪਹਿਲ ਕਦਮੀਆਂ ਤੋਂ ਉਤਸ਼ਾਹਿਤ, ਭਾਰਤ ਨੇ ਇਨ੍ਹਾਂ ਦੋਵਾਂ ਮਹੱਤਵਪੂਰਨ ਤੱਤਾਂ ਨੂੰ ਸਫਲਤਾਪੂਰਵਕ ਵਿਕਸਿਤ ਕੀਤਾ ਹੈ। ਹਾਲਾਂਕਿ, ਜਦੋਂ ਅਸੀਂ ਇਸ ਸਫਲਤਾ ਦਾ ਜਸ਼ਨ ਮਨਾਉਂਦੇ ਹਾਂ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਭਾਰਤ ਨੂੰ ਬਹੁ-ਖੇਡ ਮੁਕਾਬਲਿਆਂ ਵਿੱਚ ਇੱਕ ਸੱਚੇ ਖੇਡ ਦਿੱਗਜ ਵਜੋਂ ਉਭਰਨ ਲਈ ਅਜੇ ਵੀ ਬਹੁਤ ਕੁਝ ਪ੍ਰਾਪਤ ਕਰਨਾ ਹੈ।ਕੁੱਲ ਆਬਾਦੀ ਦੇ ਆਕਾਰ ਦੀ ਬਜਾਏ, ਇਹ ਪ੍ਰਭਾਵਸ਼ਾਲੀ ਤੌਰ 'ਤੇ ਭਾਗ ਲੈਣ ਵਾਲੀ ਆਬਾਦੀ ਹੈ ਜੋ ਇਸ ਗੱਲ ਵਿੱਚ ਮਾਇਨੇ ਰੱਖਦਾ ਹੈ ਕਿ ਕੀ ਪੋਡੀਅਮ ਫਿਨਿਸ਼ ਹੋਵੇਗਾ ਜਾਂ ਨਹੀਂ। ਇਹ ਦੱਸਦਾ ਹੈ ਕਿ ਜਾਪਾਨ ਅਤੇ ਆਸਟ੍ਰੇਲੀਆ ਵਰਗੇ ਘੱਟ ਆਬਾਦੀ ਵਾਲੇ ਦੇਸ਼ਾਂ ਨੇ ਬਹੁ-ਖੇਡ ਮੁਕਾਬਲਿਆਂ ਵਿੱਚ ਲਗਾਤਾਰ ਵਧੀਆ ਪ੍ਰਦਰਸ਼ਨ ਕੀਤਾ ਹੈ। ਜ਼ਰੂਰੀ ਤੌਰ 'ਤੇ, ਇੱਕ ਆਬਾਦੀ ਖੇਡਾਂ ਵਿੱਚ ਸਰਗਰਮੀ ਨਾਲ ਤਾਂ ਹੀ ਹਿੱਸਾ ਲੈ ਸਕਦੀ ਹੈ ਜੇਕਰ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ, ਪੋਸ਼ਣ ਆਦਿ ਨੂੰ ਉਚਿਤ ਰੂਪ ਵਿੱਚ ਪੂਰਾ ਕੀਤਾ ਜਾਂਦਾ ਹੈ। ਹਾਲਾਂਕਿ, ਜੇਕਰ ਲੋੜੀਂਦਾ ਬੁਨਿਆਦੀ ਢਾਂਚਾ ਪਹੁੰਚਯੋਗ ਨਹੀਂ ਹੈ, ਤਾਂ ਖੇਡਾਂ ਵਿੱਚ ਦਿਲਚਸਪੀ ਰੱਖਣ ਵਾਲੀ ਲਗਜ਼ਰੀ ਆਬਾਦੀ ਨੂੰ ਵੀ ਮਹੱਤਵਪੂਰਨ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤਰ੍ਹਾਂ, ਖੇਡਾਂ ਦੀ ਭਾਗੀਦਾਰੀ ਨੂੰ ਪਹੁੰਚਯੋਗ ਬਣਾਉਣ ਲਈ ਲੰਬੇ ਸਮੇਂ ਦੇ ਜਨਤਕ ਖਰਚਿਆਂ ਅਤੇ ਸਰੋਤਾਂ ਨੂੰ ਜੁਟਾਉਣ ਦੀ ਲੋੜ ਹੈ।ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਏਸ਼ੀਆਈ ਖੇਡਾਂ ਵਿੱਚ ਭਾਰਤ ਦੀ ਸਫ਼ਲਤਾ ਦਾ ਰਹੱਸ ਭਾਰਤ ਦੀ ਚੰਗੀ ਖੇਡ ਨੀਤੀ ਹੈ।ਚੰਗੀ ਖੇਡ ਨੀਤੀ ਕਾਰਨ ਹੀ ਭਾਰਤ ਨੇ ਏਸ਼ੀਆਈ ਖੇਡਾਂ ਵਿੱਚ ਸਨਮਾਣਯੋਗ ਪ੍ਰਾਪਤੀਆਂ ਕੀਤੀਆਂ।ਇਸ ਤੋਂ ਇਲਾਵਾ ਜੇ ਖੇਡਾਂ ਨੂੰ ਭਾਰਤ ਵਿੱਚ ਲੋਕ ਲਹਿਰ ਬਣਾ ਦਿਤਾ ਜਾਵੇ ਤਾਂ ਭਾਰਤ ਹੋਰ ਆਲਮੀ ਮੁਕਾਬਲਿਆਂ ਵਿੱਚ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ।

# ਭਦੌੜ:ਜਿਥੇ ਗੁੜ੍ਹਤੀ ਦਿੱਤੀ ਜਾਂਦੀ ਐ ਖੇਡਾਂ ਦੀ

## ਨਸ਼ੇ ਦੇ ਛੇਵੇਂ ਦਰਿਆ 'ਚ ਡੁੱਬਣ ਤੋਂ ਬਚਾਉਣ ਲਈ ਬੱਚਿਆਂ ਨੂੰ ਖੇਡਾਂ ਲਈ ਉਤਸ਼ਾਹਿਤ ਕਰਦੇ ਨੇ ਮਾਪੇ

ਪੰਜਾਬ ਦੇ ਜ਼ਿਲ੍ਹਾ ਬਰਨਾਲਾ ਦਾ ਇਤਿਹਾਸਿਕ ਪਿੰਡ ਭਦੌੜ ਉਹਨਾਂ ਇਲਾਕਿਆਂ ਵਿੱਚ ਸ਼ਾਮਲ ਹੈ, ਜਿਥੇ ਖੇਡਾਂ ਅਤੇ ਖਿਡਾਰੀਆਂ ਨੂੰ ਵਿਸ਼ੇਸ ਤੌਰ 'ਤੇ ਉਤਸ਼ਾਹਿਤ ਕੀਤਾ ਜਾਂਦਾ ਹੈ।ਅਸਲ ਵਿੱਚ ਭਦੌੜ ਦੇ ਹਰ ਜੰਮਦੇ ਬੱਚੇ ਨੂੰ ਹੀ ਗੁੜਤੀ ਖੇਡਾਂ ਦੀ ਦਿੱਤੀ ਜਾਂਦੀ ਹੈ। ਸਾਲ 1955 ਵਿੱਚ ਭਦੌੜ ਦੇ ਨੌਜਵਾਨ ਖਿਡਾਰੀ ਸ੍ਰ. ਸੁਰਜੀਤ ਸਿੰਘ ਜ਼ਿਲ੍ਹੇਦਾਰ,( ਜੋ ਕਿ ਬਾਅਦ ਵਿੱਚ ਡਿਪਟੀ ਕੁਲੈਕਟਰ ਬਣੇ ) ਅਤੇ ਮਾਸਟਰ ਬਲਦੇਵ ਕੁਮਾਰ ਨੇ ਆਪਣੇ ਸਾਥੀਆਂ ਨਾਲ ਮਿਲਕੇ ਵਾਲੀਬਾਲ

### ਖਿਡਾਰੀ ਸੁਰਜੀਤ ਸਿੰਘ ਜ਼ਿਲ੍ਹੇਦਾਰ ਨ੍ਹੀ ਕਿਸੇ ਬਣ ਜਾਣਾ

ਕਲੱਬ ਬਣਾਇਆ ਸੀ। ਉਸ ਸਮੇਂ ਗਿਆਨੀ ਨੱਥਾ ਸਿੰਘ ਜੀ ਅਤੇ ਸ੍ਰ. ਬੱਗਾ ਸਿੰਘ ਜੀ ਬਰਮਾ ਵਾਲਿਆਂ ਦੀ ਹਵੇਲੀ ਵਿੱਚ ਵੀ ਵਾਲੀਬਾਲ ਤੇ ਹੈਂਡਬਾਲ ਖੇਡਣ ਲਈ ਖਿਡਾਰੀ ਹਰ ਦਿਨ ਸਵੇਰੇ- ਸ਼ਾਮ ਇੱਕਠੇ ਹੁੰਦੇ ਅਤੇ ਹਰ ਦਿਨ ਵਾਲੀਬਾਲ ਤੇ ਹੈਂਡਬਾਲ ਖੇਡਦੇ ਰਹਿੰਦੇ ਸਨ। ਸ੍ਰ. ਸੁਰਜੀਤ ਸਿੰਘ ਜ਼ਿਲ੍ਹੇਦਾਰ ਨੇ ਗੋਲਾ



S.Surjit Singh Ziledar



ਸੁੱਟਣ ਅਤੇ ਡਿਸਕਸ ਥਰੋ ਦੇ ਮੁਕਾਬਲਿਆਂ ਵਿੱਚ ਵੀ ਅਹਿਮ ਪ੍ਰਾਪਤੀਆਂ ਕੀਤੀਆਂ। ਅੱਜ ਵੀ ਭਦੌੜ ਦੇ ਵਸਨੀਕ ਕਹਿੰਦੇ ਨੇ ਕਿ ਸ੍ਰ. ਸੁਰਜੀਤ ਸਿੰਘ ਜ਼ਿਲ੍ਹੇਦਾਰ ਵਲੋਂ ਗੋਲਾ ਸੁੱਟਣ ਦਾ ਜੋ ਰਿਕਾਰਡ ਬਣਾਇਆ ਗਿਆ, ਉਹ ਰਿਕਾਰਡ ਭਦੌੜ ਦਾ ਅਜੇ ਹੋਰ ਕੋਈ ਨੌਜਵਾਨ ਨਹੀਂ ਤੋੜ ਸਕਿਆ। ਅੱਜ ਪੰਜ ਦਰਿਆਵਾਂ ਦੀ ਧਰਤੀ ਉੱਪਰ ਜਿਥੇ ਹਰ ਪਾਸੇ ਹੀ ਨਸ਼ਿਆਂ ਦਾ ਛੇਵਾਂ ਦਰਿਆ ਵਹਿ ਰਿਹਾ ਹੈ, ਉਥੇ ਭਦੌੜ ਵਿੱਚ ਨਸ਼ੇ ਤੋਂ ਰੋਕਣ ਲਈ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦਾ ਉਪਰਾਲਾ ਕਰਨਾ ਬਹੁਤ ਹੀ ਸ਼ਲਾਘਾਯੋਗ ਹੈ।

ਪੰਜਾਬ ਦੇ ਹੋਰਨਾਂ ਪਿੰਡਾਂ / ਸ਼ਹਿਰਾਂ ਦੇ ਵਸਨੀਕਾਂ ਨੂੰ ਵੀ ਭਦੌੜ ਦੇ ਵਸਨੀਕਾਂ ਵਾਂਗ ਹੀ ਆਪਣੇ ਬੱਚਿਆਂ ਨੂੰ ਖੇਡਾਂ ਦੀ ਗੁੜਤੀ ਦੇਣੀ ਚਾਹੀਦੀ ਹੈ ਤਾਂ ਕਿ ਪੰਜਾਬ ਵਿੱਚ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ ।

# ਇੱਕ ਖਿਡਾਰੀ ਦੀ ਜ਼ਿੰਦਗੀ ਨੂੰ ਬਖ਼ੂਬੀ ਪੇਸ਼ ਕਰਦੀ ਹੈ ਫ਼ਿਲਮ 'ਖਿਡਾਰੀ'



ਜਿੰਦ ਜਵੰਦਾ
946382800



ਹਿੰਦੀ ਸਿਨੇਮਾ ਵਾਂਗ ਹੁਣ ਪੰਜਾਬੀ ਸਿਨਮਾ ਵਿੱਚ ਵੀ ਵੱਡਾ ਬਦਲਾਅ ਆ ਰਿਹਾ ਹੈ। ਪੰਜਾਬੀ ਸਿਨਮਾ ਨਾਲ ਜੁੜੇ ਨੌਜਵਾਨ ਫ਼ਿਲਮ ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਵੱਖ- ਵੱਖ ਨਵੇਂ ਵਿਸ਼ਿਆਂ ਨੂੰ ਲੈ ਕੇ ਤਜਰਬੇ ਕਰ ਰਹੇ ਹਨ। ਇਨ੍ਹਾਂ ਨਵੇਂ ਤਜਰਬਿਆਂ ਦੀ ਲੜੀ 'ਚ ਹੀ ਦਰਸ਼ਕਾਂ ਨੂੰ ਇੱਕ ਇਮੋਸ਼ਨ, ਡਰਾਮਾ ਅਤੇ ਜ਼ਬਰਦਸਤ ਐਕਸ਼ਨ ਵਾਲੀ ਮਨੋਰੰਜਨ ਭਰਪੂਰ ਪੰਜਾਬੀ ਫ਼ਿਲਮ 'ਖਿਡਾਰੀ' ਹੈ। ਜੀ.ਐਫ਼.ਐਮ. ਫ਼ਿਲਮਜ਼ ਅਤੇ ਰਵੀਜਿੰਗ ਇੰਟਰਟੇਨਮੈਂਟ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿੱਚ ਅਦਾਕਾਰ ਤੇ ਗਾਇਕ ਗੁਰਨਾਮ ਭੁੱਲਰ, ਅਦਾਕਾਰ ਕਰਤਾਰ ਚੀਮਾ ਅਤੇ ਟੀ.ਵੀ. ਅਦਾਕਾਰਾ ਸੁਰਭੀ ਜਯੋਤੀ ਇਕੱਠੇ ਸਕ੍ਰੀਨ ਸਾਂਝੀ ਕਰਦੇ ਨਜ਼ਰ ਆਉਣਗੇ। ਸੁਰਭੀ ਜੋਤੀ ਹੁਣ ਤੱਕ ਅਨੇਕਾਂ ਹੀ ਪੰਜਾਬੀ ਅਤੇ ਹਿੰਦੀ ਟੀਵੀ ਸੀਰੀਅਲਾਂ ਵਿੱਚ ਕੰਮ ਕਰ ਚੁੱਕੀ ਹੈ। ਗੁਰਨਾਮ ਭੁੱਲਰ ਆਪਣੀਆਂ ਹੁਣ ਤੱਕ ਆਈਆਂ ਫ਼ਿਲਮਾਂ 'ਚ ਰੋਮਾਂਟਿਕ ਕਿਰਦਾਰ ਨਿਭਾਉਂਦੇ ਨਜ਼ਰ ਆਏ ਹਨ ਪਰ ਹੁਣ ਉਹ ਫ਼ਿਲਮ 'ਖਿਡਾਰੀ' 'ਚ ਇੱਕ ਵੱਖਰੇ ਰੂਪ 'ਚ ਨਜ਼ਰ ਆਉਣਗੇ ਅਤੇ ਉਹ ਇੱਕ ਰੈਸਲਰ ਦਾ ਰੋਲ ਅਦਾ ਕਰ ਕਰਨਗੇ। ਨਿਰਦੇਸ਼ਕ ਮਾਨਵ ਸ਼ਾਹ ਵੱਲੋਂ ਨਿਰਦੇਸ਼ਿਤ ਇਸ ਫ਼ਿਲਮ ਗੁਰਨਾਮ ਭੁੱਲਰ ਅਤੇ ਸੁਰਭੀ ਜਯੋਤੀ ਤੋਂ ਇਲਾਵਾ ਕਰਤਾਰ ਚੀਮਾ, ਪ੍ਰਭ ਗਰੇਵਾਲ, ਲਖਵਿੰਦਰ ਲੱਖਾ, ਨਵਦੀਪ ਕਲੇਰ ਤੇ ਮਨਜੀਤ ਸਿੰਘ ਆਦਿ ਕਲਾਕਾਰ ਨਜ਼ਰ ਆਉਣਗੇ। ਨਿਰਦੇਸ਼ਕ ਮਾਨਵ ਸ਼ਾਹ ਇਸ ਤੋਂ ਪਹਿਲਾਂ ਸਿਕੰਦਰ 2, ਜੱਟ ਬ੍ਰਦਰਜ਼ ਅਤੇ ਅੜਬ ਮੁਟਿਆਰ ਵਰਗੀਆਂ ਕਈ ਸੁਪਰ-ਡੁਪਰ ਹਿੱਟ ਫ਼ਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਹਨ। ਨਿਰਮਾਤਾ ਪਰਮਜੀਤ ਸਿੰਘ, ਰਵੀਸ਼ ਅਬਰੋਲ, ਅਕਸ਼ਦੀਪ ਚੈਲੀ ਤੇ ਗਗਨਦੀਪ ਚੈਲੀ ਵਲੋਂ ਪ੍ਰੋਡਿਊਸ ਇਸ ਫ਼ਿਲਮ ਦੀ ਕਹਾਣੀ ਤੇ ਸਕ੍ਰੀਨਪਲੇਅ ਧੀਰਜ ਕੇਦਾਰਨਾਥ ਰਤਨ ਨੇ ਲਿਖੀ ਹੈ ਜੋ ਕਿ ਆਮ ਪੰਜਾਬੀ ਫ਼ਿਲਮਾਂ ਦੀਆਂ ਕਹਾਣੀਆਂ ਤੋਂ ਬਿਲਕੁੱਲ ਹੱਟ ਕੇ ਹੋਵੇਗੀ ਅਤੇ ਦਰਸ਼ਕਾਂ ਨੂੰ ਇਸ ਫ਼ਿਲਮ 'ਚ ਇੱਕ ਅਲੱਗ ਕਹਾਣੀ ਦੇਖਣ ਨੂੰ ਮਿਲੇਗੀ ਕਿ ਕਿਵੇਂ ਇੱਕ ਬੰਦਾ ਮੈਦਾਨ ਦੀ ਖੇਡ ਦੇ ਨਾਲ-ਨਾਲ ਜ਼ਿੰਦਗੀ ਦੀ ਖੇਡ ਵੀ ਖੇਡਦਾ ਹੈ।

ਇਸ ਫ਼ਿਲਮ ਵਿੱਚ ਇੱਕ ਖਿਡਾਰੀ ਦੀ ਜਿੰਦਗੀ ਨੂੰ ਬਖ਼ੂਬੀ ਪੇਸ਼ ਕੀਤਾ ਗਿਆ ਹੈ ਅਤੇ ਕਰਤਾਰ ਚੀਮਾ ਤੇ ਗੁਰਨਾਮ ਭੁੱਲਰ ਦੋਵੇਂ ਹੀ ਕੁਸ਼ਤੀ ਦੇ ਖਿਡਾਰੀਆਂ ਦਾ ਕਿਰਦਾਰ ਨਿਭਾ ਰਹੇ ਹਨ। ਡਾਇਲਾਗ ਲੇਖਨ ਧੀਰਜ ਰਤਨ ਦੇ ਨਾਲ-ਨਾਲ ਗੁਰਪ੍ਰੀਤ ਭੁੱਲਰ ਅਤੇ ਜਿੰਮੀ ਰਾਮਪਾਲ ਵੱਲੋਂ ਕੀਤਾ ਗਿਆ ਹੈ।

## ਫ਼ਿਲਮ 'ਵੇਖੀ ਜਾ ਛੇੜੀ ਨਾ' ਲੈ ਕੇ ਆ ਰਿਹੈ ਨਿਰਦੇਸ਼ਕ ਮਨਜੀਤ ਸਿੰਘ ਟੋਨੀ



ਮਨਜੀਤ ਸਿੰਘ ਟੋਨੀ ਪੰਜਾਬੀ ਫ਼ਿਲਮਾਂ ਲਈ ਸਿੱਦਤ ਨਾਲ ਜੁੜਿਆ ਲੇਖਕ ਨਿਰਦੇਸ਼ਕ ਹੈ, ਜਿਸਨੇ ਆਪਣੀਆ ਮੁੱਢਲੀਆ ਫ਼ਿਲਮਾਂ ਕੁੜਮਾਈਆਂ, ਵਿੱਚ ਬੋਲੂਗਾ ਤੇਰੇ, ਤੂੰ ਮੇਰਾ ਕੀ ਲੱਗਦਾ, ਝੱਲੇ ਪੈ ਗਏ ਪੱਲੇ, ਤੇ ਜੱਟਸ ਲੈਂਡ ਆਦਿ ਨਾਲ ਪੰਜਾਬੀ ਸਿਨਮੇ ਨੂੰ ਪ੍ਰਫੁੱਲਤ ਕੀਤਾ। ਪੰਜਾਬੀ ਸਿਨਮੇ ਦੇ ਹਰਫਨਮੌਲਾ ਕਲਾਕਾਰ ਗੁਰਮੀਤ ਸਾਜਨ ਉਸਦਾ ਪੱਗਵਟ ਯਾਰ ਹੈ ਜਿਸਦੀ ਬਦੌਲਤ ਟੋਨੀ ਦੀ ਕਲਾ 'ਚ ਨਿਖਾਰ ਆਇਆ। ਦਰਜਨਾਂ ਲਘੂ ਫ਼ਿਲਮਾਂ ਕਰਨ ਮਗਰੋਂ ਵੱਡੀਆ ਫ਼ਿਲਮਾਂ ਵੱਲ ਆਇਆ ਟੋਨੀ ਗੁਰਮੀਤ ਸਾਜਨ ਦੇ ਸਾਥ ਨਾਲ ਇੰਨੀ ਦਿਨੀਂ ਆਪਣੀ ਇੱਕ ਨਵੀਂ ਫ਼ਿਲਮ ਵੇਖੀ ਜਾ ਛੇੜੀ ਨਾ ਲੈ ਕੇ ਆ ਰਿਹਾ ਹੈ। ਜਿਸ ਬਾਰੇ ਮਨਜੀਤ ਸਿੰਘ ਟੋਨੀ ਨੇ ਦੱਸਿਆ ਕਿ ਇਹ ਫ਼ਿਲਮ ਨਿਰੋਲ ਪਰਿਵਾਰਕ ਕਾਮੇਡੀ ਹੈ ਜਿਸ ਵਿੱਚ ਰਿਸ਼ਤਿਆਂ ਦੀ ਤਿਲਕਣਬਾਜ਼ੀ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਪਿੰਡਾਂ ਦੇ ਮਾਹੌਲ ਨਾਲ ਜੁੜੀ ਪਰਿਵਾਰਕ ਰਿਸ਼ਤਿਆ ਦੀ ਇਸ ਫ਼ਿਲਮ ਵਿੱਚ ਕਰਮਜੀਤ ਅਨਮੋਲ ਤੇ ਗੁਰਮੀਤ ਸਾਜਨ ਦੀ ਕਾਮੇਡੀ ਨਾਲ ਦਰਸ਼ਕਾਂ ਨੂੰ ਹਸਾ-ਹਸਾ ਲੋਟ-ਪੋਟ ਕਰਦੀ ਹੈ। ਕਰਮਜੀਤ ਅਨਮੋਲ ਲੰਮੇ ਸਮੇਂ ਤੋਂ ਫਿਲਮਾਂ ਵਿੱਚ ਕੀਤੀ ਜਾਂਦੀ ਸਫ਼ਲ ਕਾਮੇਡੀ ਸਦਕਾ ਦਰਸ਼ਕਾਂ ਦਾ ਦਿਲ ਜਿੱਤਦਾ ਆ ਰਿਹਾ ਹੈ। ਹਰ ਫਿਲਮ ਵਿੱਚ ਉਹ ਆਪਣੀ ਇਸ ਕਲਾ ਦਾ ਸਬੂਤ ਦਿੰਦਾ ਹੈ। ਗੁਰਮੀਤ ਸਾਜਨ ਵੀ ਪੰਜਾਬੀ ਫਿਲਮਾਂ 'ਚ ਇੱਕ ਹਾਸਰਸ ਪੈਦਾ ਕਰਨ ਵਾਲਾ ਪਾਤਰ ਨਿਭਾਉਂਦਾ ਆ ਰਿਹਾ ਹੈ।

'ਵਿਨਰਜ਼ ਫ਼ਿਲਮ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣੀ ਨਿਰਮਾਤਾ ਗੁਰਮੀਤ ਸਾਜਨ ਤੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾਂ (ਯੂ.ਕੇ.) ਦੀ ਇਸ ਫ਼ਿਲਮ ਕਰਮਜੀਤ ਅਨਮੋਲ, ਸਿਮਰ ਖਹਿਰਾ, ਲਵ ਗਿੱਲ, ਗੁਰਮੀਤ ਸਾਜਨ, ਮਹਾਂਵੀਰ ਭੁੱਲਰ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਪਰਮਿੰਦਰ ਗਿੱਲ, ਰੁਪਿੰਦਰ ਕੌਰ, ਦਲਵੀਰ ਬਬਲੀ, ਨੀਟਾ ਤੰਬੜਭਾਨ ਤੇ ਮਿੰਨੀ ਮੇਹਰ ਮਿੱਤਲ ਨੇ ਅਹਿਮ ਕਿਰਦਾਰ ਨਿਭਾਏ ਹਨ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਰਾਹੀਂ ਸਿਨਮੇ ਦੇ ਨਾਮੀਂ ਤੇ ਥੀਏਟਰ ਦੇ ਉਭਰਦੇ ਕਲਾਕਾਰਾਂ ਨੂੰ ਪਰਦੇ 'ਤੇ ਲਿਆਂਦਾ ਹੈ। ਪੰਜਾਬੀ ਫ਼ਿਲਮਾਂ ਦੇ ਮਾਰਗ 'ਤੇ ਸਹਿਜੇ ਕਦਮ ਚੱਲਣ ਵਾਲੇ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਭਵਿੱਖ ਵਿੱਚ ਵੀ ਕਈ ਵੱਡੀਆ ਫ਼ਿਲਮਾਂ ਨਾਲ ਸਰਗਰਮ ਰਹੇਗਾ। 23 ਫਰਵਰੀ ਨੂੰ ਵਾਈਟ ਹਿੱਲ ਵਲੋਂ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਇਸ ਫ਼ਿਲਮ ਨੂੰ ਯੂ. ਕੇ. ਵਿੱਚ 'ਕੇ-2' ਵੱਲੋਂ ਅਤੇ ਕੈਨੇਡਾ ਵਿੱਚ 'ਸਟੂਡੀਓ-7' ਤੇ ਸਤਰੰਗ ਫ਼ਿਲਮਜ਼ ਵੱਲੋਂ ਰਿਲੀਜ਼ ਕੀਤਾ ਜਾਵੇਗਾ।

## ਫ਼ਿਲਮਾਂ 'ਚ ਦਹਾੜਨ ਵਾਲੇ ਸੰਸਦ 'ਚ ਰਹੇ 'ਖ਼ਾਮੋਸ਼'



ਨਵੀਂ ਦਿੱਲੀ/ਏ.ਟੀ.ਨਿਊਜ਼: ਫਿਲਮਾਂ 'ਚ 'ਦਹਾੜਨ' ਵਾਲੇ ਅਦਾਕਾਰ ਸਨੀ ਦਿਓਲ ਤੇ ਸ਼ਤਰੂਘਨ ਸਿਨਹਾ ਪੰਜ ਸਾਲ ਤੱਕ ਸੰਸਦ ਵਿੱਚ 'ਖਾਮੋਸ਼' ਰਹੇ। ਇਨ੍ਹਾਂ ਦੋਵਾਂ ਸੰਸਦ ਮੈਂਬਰਾਂ ਸਮੇਤ ਨੌਂ ਲੋਕ ਨੁਮਾਇੰਦੇ ਪੂਰੇ ਕਾਰਜਕਾਲ ਦੌਰਾਨ ਸੰਸਦ 'ਚ ਇੱਕ ਸ਼ਬਦ ਵੀ ਨਾ ਬੋਲੇ। ਪੰਜ ਸਾਲਾਂ ਦੌਰਾਨ ਪੰਜਾਬ ਦੇ ਗੁਰਦਾਸਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਸਨੀ ਦਿਓਲ, ਪੱਛਮੀ ਬੰਗਾਲ ਦੇ ਆਸਨਸੋਲ ਤੋਂ ਟੀਐੱਮਸੀ ਸੰਸਦ ਮੈਂਬਰ ਸ਼ਤਰੂਘਨ ਸਿਨਹਾ, ਕਰਨਾਟਕ ਦੇ ਬੀਜਾਪੁਰ ਤੋਂ ਭਾਜਪਾ ਦੇ ਰਮੇਸ਼ ਚੰਦੱਪਾ ਜਿਗਾਜਿਨਾਗੀ, ਉੱਤਰ ਪ੍ਰਦੇਸ਼ ਦੇ ਘੋਸੀ ਤੋਂ ਬਸਪਾ ਦੇ ਅਤੁਲ ਕੁਮਾਰ ਸਿੰਘ, ਪੱਛਮੀ ਬੰਗਾਲ ਦੇ ਤਮਲੁਕ ਤੋਂ ਟੀਐੱਮਸੀ ਦੇ ਦਿਵਿਏਂਦੂ ਅਧਿਕਾਰੀ, ਕਰਨਾਟਕ ਦੇ ਚਿੱਕਾਬੱਲਾਪੁਰ ਤੋਂ ਭਾਜਪਾ ਦੇ ਬੀਐੱਨ ਬਚੇਗੌੜਾ, ਅਸਾਮ ਦੇ ਲਖੀਮਪੁਰ ਤੋਂ ਭਾਜਪਾ ਦੇ ਪ੍ਰਧਾਨ ਬਰੂਆ, ਕਰਨਾਟਕ ਤੋਂ ਭਾਜਪਾ ਦੇ ਸੰਸਦ ਮੈਂਬਰ ਅਨੰਤ ਕੁਮਾਰ ਹੇਗੜੇ ਅਤੇ ਭਾਜਪਾ ਦੇ ਸੰਸਦ ਮੈਂਬਰ ਸ੍ਰੀਨਿਵਾਸ ਪ੍ਰਸਾਦ ਸ਼ਾਮਲ ਹਨ। ਸਨੀ ਦਿਓਲ ਨੇ ਲੋਕ ਸਭਾ ਦੀ ਕਾਰਵਾਈ ਜਾਂ ਬਹਿਸ 'ਚ ਹਿੱਸਾ ਨਹੀਂ ਲਿਆ। ਸੂਤਰਾਂ ਅਨੁਸਾਰ ਲੋਕ ਸਭਾ ਸਪੀਕਰ ਨੇ ਸਨੀ ਦਿਓਲ ਨੂੰ ਬੋਲਣ ਲਈ ਦੋ ਵਾਰ ਸੱਦਾ ਦਿੱਤਾ ਪਰ ਉਹ ਕੁਝ ਨਹੀਂ ਬੋਲੇ। ਸਨੀ ਦਿਓਲ ਸਮੇਤ ਛੇ ਸੰਸਦ ਮੈਂਬਰਾਂ ਨੇ ਕੁਝ ਲਿਖਤੀ ਸਵਾਲ ਜ਼ਰੂਰ ਪੁੱਛੇ ਸਨ।

## 'ਅੰਗਰੇਜ਼' ਅਤੇ 'ਕਿਸਮਤ' ਨੇ ਮੇਰੀ ਜ਼ਿੰਦਗੀ ਬਦਲੀ: ਸਰਗੁਣ ਮਹਿਤਾ



ਪੰਜਾਬੀ ਅਦਾਕਾਰਾ ਸਰਗੁਣ ਮਹਿਤਾ ਨੇ ਆਖਿਆ ਕਿ ਫ਼ਿਲਮ 'ਅੰਗਰੇਜ਼' ਅਤੇ 'ਕਿਸਮਤ' ਨੇ ਉਸ ਦੀ ਪੇਸ਼ੇਵਰ ਜ਼ਿੰਦਗੀ ਨੂੰ ਬਦਲ ਦਿੱਤਾ ਸੀ। ਫ਼ਿਲਮ 'ਕਿਸਮਤ' ਵਿੱਚ ਮੁੱਖ ਭੂਮਿਕਾਵਾਂ 'ਚ ਐਮੀ ਵਿਰਕ ਤੇ ਸਰਗੁਣ ਮਹਿਤਾ ਹਨ ਜਦਕਿ ਫ਼ਿਲਮ ਅੰਗਰੇਜ਼ ਵਿੱਚ ਅਮਰਿੰਦਰ ਗਿੱਲ, ਸਰਗੁਣ ਮਹਿਤਾ ਤੇ ਆਦਿਤੀ ਸ਼ਰਮਾ ਨੇ ਮੁੱਖ ਕਿਰਦਾਰ ਨਿਭਾਏ ਹਨ। ਜ਼ਿਕਰਯੋਗ ਹੈ ਕਿ ਸਰਗੁਣ ਨੇ ਸਾਲ 2015 ਵਿੱਚ ਪੰਜਾਬੀ ਇਤਿਹਾਸਕ ਰੋਮਾਂਟਿਕ ਡਰਾਮਾ ਫ਼ਿਲਮ 'ਅੰਗਰੇਜ਼' ਨਾਲ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ ਸੀ। ਇਸ ਫ਼ਿਲਮ ਦਾ ਨਿਰਦੇਸ਼ਨ ਸਿਮਰਜੀਤ ਸਿੰਘ ਨੇ ਕੀਤਾ ਸੀ ਜਿਸ ਵਿੱਚ ਸਰਗੁਣ ਨੇ ਧੰਨ ਕੌਰ ਅਤੇ ਅਮਰਿੰਦਰ ਨੇ ਅੰਗਰੇਜ਼ ਉਰਫ਼ ਗੇਜਾ ਦਾ ਕਿਰਦਾਰ ਨਿਭਾਇਆ ਸੀ। ਸਰਗੁਣ ਨੇ ਕਿਹਾ, 'ਪੰਜਾਬ ਵਿੱਚ 'ਅੰਗਰੇਜ਼' ਮੇਰੀ ਪਹਿਲੀ ਫ਼ਿਲਮ ਸੀ ਅਤੇ ਇਸ ਫ਼ਿਲਮ ਜ਼ਰੀਏ ਮੈਂ ਅੱਜ ਹੀਰੋਇਨ ਬਣ ਗਈ ਹਾਂ। ਮੈਨੂੰ ਲੱਗਦਾ ਹੈ ਕਿ ਮੇਰੇ ਪੂਰੇ ਕੈਰੀਅਰ ਵਿੱਚ ਕਿਸੇ ਵੀ ਪ੍ਰਾਜੈਕਟ ਵਿੱਚੋਂ ਸਭ ਤੋਂ ਮਹੱਤਵਪੂਰਨ ਭੂਮਿਕਾ 'ਅੰਗਰੇਜ਼' ਦੀ ਹੈ। ਮੈਨੂੰ ਅੱਜ ਵੀ ਕੈਨੇਡਾ, ਆਸਟਰੇਲੀਆ ਵਿੱਚ ਲੋਕ ਧੰਨ ਕੌਰ ਹੀ ਆਖਦੇ ਹਨ। ਇਨ੍ਹਾਂ ਭਾਵਨਾਵਾਂ ਨੂੰ ਮੈਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੀ।'

## ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਨੂੰ 14 ਸਾਲ ਪੂਰੇ ਹੋਏ




ਅਦਾਕਾਰ ਸ਼ਾਹਰੁਖ਼ ਖਾਨ ਅਤੇ ਕਾਜੋਲ ਦੀ ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਰਿਲੀਜ਼ ਹੋਈ ਨੂੰ 14 ਸਾਲ ਹੋ ਗਏ ਹਨ। ਇਸ ਸਬੰਧੀ ਕਾਜੋਲ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਸਾਂਝੀ ਕੀਤੀ ਹੈ। ਕਰਨ ਜੌਹਰ ਵੱਲੋਂ ਬਣਾਈ ਗਈ ਇਹ ਫ਼ਿਲਮ 2010 ਵਿੱਚ ਰਿਲੀਜ਼ ਹੋਈ ਸੀ ਅਤੇ ਇਸ ਨੂੰ ਬਲਾਕਬੱਸਟਰ ਐਲਾਨਿਆ ਗਿਆ ਸੀ। ਫ਼ਿਲਮ ਵਿੱਚ ਸ਼ਾਹਰੁਖ਼ ਦੀ ਅਦਾਕਾਰੀ ਦੀ ਕਾਫ਼ੀ ਸ਼ਲਾਘਾ ਕੀਤੀ ਗਈ ਸੀ। ਇਸ ਵਿੱਚ ਸ਼ਾਹਰੁਖ਼ ਨੇ ਅਮਰੀਕਾ ਵਿੱਚ ਰਿਜ਼ਵਾਨ ਖ਼ਾਨ ਨਾਂ ਦੇ ਇੱਕ ਭਾਰਤੀ ਮੁਸਲਮਾਨ ਦਾ ਕਿਰਦਾਰ ਨਿਭਾਇਆ ਸੀ। ਅਦਾਕਾਰਾ ਕਾਜੋਲ ਨੇ ਸਿੰਗਲ ਮਦਰ ਮੰਦਿਰਾ ਦਾ ਕਿਰਦਾਰ ਨਿਭਾਇਆ ਸੀ ਜੋ ਕਿ ਰਿਜ਼ਵਾਨ ਨਾਲ ਵਿਆਹ ਕਰਵਾਉਂਦੀ ਹੈ। ਨਿਊਯਾਰਕ ਸ਼ਹਿਰ ਵਿੱਚ 11 ਸਤੰਬਰ ਦੇ ਹਮਲਿਆਂ ਮਗਰੋਂ ਉਨ੍ਹਾਂ ਦੀ ਖੁਸ਼ਹਾਲ ਜ਼ਿੰਦਗੀ ਵਿੱਚ ਉਲਟਫ਼ੇਰ ਹੋ ਜਾਂਦਾ ਹੈ। ਇਹ ਫ਼ਿਲਮ ਜਿੱਥੇ ਸ਼ਾਹਰੁਖ਼ ਦੀ ਵਧੀਆ ਅਦਾਕਾਰੀ ਕਰ ਕੇ ਯਾਦ ਕੀਤੀ ਜਾਂਦੀ ਹੈ ਉੱਥੇ ਹੀ ਇਹ 'ਤੇਰਾ ਸਜਦਾ', 'ਤੇਰੇ ਨੈਨਾ' ਅਤੇ 'ਨੂਰ-ਏ-ਖ਼ੁਦਾ' ਵਰਗੇ ਗੀਤਾਂ ਕਰ ਕੇ ਲੋਕਾਂ ਦੇ ਮਨ ਵਿੱਚ ਵੱਸੀ ਹੋਈ ਹੈ। ਸ਼ਾਹਰੁਖ਼ ਅਤੇ ਕਾਜੋਲ ਪਰਦੇ 'ਤੇ ਸਭ ਤੋਂ ਵਧੀਆ ਜੋੜੀਆਂ ਵਿੱਚੋਂ ਇੱਕ ਹਨ। ਉਹ 'ਦਿਲਵਾਲੇ ਦੁਲਹਨੀਆ ਲੈ ਜਾਏਂਗੇ', 'ਕਭੀ ਖੁਸ਼ੀ ਕਭੀ ਗ਼ਮ', ਦਿਲਵਾਲੇ' ਅਤੇ 'ਕੁਛ ਕੁਛ ਹੋਤਾ ਹੈ' ਜਿਹੀਆਂ ਫ਼ਿਲਮਾਂ ਵਿੱਚ ਇਕੱਠੇ ਕੰਮ ਕਰ ਚੁੱਕੇ ਹਨ। ਇਸ ਦੌਰਾਨ ਸ਼ਾਹਰੁਖ਼ ਖ਼ਾਨ ਨੇ 2023 ਵਿੱਚ ਤਿੰਨ ਹਿੱਟ ਫ਼ਿਲਮਾਂ 'ਪਠਾਨ' (ਜਨਵਰੀ), 'ਜਵਾਨ (ਸਤੰਬਰ), ਅਤੇ 'ਡੰਕੀ' (ਦਸੰਬਰ) ਨਾਲ ਬਾਕਸ ਆਫ਼ਿਸ 'ਤੇ ਰਾਜ ਕੀਤਾ ਹੈ। ਉਸ ਨੇ ਅਜੇ ਆਪਣੀ ਅਗਲੀ ਫ਼ਿਲਮ ਦਾ ਐਲਾਨ ਨਹੀਂ ਕੀਤਾ ਹੈ।

## ਸੱਠ ਸਾਲਾਂ ਬਾਅਦ ਤੇਜ਼ੀ ਨਾਲ

ਇਨ੍ਹਾਂ 'ਚੋਂ ਵਧੇਰੇ 60 ਤੋਂ 79 ਸਾਲ ਦੇ ਸਨ। ਉਨ੍ਹਾਂ ਪਾਇਆ ਕਿ ਵੱਧ ਉਮਰ, ਘੱਟ ਸਿੱਖਿਆ ਵਾਲੇ ਤੇ ਪਿੰਡਾਂ 'ਚ ਰਹਿਣ ਵਾਲੇ ਬਜ਼ੁਰਗਾਂ 'ਚ ਇਸ ਦਾ ਰੁਝਾਨ ਵੱਧ ਸੀ। ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਧ ਜਾਵੇਗੀ। ਟੀਮ ਨੇ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਮਾਨਸਿਕ ਬਿਮਾਰੀਆਂ ਦੇ ਗਿਣਤੀ ਮੈਨੂਅਲ (ਡੀ.ਐੱਸ.ਐੱਮ.-5) ਦੇ ਡਾਟਾ ਦੀ ਵਰਤੋਂ ਕਰ ਕੇ ਉਮੀਦਵਾਰਾਂ ਦੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ। ਟੀ.ਬੀ.ਈ. ਨਤੀਜਿਆਂ ਤੋਂ ਪਤਾ ਲੱਗਾ ਕਿ ਆਬਾਦੀ 'ਚ ਡੀ.ਐੱਸ.ਐੱਮ-5 ਹਲਕੇ ਤੇ ਅਹਿਮ ਤੰਤ੍ਰਿਕਾ ਬੌਧਿਕ ਅਸਮਰਥਾ ਦਾ ਪਸਾਰ ਲੜੀਵਾਰ 17.6 ਫੀਸਦੀ ਤੇ 7.2 ਫੀਸਦੀ ਸੀ।

***

## ਭਾਰਤ ਦੇ ਪੰਜ ਨਵੇਂ ਭਾਰਤ ਰਤਨ !

ਕਾਰਜਕਾਲ ਦੌਰਾਨ ਆਰਥਿਕ ਉਦਾਰੀਕਰਨ ਲਾਗੂ ਕੀਤਾ ਸੀ। ਉਨ੍ਹਾਂ ਨੂੰ ਭਾਰਤੀ ਆਰਥਿਕ ਸੁਧਾਰਾਂ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਰਾਓ ਨੇ ਆਪਣੇ ਵਿੱਤ ਮੰਤਰੀ ਮਨਮੋਹਨ ਸਿੰਘ ਨਾਲ ਮਿਲ ਕੇ ਭਾਰਤੀ ਅਰਥਵਿਵਸਥਾ ਨੂੰ ਲੀਹ 'ਤੇ ਲਿਆਂਦਾ ਸੀ। ਉਸਨੇ ਦੇਸ਼ ਵਿੱਚ ਵਿਦੇਸ਼ੀ ਨਿਵੇਸ਼ ਦੇ ਦਰਵਾਜ਼ੇ ਖੋਲ੍ਹੇ ਅਤੇ ਘਰੇਲੂ ਬਾਜ਼ਾਰ ਨੂੰ ਨਿਯਮਤ ਕਰਨ ਲਈ ਕਈ ਸੁਧਾਰ ਕੀਤੇ। ਰਾਓ ਨੂੰ ਭਾਰਤ ਰਤਨ ਦੇ ਕੇ, ਪੀਐਮ ਮੋਦੀ ਨੇ ਅਰਥਚਾਰੇ ਅਤੇ ਇਸ ਨਾਲ ਸਬੰਧਤ ਮਾਰਕੀਟ ਪ੍ਰਣਾਲੀ, ਕਾਰਪੋਰੇਟ ਜਗਤ ਦੇ ਨਾਲ-ਨਾਲ ਕਾਂਗਰਸ ਦੇ ਅਣਗੌਲੇ ਲੋਕਾਂ ਦਾ ਸਨਮਾਨ ਕਰਨ ਅਤੇ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ।

### ਸਵਾਮੀਨਾਥਨ ਯਾਨੀ ਬਾਜਰਾ

ਖੇਤੀਬਾੜੀ ਵਿਗਿਆਨੀ ਐਮ. ਐਸ. ਸਵਾਮੀਨਾਥਨ ਨੂੰ ਭਾਰਤ ਵਿੱਚ ਹਰੀ ਕ੍ਰਾਂਤੀ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਸਨੇ ਦੇਸ਼ ਨੂੰ ਨਵੀਂ ਤਾਕਤ ਦਿੱਤੀ ਜਦੋਂ ਇਹ ਅਜੇ ਆਜ਼ਾਦ ਹੋਇਆ ਸੀ ਅਤੇ ਅਨਾਜ ਸੰਕਟ ਸੀ। ਉਸ ਸਮੇਂ ਸਾਨੂੰ ਚੌਲ, ਕਣਕ, ਦਾਲਾਂ ਅਤੇ ਹੋਰ ਅਨਾਜ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਸੀ ਅਤੇ ਸਰਕਾਰ ਨੇ ਬੰਦਰਗਾਹਾਂ 'ਤੇ ਨਜ਼ਰ ਰੱਖੀ ਹੋਈ ਸੀ। ਸਵਾਮੀਨਾਥਨ ਨੇ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੀ ਕਾਢ ਕੱਢ ਕੇ ਨਾ ਸਿਰਫ਼ ਭਾਰਤ ਨੂੰ ਅਨਾਜ ਵਿੱਚ ਆਤਮ-ਨਿਰਭਰ ਬਣਾਇਆ ਸਗੋਂ ਅੱਜ ਭਾਰਤ ਦੇਸ਼ ਵਿਦੇਸ਼ਾਂ ਨੂੰ ਅਨਾਜ ਬਰਾਮਦ ਕਰ ਰਿਹਾ ਹੈ। ਅੱਜ ਜਦੋਂ ਪੂਰੀ ਦੁਨੀਆਂ ਫਿਰ ਤੋਂ ਬਾਜਰੇ 'ਤੇ ਜ਼ੋਰ ਦੇ ਰਹੀ ਹੈ, ਤਾਂ ਸਵਾਮੀਨਾਥਨ ਨੂੰ ਸਨਮਾਨਿਤ ਕਰਕੇ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਅਤੇ ਖੇਤੀ ਵਿਗਿਆਨੀਆਂ ਦੇ ਨਾਲ-ਨਾਲ ਖੋਜਕਰਤਾਵਾਂ ਦਾ ਮਨੋਬਲ ਵੀ ਉੱਚਾ ਕੀਤਾ ਹੈ ਅਤੇ ਉਨ੍ਹਾਂ ਨੂੰ 'ਸਬਕਾ ਸਾਥ, ਸਬਕਾ ਵਿਕਾਸ' ਦੀ ਪਰਿਭਾਸ਼ਾ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਨੂੰ ਸਾਕਾਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਭਾਰਤ ਰਤਨ ਪੁਰਸਕਾਰ 2 ਜਨਵਰੀ 1954 ਨੂੰ ਤਤਕਾਲੀ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਦੁਆਰਾ ਸ਼ੁਰੂ ਕੀਤਾ ਗਿਆ ਸੀ।ਕੋਈ ਵੀ ਵਿਅਕਤੀ ਜਾਤ, ਕਿੱਤੇ, ਅਹੁਦੇ ਜਾਂ ਲਿੰਗ ਦੀ ਪਰਵਾਹ ਕੀਤੇ ਬਿਨਾਂ ਇਸ ਸਨਮਾਨ ਲਈ ਯੋਗ ਹੈ।ਇਹ ਮਨੁੱਖੀ ਯਤਨਾਂ ਦੇ ਕਿਸੇ ਵੀ ਖੇਤਰ ਵਿੱਚ ਉੱਚ ਪੱਧਰ ਦੀ ਬੇਮਿਸਾਲ ਸੇਵਾ/ਪ੍ਰਦਰਸ਼ਨ ਦੀ ਮਾਨਤਾ ਵਿੱਚ ਦਿੱਤਾ ਜਾਂਦਾ ਹੈ।ਭਾਰਤ ਰਤਨ ਲਈ ਸਿਫ਼ਾਰਸ਼ਾਂ ਪ੍ਰਧਾਨ ਮੰਤਰੀ ਖ਼ੁਦ ਰਾਸ਼ਟਰਪਤੀ ਨੂੰ ਕਰਦੇ ਹਨ। ਇਸ ਲਈ ਕਿਸੇ ਰਸਮੀ ਸਿਫਾਰਸ਼ ਦੀ ਲੋੜ ਨਹੀਂ ਹੈ।

***

## ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇਣ ਦੇ ਐਲਾਨ 'ਤੇ

ਕਿਹਾ ਕਿ ਸਥਿਤੀ ਬਹੁਤ ਖਰਾਬ ਹੋ ਗਈ ਹੈ, ਕਤਲੇਆਮ ਹੋ ਰਿਹਾ ਹੈ, ਤੁਸੀਂ ਤੁਰੰਤ ਫੌਜ ਨੂੰ ਬੁਲਾਓ। ਉਸ ਸਮੇਂ 5000 ਨਿਰਦੋਸ਼ ਸਿੱਖ ਮਾਰੇ ਗਏ, ਹਜ਼ਾਰਾਂ ਸਿੱਖ ਪਰਿਵਾਰ ਬੇਘਰ ਹੋ ਗਏ ਸਨ, ਸੈਂਕੜੇ ਗੁਰਦੁਆਰੇ ਤਬਾਹ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ, ਸੈਂਕੜੇ ਔਰਤਾਂ ਨਾਲ ਬਲਾਤਕਾਰ ਕੀਤੇ ਗਏ, ਅਰਬਾਂ ਰੁਪਏ ਦੀ ਸਿੱਖ ਜਾਇਦਾਦ ਨੂੰ ਸਾੜਿਆ ਗਿਆ ਅਤੇ ਲੁੱਟਿਆ ਗਿਆ। ਦਿੱਲੀ ਪੁਲਿਸ ਉਸ ਸਮੇਂ ਗ੍ਰਹਿ ਮੰਤਰੀ ਨਰਸਿਮਹਾ ਰਾਓ ਦੇ ਹੱਥ ਸੀ ਅਤੇ ਨਰਸਿਮਹਾ ਰਾਓ ਦੇ ਹੁਕਮਾਂ 'ਤੇ ਦਿੱਲੀ ਪੁਲਿਸ ਨੇ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਸੌਂਪੀਆਂ, ਐਫ.ਆਈ.ਆਰ. ਨਹੀਂ ਲਿਖੀ ਗਈ, ਪੋਸਟ ਮਾਰਟਮ ਨਹੀਂ ਕਰਵਾਇਆ ਗਿਆ। ਉਸ ਤੋਂ ਬਾਅਦ ਨਰਸਿਮਹਾ ਰਾਓ ਦੇ ਹੁਕਮਾਂ 'ਤੇ ਸਿੱਖਾਂ ਦੀਆਂ ਲਾਸ਼ਾਂ ਨੂੰ ਟਰੱਕਾਂ ਵਿੱਚ ਇਕੱਠਾ ਕਰਕੇ, ਅਰਾਵਲੀ ਦੀਆਂ ਪਹਾੜੀਆਂ ਅਤੇ ਦਿੱਲੀ ਦੇ ਆਲੇ-ਦੁਆਲੇ ਦੇ ਜੰਗਲਾਂ 'ਚ ਲਿਜਾਇਆ ਗਿਆ ਅਤੇ ਪੈਟਰੋਲ, ਡੀਜ਼ਲ ਅਤੇ ਰਸਾਇਣਾਂ ਨਾਲ ਸਾੜ ਦਿੱਤਾ ਗਿਆ।

ਹੁਣ ਭਾਰਤ ਸਰਕਾਰ ਨੇ ਹਜ਼ਾਰਾਂ ਸਿੱਖਾਂ ਦੇ ਕਾਤਲ ਨਰਸਿਮਹਾ ਰਾਓ ਨੂੰ ਭਾਰਤ ਰਤਨ ਦੇ ਕੇ ਦੇਸ਼ ਅਤੇ ਦੁਨੀਆਂ ਦੇ ਸਿੱਖਾਂ ਨੂੰ ਬੁਰੀ ਤਰ੍ਹਾਂ ਨਾਲ ਜ਼ਖਮੀ ਕਰ ਦਿੱਤਾ ਹੈ, ਭਾਰਤ ਸਰਕਾਰ ਦਾ ਇਹ ਬਹੁਤ ਹੀ ਗਲਤ ਫੈਸਲਾ ਹੈ, ਜਿਸ ਦੀ ਸਿੱਖ ਕੌਮ ਸਖ਼ਤੀ ਨਾਲ ਵਿਰੋਧ ਕਰੇਗੀ।

***

## ਅਕਾਲੀ ਮੋਰਚਿਆਂ ਵਿੱਚ

ਜਥਾ ਗੁਰਦੁਆਰੇ ਨੂੰ ਅੰਗਰੇਜ਼ ਅਫ਼ਸਰਾਂ ਦੇ ਕਬਜ਼ੇ ਵਿਚ ਨਹੀਂ ਰਹਿਣ ਦੇਵੇਗਾ।ਆਪਣੀਆਂ ਫ਼ੌਜਾਂ ਹਟਾ ਕੇ ਗੁਰਦੁਆਰਾ ਆਜ਼ਾਦ ਕਰ ਦੇਵੋ। ਸਿੰਘਾਂ ਨੇ ਹਥਿਆਰ ਸੂਤ ਲਏ। ਅੰਗਰੇਜ਼ ਅਫ਼ਸਰਾਂ ਨੂੰ ਜਾਣ ਲਿਆ ਕਿ ਇਸ ਵਿਚ ਅੰਗਰੇਜ਼ ਸਰਕਾਰ ਦਾ ਜਨਤਕ ਨੁਕਸਾਨ ਹੋਵੇਗਾ। ਭਾਵੇਂ ਪਹਿਲੇ ਹੋ ਰਹੇ ਤਸ਼ੱਦਦ ਪਰਦੇ ਵਿਚ ਹਨ। ਇਸ ਲਈ ਡਿਪਟੀ ਕਮਿਸ਼ਨਰ ਕੈਰੀ ਨੇ ਚਾਬੀਆਂ ਜਥੇਦਾਰ ਦੇ ਹੱਥ ਫੜਾਈਆਂ ਅਤੇ ਫ਼ੌਜ ਹਟਾ ਲਈ ਗਈ। ਉਸ ਵੇਲੇ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਸਿੰਘਾਂ ਨੂੰ ਦੇ ਦਿੱਤਾ। ਕਮੇਟੀ ਦੇ ਪ੍ਰਧਾਨ ਸ੍ਰ. ਹਰਬੰਸ ਸਿੰਘ ਅਟਾਰੀ ਵਾਲੇ ਜੋ ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਨ, ਨੂੰ ਬਣਾਇਆ ਗਿਆ। ਫਰਵਰੀ 22, 1921 ਨੂੰ ਸਵੇਰੇ 11 ਵਜੇ ਸਿੰਘਾਂ ਨੂੰ ਅੰਦਰ ਜਾਣ ਦਾ ਹੁਕਮ ਹੋਇਆ।

23 ਫਰਵਰੀ 1921 ਨੂੰ ਪੰਜਾਬ ਦਾ ਗਵਰਨਰ ਮੈਕਲੈਗਨ ਆਪਣੀ ਕਾਰਜਕਾਰਨੀ ਨੂੰ ਨਾਲ ਲੈ ਕੇ ਨਨਕਾਣਾ ਸਾਹਿਬ ਪੁੱਜਾ। ਗਵਰਨਰ ਵੀ ਇਸ ਭਿਆਨਕ ਕਤਲੇਆਮ ਦਾ ਦ੍ਰਿਸ਼ ਵੇਖ ਕੇ ਦੁਖੀ ਹੋਇਆ। ਫਿਰ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ, ਜਿਸ ਵਿਚ ਸ਼ਹੀਦ ਗੰਜ ਬਣਿਆ ਹੈ, ਤਿਆਰ ਕੀਤਾ ਗਿਆ। ਸ਼ਾਮ 7 ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਇਸ ਦੀ ਯਾਦ ਵਿੱਚ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਕਾਲੇ ਦਸਤਾਰੇ ਸਜਾਏ।

ਮਹੰਤ ਨਰਾਇਣ ਦਾਸ ਅਤੇ ਉਸ ਦੇ ਕੁਝ ਸਾਥੀਆਂ ਉੱਤੇ ਸਰਕਾਰ ਨੇ ਮੁਕੱਦਮਾ ਚਲਾਇਆ। ਸੈਸ਼ਨ ਜੱਜ ਨੇ ਮਹੰਤ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ 16 ਪਠਾਣਾ ਨੂੰ 7-7 ਸਾਲ ਦੀ ਕੈਦ ਦੀ ਸਜਾ ਸੁਣਾਈ। ਅਪੀਲ ਹੋਣ ਤੇ ਹਾਈ ਕੋਰਟ ਨੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਕਰ ਦਿੱਤੀ। ਉਸ ਦੇ ਕੇਵਲ ਤਿੰਨ ਸਾਥੀਆਂ ਦੀ ਫਾਂਸੀ ਦੀ ਬਹਾਲ ਰਖੀ। ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਇਸ ਕਤਲੇਆਮ ਸਮੇਂ ਅਕਾਲੀਆਂ ਨੂੰ ਹਿੰਦੂ, ਮੁਸਲਮਾਨ ਭਾਈਚਾਰੇ ਦੀ ਹਮਦਰਦੀ ਮਿਲੀ, ਮਹੰਤ ਦੇ ਇਸ ਕਾਲੇ ਕਾਰੇ ਤੇ ਲਾਹਨਤਾਂ ਪਾਈਆਂ। ਅਖ਼ਬਾਰਾਂ ਕੇਸਰੀ, ਬੰਦੇ ਮਾਤਰਮ, ਮਿਲਾਪ, ਪ੍ਰਤਾਪ ਆਦਿ ਹਿੰਦੀ ਤੇ ਉਰਦੂ ਅਖ਼ਬਾਰਾਂ ਨੇ ਮਹੰਤ ਦੀ ਹਨੇਰ ਗਰਦੀ ਦੀ ਨਿਖੇਧੀ ਕੀਤੀ ਤੇ ਸਾਰੀਆਂ ਅਖ਼ਬਾਰਾਂ ਨੇ ਸਰਕਾਰ ਨੂੰ ਲਾਹਨਤਾਂ ਪਾਈਆਂ। ਅਖ਼ਬਾਰਾਂ ਕੇਸਰੀ, ਬੰਦੇ ਮਾਤਰਮ, ਮਿਲਾਪ,ਪ੍ਰਤਾਪ ਆਦਿ ਹਿੰਦੀ ਤੇ ਉਰਦੂ ਅਖ਼ਬਾਰਾਂ ਨੇ ਮਹੰਤ ਦੀ ਹਨੇਰ ਗਰਦੀ ਦੀ ਨਿਖੇਧੀ ਕੀਤੀ ਤੇ ਸਾਰਿਆਂ ਅਖ਼ਬਾਰਾਂ ਨੇ ਸਰਕਾਰ ਨੂੰ ਅੰਦਰਖਾਤੇ ਮਹੰਤ ਨਾਲ ਮਿਲੇ ਹੋਣ ਦੇ ਦੋਸ਼ ਲਗਾਏ। ਜ਼ਿਮੀਦਾਰ ਉਰਦੂ ਅਖ਼ਬਾਰ ਨੇ ਉਹਨਾਂ ਮੁਸਲਮਾਨਾਂ ਨੂੰ ਲਾਹਨਤਾਂ ਪਾਈਆਂ ਜੋ ਮਹੰਤ ਦੀ ਮਦਦ ਵਿੱਚ ਰਹੇ ਸਨ।

ਇਸ ਕਤਲੇਆਮ ਨੇ ਪੰਜਾਬੀ ਕਵੀਆਂ ਤੇ ਲਿਖਾਰੀਆਂ ਵਿੱਚ ਨਵਾਂ ਜੋਸ਼ ਭਰਿਆ। ਉਹ ਅੰਗਰੇਜ਼ ਸਰਕਾਰ ਦੀ ਪ੍ਰਵਾਹ ਨਾ ਕਰਦੇ ਹੋਏ, ਕੈਦਾਂ ਅਤੇ ਜੁਰਮਾਨਿਆਂ ਦੇ ਬਾਵਜੂਦ ਬੜੀਆਂ ਕਵਿਤਾ ਲਿਖਦੇ ਅਤੇ ਪੜ੍ਹਦੇ ਰਹੇ। ਇਸ ਨਾਲ ਅਕਾਲੀ ਲਹਿਰ ਦਾ ਘੇਰਾ ਵਿਸ਼ਾਲ ਹੋ ਗਿਆ। ਰਾਸ਼ਟਰੀ ਜਨਤਕ ਅੰਦੋਲਨਾਂ ਦਾ ਰਾਹ ਖੁਲਿਆ।

ਅਕਾਲੀ ਲਹਿਰ ਨੇ ਗੁਰਦੁਆਰੇ ਆਜ਼ਾਦ ਕਰਵਾਉਣੇ ਆਰੰਭ ਕਰ ਦਿੱਤੇ। ਨਨਕਾਣਾ ਸਾਹਿਬ ਦੇ 'ਮਾਲ ਜੀ ਸਾਹਿਬ',' ਕਿਆਰਾ ਸਾਹਿਬ', 'ਬਾਲ ਲੀਲ੍ਹਾ ਸਾਹਿਬ' ਆਦਿ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਆ ਗਏ। ਇਸ ਸਮੇਂ ਅੰਗਰੇਜ਼ੀ ਸਰਕਾਰ ਨੇ ਵਕਤੀ ਤੌਰ ਤੇ ਸਿੱਖਾਂ ਨਾਲ ਹਮਦਰਦੀ ਪ੍ਰਗਟਾਈ ਪਰ ਛੇਤੀ ਹੱਥ ਸਰਕਾਰ ਨੇ ਸੁਧਾਰਕ ਸਿੱਖਾਂ ਉੱਪਰ ਸਖ਼ਤੀ ਕਰਕੇ ਕਈਆਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ।

***

## ਅਕਾਲੀ-ਭਾਜਪਾ ਦੇ ਸੰਭਾਵੀ ਗੱਠਜੋੜ

ਇਸ ਸਬੰਧੀ ਜਾਂਚ ਟੀਮ ਨੇ ਪਿੰਡ ਨਿਆਮੀਵਾਲਾ ਦੇ ਨੌਜਵਾਨ ਕੋਲੋਂ ਲੰਬੀ ਪੁੱਛ-ਪੜਤਾਲ ਵੀ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਆਪਣੇ ਬਿਆਨ ਵਿੱਚ ਮੰਨ ਚੁੱਕੇ ਹਨ ਕਿ ਉਹ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨਾ ਚਾਹੁੰਦੇ ਸਨ ਪਰ ਕੇਂਦਰ ਸਰਕਾਰ ਨੇ ਇਹ ਕੇਸ ਸੀਬੀਆਈ ਨੂੰ ਸੌਂਪ ਦਿੱਤਾ ਜਿਸ ਕਰਕੇ ਉਹ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਹੀਂ ਕਰ ਸਕੇ। ਹੁਣ ਜਦੋਂ ਅਕਾਲੀ-ਭਾਜਪਾ ਗੱਠਜੋੜ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ ਤਾਂ ਇਸੇ ਦਰਮਿਆਨ ਪ੍ਰਦੀਪ ਕਲੇਰ ਦੀ ਗ੍ਰਿਫ਼ਤਾਰੀ ਹੋ ਗਈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਪ੍ਰਦੀਪ ਕਲੇਰ ਦੀ ਗ੍ਰਿਫ਼ਤਾਰੀ ਨੇ ਅਕਾਲੀ ਦਲ ਦੀ ਸਿਰਦਰਦੀ ਵਧਾ ਦਿੱਤੀ ਹੈ।

ਇਸੇ ਦਰਮਿਆਨ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਏ.ਡੀ.ਜੀ.ਪੀ. ਐੱਸ.ਪੀ.ਐੱਸ. ਪਰਮਾਰ, ਸੀ.ਆਈ.ਏ. ਸਟਾਫ ਫ਼ਰੀਦਕੋਟ ਦੇ ਇੰਚਾਰਜ ਇੰਸਪੈਕਟਰ ਹਰਬੰਸ ਸਿੰਘ ਅਤੇ ਜਲੰਧਰ ਦੇ ਪੁਲਿਸ ਕਮਿਸ਼ਨਰ ਮੁਖਵਿੰਦਰ ਸਿੰਘ ਭੁੱਲਰ ਨੇ ਸੀ.ਆਈ.ਏ. ਸਟਾਫ ਵਿੱਚ ਪ੍ਰਦੀਪ ਕਲੇਰ ਤੋਂ ਬੇਅਦਬੀ ਕਾਂਡ ਬਾਰੇ ਪੁੱਛ ਪੜਤਾਲ ਕੀਤੀ। ਸੂਤਰਾਂ ਅਨੁਸਾਰ ਪ੍ਰਦੀਪ ਕਲੇਰ ਨੇ ਮਹਿੰਦਰਪਾਲ ਬਿੱਟੂ ਨੂੰ ਡੇਰਾ ਮੁਖੀ ਰਾਮ ਰਹੀਮ ਨਾਲ ਮਿਲਵਾਇਆ ਸੀ ਅਤੇ ਡੇਰੇ ਵਿੱਚ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਾਜ਼ਿਸ਼ ਰਚੀ ਗਈ ਸੀ। ਡੀ.ਜੀ.ਪੀ. ਗੌਰਵ ਯਾਦਵ ਨੇ ਪ੍ਰਦੀਪ ਕਲੇਰ ਦੀ ਗ੍ਰਿਫ਼ਤਾਰੀ ਨੂੰ ਵੱਡੀ ਪ੍ਰਾਪਤੀ ਦੱਸਦਿਆਂ ਗ੍ਰਿਫ਼ਤਾਰੀ ਲਈ ਛਾਪੇ ਮਾਰਨ ਵਾਲੀ ਟੀਮ ਦੇ ਇੰਚਾਰਜ ਇੰਸਪੈਕਟਰ ਹਰਬੰਸ ਸਿੰਘ ਨੂੰ ਡੀ.ਜੀ.ਪੀ. ਡਿਸਕ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ।

***

## ਅਕਾਲੀ ਦਲ ਨੂੰ ਵੱਡਾ ਝਟਕਾ, ਬਸਪਾ ਨੇ ਤੋੜਿਆ ਗੱਠਜੋੜ

ਪਾਰਟੀ ਦੇ ਕੇਂਦਰੀ ਕੋਆਰਡੀਨੇਟਰ ਤੇ ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਚਾਰ ਘੰਟੇ ਲੰਬੀ ਚੱਲੀ ਮੈਰਾਥਨ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬਹੁਜਨ ਸਮਾਜ ਪਾਰਟੀ ਪੰਜਾਬ 'ਚ ਇਕੱਲਿਆਂ ਹੀ ਚੋਣਾਂ ਲੜੇਗੀ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੀ ਲਗਾਤਾਰ ਅਣਦੇਖੀ ਕਰਦੇ ਹੋਏ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਜੋ ਕਿ ਦਲਿਤਾਂ, ਪੱਛੜੇ ਵਰਗਾਂ, ਘੱਟ ਗਿਣਤੀਆਂ, ਕਿਸਾਨਾਂ ਨੂੰ ਕੁਚਲਣ ਲਈ ਗੈਰ-ਸੰਵਿਧਾਨਕ ਨੀਤੀਆਂ ਬਣਾਉਂਦੇਹੋਏ ਭਾਰਤੀ ਸੰਵਿਧਾਨ ਨੂੰ ਬਦਲਣ ਲਈ ਕੰਮ ਕਰ ਰਹੀ ਹੈ, ਇਸ ਲਈ ਬਹੁਜਨ ਸਮਾਜ ਪਾਰਟੀ ਕਦੇ ਵੀ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਨਹੀਂ ਕਰ ਸਕਦੀ।

***

## ਰਾਸ਼ਟਰਪਤੀ ਚੋਣਾਂ 'ਚ ਬਾਈਡੇਨ ਦੀ ਉਮਰ ਦਾ ਮੁੱਦਾ ਬਣਿਆ ਚੁਣੌਤੀ

ਲੜਨ ਲਈ ਬਹੁਤ ਬੁੱਢੇ ਹਨ ਅਤੇ ਵਧੇਰੇ ਚਿੰਤਾ ਵਾਲੀ ਗੱਲ ਇਹ ਹੈ ਕਿ 73 ਫ਼ੀਸਦੀ ਡੈਮੋਕਰੇਟ ਵੋਟਰ ਵੀ ਬਾਈਡੇਨ ਨੂੰ ਬਹੁਤ ਬੁੱਢਾ ਮੰਨਦੇ ਹਨ। ਹਿਲੇਰੀ ਨੇ ਇਹ ਵੀ ਕਿਹਾ ਕਿ ਉਹ 'ਗੁਣਾਂ' ਦੇ ਕਾਰਨ ਦੂਜੇ ਰਾਸ਼ਟਰਪਤੀ ਕਾਰਜਕਾਲ ਲਈ ਬਾਈਡੇਨ ਦੀ ਮੁਹਿੰਮ ਦਾ ਸਮਰਥਨ ਕਰ ਰਹੀ ਹੈ। ਹਿਲੇਰੀ ਨੇ ਕਿਹਾ ਕਿ ਇੱਕ ਵਾਰ ਜਦੋਂ ਤੁਸੀਂ ਇਹ ਕਹਿ ਦਿੰਦੇ ਹੋ, ਤਾਂ ਤੁਹਾਨੂੰ ਇਸ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ ਕਿ ਇਸ ਚੋਣ ਵਿੱਚ ਕੀ ਦਾਅ 'ਤੇ ਲੱਗਾ ਅਤੇ ਮੈਂ 'ਗੁਣਾਂ' ਦੇ ਕਾਰਨ ਜੋਅ ਬਾਈਡੇਨ ਦੇ ਪੱਖ ਵਿੱਚ ਹਾਂ। ਮੈਨੂੰ ਲਗਦਾ ਹੈ ਕਿ ਉਸਨੇ ਰਾਸ਼ਟਰਪਤੀ ਵਜੋਂ ਬਹੁਤ ਵਧੀਆ ਕੰਮ ਕੀਤਾ ਹੈ। ਰੁਜ਼ਗਾਰ ਰਾਸ਼ਟਰਪਤੀ ਬਾਈਡੇਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਉਨ੍ਹਾਂ ਨੇ ਅਮਰੀਕੀ ਆਰਥਿਕਤਾ ਨੂੰ ਬਚਾਇਆ ਹੈ, ਜਦੋਂ ਦੁਨੀਆ ਦੋ ਵੱਡੀਆਂ ਜੰਗਾਂ ਦਾ ਸਾਹਮਣਾ ਕਰ ਰਹੀ ਸੀ। ਰੂਸ-ਯੂਕ੍ਰੇਨ ਅਤੇ ਇਜ਼ਰਾਈਲ-ਹਮਾਸ ਯੁੱਧਾਂ ਦੇ ਬਾਵਜੂਦ, ਬਾਈਡੇਨ ਦੇ ਪ੍ਰਸ਼ਾਸਨ ਨੇ ਅਮਰੀਕੀ ਆਰਥਿਕਤਾ ਵਿੱਚ ਉਜਰਤਾਂ ਵਿੱਚ ਵਾਧਾ ਅਤੇ ਬੇਰੁਜ਼ਗਾਰੀ ਵਿੱਚ ਗਿਰਾਵਟ ਦੇਖੀ ਹੈ। ਬਾਈਡੇਨ ਨੇ ਪਿਛਲੇ ਮਹੀਨੇ 3.53 ਲੱਖ ਨਵੀਆਂ ਨੌਕਰੀਆਂ ਵੀ ਪੈਦਾ ਕੀਤੀਆਂ ਹਨ।

***

## ਗੁਰਦੁਆਰਾ ਬੋਰਡ ਦੇ ਪੁਨਰਗਠਨ ਕਾਰਨ

ਨਾਮਜ਼ਦ ਕਰ ਸਕਦੀ ਹੈ। ਇਸ ਤੋਂ ਇਲਾਵਾ ਸੰਸਦ ਜਾਂ ਹੋਰ ਸੰਸਥਾਵਾਂ ਤੋਂ ਕੋਈ ਨੁਮਾਇੰਦਗੀ ਨਹੀਂ ਹੋਵੇਗੀ।

ਅਸਲ ਵਿੱਚ ਗੁਰਦੁਆਰਾ ਬੋਰਡ 3 ਸਾਲ ਲਈ ਚੁਣਿਆ ਜਾਂਦਾ ਹੈ ਅਤੇ ਸੰਗਤ ਇਸ ਦੇ ਮੈਂਬਰਾਂ ਦੀ ਚੋਣ ਕਰਦੀ ਹੈ। 1956 ਦੇ ਐਕਟ ਅਨੁਸਾਰ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਤਖ਼ਤ ਹਜ਼ੂਰ ਸਾਹਿਬ ਦਾ ਪ੍ਰਬੰਧ ਦੇਖਦਾ ਹੈ। 1956 ਦੇ ਐਕਟ ਅਨੁਸਾਰ, ਹੁਣ ਤੱਕ ਤਖ਼ਤ ਹਜ਼ੂਰ ਸਾਹਿਬ ਬੋਰਡ ਵਿੱਚ ਕੁੱਲ 17 ਮੈਂਬਰ ਹਨ, ਜਿਨ੍ਹਾਂ ਵਿੱਚ 4 ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਹੁੰਦੇ ਹਨ, 4 ਮੈਂਬਰ ਸੱਚਖੰਡ ਹਜ਼ੂਰ ਖ਼ਾਲਸਾ ਦੀਵਾਨ ਦੇ, ਸੰਸਦ ਵੱਲੋਂ ਦੋ ਸਿੱਖ ਮੈਂਬਰ, ਚੀਫ਼ ਖ਼ਾਲਸਾ ਦੀਵਾਨ ਤੋਂ ਇੱਕ, ਮਰਾਠਵਾੜਾ ਦੇ 7 ਜ਼ਿਲ੍ਹਿਆਂ ਤੋਂ ਸਿੱਧੇ ਚੁਣੇ ਗਏ 3 ਮੈਂਬਰ ਸ਼ਾਮਲ ਹੁੰਦੇ ਹਨ। ਇਸ ਦੇ ਨਾਲ ਹੀ ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਤੋਂ ਇੱਕ-ਇੱਕ ਮੈਂਬਰ ਅਤੇ ਨਾਂਦੇੜ ਕਲੈਕਟਰ ਨਾਮਜ਼ਦ ਹੁੰਦੇ ਹਨ।

ਅਮਰੀਕਾ ਵਿਚਲੀਆਂ ਸਿੱਖ ਸੰਸਥਾਵਾਂ ਦੀ ਬਣੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ 'ਤੇ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ 1956 ਵਿੱਚ ਸੋਧ ਕਰ ਕੇ ਸਿੱਖ ਜਥੇਬੰਦੀਆਂ ਦੀ ਨੁਮਾਇੰਦਗੀ ਘੱਟ ਕਰਨ ਲਈ ਮਹਾਰਾਸ਼ਟਰ ਸਰਕਾਰ ਦੀ ਨਿਖੇਧੀ ਕੀਤੀ ਹੈ। ਸਿੱਖ ਜਥੇਬੰਦੀਆਂ ਨੇ ਇਹ ਮਾਮਲਾ ਸੰਯੁਕਤ ਰਾਸ਼ਟਰ ਆਫਿਸ ਆਫ਼ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ ਕੋਲ ਰੱਖਣ ਦਾ ਐਲਾਨ ਕੀਤਾ ਹੈ। ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧ ਹਿੰਮਤ ਸਿੰਘ, ਡਾ. ਪ੍ਰਿਤਪਾਲ ਸਿੰਘ ਅਤੇ ਹਰਜਿੰਦਰ ਸਿੰਘ ਨੇ ਕਿਹਾ ਕਿ ਮਹਾਰਾਸ਼ਟਰ ਮੰਤਰੀ ਮੰਡਲ ਦਾ ਫੈਸਲਾ ਸਿੱਖ ਗੁਰਦੁਆਰਿਆਂ ਦੇ ਮਾਮਲਿਆਂ ਵਿੱਚ ਸਰਕਾਰੀ ਦਖ਼ਲ-ਅੰਦਾਜ਼ੀ ਵਧਾਉਣ ਦਾ ਅਗਲਾ ਕਦਮ ਹੈ। ਇਸ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ।

ਸਿੱਖ ਹਲਕਿਆਂ ਦਾ ਮੰਨਣਾ ਹੈ ਕਿ ਸਰਕਾਰ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲ-ਅੰਦਾਜ਼ੀ ਕਰਕੇ ਕਬਜ਼ੇ ਕਰ ਰਹੀ ਹੈ। ਅਗਲਾ ਨਿਸ਼ਾਨਾ ਸ਼੍ਰੋਮਣੀ ਕਮੇਟੀ ਤੇ ਪੰਜਾਬ ਦੇ ਗੁਰਧਾਮ ਵੀ ਹੋ ਸਕਦੇ ਹਨ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸੰਯੁਕਤ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ, ਭਾਈ ਜਗਤਾਰ ਸਿੰਘ ਹਵਾਰਾ ,ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇਸ ਸਰਕਾਰੀ ਦਖਲ ਅੰਦਾਜ਼ੀ ਦੀ ਸਖ਼ਤ ਨਿਖੇਧੀ ਕੀਤੀ ਹੈ।

***

## ਮਰਦ ਅਤੇ ਔਰਤਾਂ ਦੋਹਾਂ ਨੂੰ

ਕਾਰਨ ਲਾਗੂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਾਨੂੰਨ ਨੂੰ ਸਰਗਰਮ ਕਰਨ ਨਾਲ ਦੁਸ਼ਮਣਾਂ ਨੂੰ ਤਾਕਤ ਦਿਖਾ ਕੇ ਜੰਗ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ। ਜ਼ਾਵ ਮਿਨ ਤੁਨ ਨੇ ਕਿਹਾ, ਇਸ ਲਈ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਰਾਸ਼ਟਰੀ ਰੱਖਿਆ ਦੀ ਜ਼ਿੰਮੇਵਾਰੀ ਸਿਰਫ ਸਿਪਾਹੀ ਦੀ ਜ਼ਿੰਮੇਵਾਰੀ ਨਹੀਂ ਹੈ। ਇਹ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਸਾਰੇ ਲੋਕਾਂ ਦੀ ਜ਼ਿੰਮੇਵਾਰੀ ਹੈ। ਰਾਸ਼ਟਰੀ ਸੁਰੱਖਿਆ ਹਰ ਕਿਸੇ ਦੀ ਜ਼ਿੰਮੇਵਾਰੀ ਹੈ। ਇਸ ਲਈ ਮੈਂ ਸਾਰਿਆਂ ਨੂੰ ਇਹ ਕਹਿਣਾ ਚਾਹਾਂਗਾ ਕਿ ਲੋਕ ਸੈਨਿਕ ਸੇਵਾ ਦੇ ਲਾਗੂ ਕਾਨੂੰਨ ਤਹਿਤ ਮਾਣ ਨਾਲ ਸੇਵਾ ਕਰਨ।

***

## ਮੌਸਮ 'ਤੇ ਪਿਆ ਗਲੋਬਲ ਵਾਰਮਿੰਗ

ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ ਸਮੇਤ 9 ਰਾਜਾਂ, ਹਰਿਆਣਾ ਅਤੇ ਪੰਜਾਬ 'ਚ ਬਿਲਕੁਲ ਵੀ ਬਾਰਿਸ਼ ਨਹੀਂ ਹੋਈ। ਉੱਤਰ-ਪੱਛਮੀ ਭਾਰਤ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ, ਲੱਦਾਖ, ਚੰਡੀਗੜ੍ਹ ਅਤੇ ਦਾਦਰਾ ਨਗਰ ਹਵੇਲੀ ਅਤੇ ਦਮਨ ਅਤੇ ਦੀਵ ਨੂੰ ਵੀ ਸ਼ਾਮਲ ਕੀਤਾ ਗਿਆ, ਜਦਕਿ 7 ਰਾਜਾਂ ਵਿੱਚ 98 ਤੋਂ 99 ਫ਼ੀਸਦੀ ਬਾਰਿਸ਼ ਦੀ ਕਮੀ ਦਰਜ ਕੀਤੀ ਗਈ। ਇਸੇ ਸਿਲਸਿਲੇ 'ਚ ਜੇਕਰ 29 ਜਨਵਰੀ ਦੀ ਆਈ.ਐੱਮ.ਡੀ ਦੀ ਰਿਪੋਰਟ 'ਤੇ ਨਜ਼ਰ ਮਾਰੀਏ ਤਾਂ 29 ਜਨਵਰੀ ਤੱਕ ਮਨੀਪੁਰ, ਹਰਿਆਣਾ, ਪੰਜਾਬ, ਚੰਡੀਗੜ੍ਹ, ਲੱਦਾਖ ਅਤੇ ਦਾਦਰ ਅਤੇ ਨਗਰ ਹਵੇਲੀ ਅਤੇ ਦਮਨ ਦੀਵ 'ਚ ਬਿਲਕੁਲ ਵੀ ਬਾਰਿਸ਼ ਨਹੀਂ ਹੋਈ, ਜਦਕਿ 16 ਸੂਬਿਆਂ 'ਚ ਬਾਰਿਸ਼ ਹੋਈ। 60-99 ਫੀਸਦੀ ਘੱਟ ਬਾਰਿਸ਼ ਹੋਣ ਦੇ ਅੰਕੜੇ ਹਨ। ਦਸੰਬਰ ਅਤੇ ਜਨਵਰੀ ਵਿੱਚ ਉੱਤਰੀ ਭਾਰਤੀ ਰਾਜਾਂ ਵਿੱਚ ਬਰਫ਼ਬਾਰੀ ਅਤੇ ਬਾਰਸ਼ ਦੀ ਅਣਹੋਂਦ ਵੀ ਇਸ ਖੇਤਰ ਵਿੱਚ ਹਾੜੀ ਦੇ ਉਤਪਾਦਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਵਾਰ ਜਨਵਰੀ 'ਚ ਪਹਾੜੀ ਰਾਜਾਂ 'ਚ ਬਿਲਕੁਲ ਵੀ ਬਰਫਬਾਰੀ ਨਹੀਂ ਹੋਈ। ਮੀਂਹ ਅਤੇ ਬਰਫ਼ਬਾਰੀ ਦੀ ਘਾਟ ਹਿਮਾਲਿਆ ਦੇ ਗਲੇਸ਼ੀਅਰਾਂ ਅਤੇ ਖੇਤਰ ਦੇ ਪਾਣੀ ਦੇ ਸਰੋਤਾਂ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ ਕਿਉਂਕਿ ਸਰਦੀਆਂ ਦੀ ਬਾਰਿਸ਼ ਲੋਕਾਂ ਦੇ ਭੋਜਨ ਅਤੇ ਪਾਣੀ ਦੀਆਂ ਜ਼ਰੂਰਤਾਂ ਲਈ ਬਹੁਤ ਜ਼ਰੂਰੀ ਹੈ। ਪਹਾੜਾਂ ਵਿੱਚ ਗਲੇਸ਼ੀਅਰਾਂ, ਨਦੀਆਂ ਅਤੇ ਬਰਫ਼ ਦੇ ਗਲੇਸ਼ੀਅਰਾਂ ਦੇ ਹੌਲੀ ਹੌਲੀ ਪਿਘਲਣ ਕਾਰਨ ਨਦੀਆਂ ਗਰਮੀਆਂ ਵਿੱਚ ਪਾਣੀ ਨਾਲ ਭਰਪੂਰ ਹੋ ਜਾਂਦੀਆਂ ਹਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਤਵਿਆਂ ਦਾ ਮੁਤਬੰਨਾ

ਪਰ ਉਹ ਏਨੀ ਛੋਟੀ ਮੁਲਾਕਾਤ ਲਈ ਤਿਆਰ ਨਹੀਂ ਸਨ। ਉਹ ਇੱਕ ਦੂਜੇ ਦੀ ਦਿਲ ਦੀ ਬੁੱਝਣਾ ਚਾਹੁੰਦੇ ਸਨ ਤੇ ਇੱਕ ਦੂਜੇ ਨੂੰ ਭਰਪੂਰ ਕਰਨਾ ਚਾਹੁੰਦੇ ਸਨ।

ਇੱਕ ਗੱਲ ਬੜੇ ਚਿਰਾਂ ਦੀ ਮੇਰੇ ਦਿਲ ਵਿਚ ਐ, ਜੇ ਵਕਤ ਹੈ ਤਾਂ ਮੈਂ ਕਰਾਂ, ਬਾਬੇ ਨੇ ਗੱਲ ਅੱਗੇ ਤੋਰਨ ਲਈ ਆਗਿਆ ਮੰਗੀ।

ਵਕਤ ਹੀ ਵਕਤ ਹੈ ਬਾਬਾ! ਜਿੰਨੀਆਂ ਮਰਜ਼ੀ ਗੱਲਾਂ ਕਰ। ਸਤਵੰਤ ਨੇ ਆਗਿਆ ਦਿੱਤੀ।

ਤੇਰੇ ਕੋਲ ਪੈਸੇ ਦਾ ਤਾਂ ਕੋਈ ਘਾਟਾ ਨਹੀਂ। ਬਾਬਾ ਬੋਲਿਆ।

ਹਾਂ, ਦੱਸੋ। ਸਤਵੰਤ ਨੇ ਬੇਸੁਆਦ ਮਿਲਣੀ ਲਈ ਤਿਆਰ ਹੁੰਦਿਆਂ ਕਿਹਾ।

ਮੋਰਾਂਵਾਲੀ ਦੀ ਗੱਲ ਤੂਹੀਓਂ ਰੇਡੀਓ ਉੱਤੇ ਸੁਣਾਈ ਸੀ? ਬਾਬੇ ਨੇ ਮੰਜੀ ਉੱਤੇ ਉਠ ਕੇ ਬੈਠਦਿਆਂ ਕਿਹਾ।

ਤੂੰ ਸੁਣੀ ਸੀ ਬਾਬਾ ਉਹ ਗੱਲ? ਬਾਬੇ ਕੋਲੋਂ ਰੇਡੀਓ ਦੀ ਗੱਲ ਸੁਣ ਕੇ ਸਤਵੰਤ ਬੜਾ ਖੁਸ਼ ਸੀ।

ਸੁਣਿਐਂ ਤਵਾ ਭਰਿਆ ਹੋਇਐ ਜਦੋਂ ਮਰਜ਼ੀ ਚਲਾ ਸਕਦੇ ਹਨ ਰੇਡੀਓ ਵਾਲੇ। ਬਾਬੇ ਨੇ ਸਤਵੰਤ ਦਾ ਉੱਤਰ ਦਿੱਤੇ ਬਿਨਾ ਹੀ ਚਾਅ ਨਾਲ ਕਿਹਾ।

ਹਾਂ ਬਾਬਾ, ਤਵੇ ਉੱਤੇ ਨਹੀਂ ਉਹ ਫੀਤੇ ਉੱਤੇ ਬੋਲ ਭਰ ਲੈਂਦੇ ਹਨ ਤੇ ਫੇਰ ਜਦੋਂ ਜੀ ਆਵੇ ਸੁਣਾਅ ਸਕਦੇ ਹਨ। ਮੇਰੀ ਗੱਲ ਵਿੱਚ ਇੰਗਲੈਂਡ ਵਿੱਚ ਵਸਦੇ ਪਾਕਿਸਤਾਨੀ ਪੰਜਾਬੀ ਰੇਡੀਓ ਵਾਲੇ ਬਾਰ ਬਾਰ ਸੁਣਾਅ ਦਿੰਦੇ ਹਨ, ਪਾਕਿਸਤਾਨ ਨਾਲ ਸਾਂਝ ਪਾਉਣ ਲਈ, ਸਤਵੰਤ ਨੇ ਸਮਝਾਇਆ।

ਪਰ ਕਾਕਾ ਇਹ ਤਵਾ ਤਾਂ ਉਨ੍ਹਾਂ ਦਾ ਹੋਇਆ। ਥੋੜ੍ਹੇ ਪੈਸੇ ਲਾ ਕੇ ਅੱਠ ਦਸ ਤਵੇ ਭਰਵਾਅ ਦੇ ਆਪਣੇ ਪਿੰਡ ਬਾਰੇ, ਜਿਹੜੇ ਧੁਰ ਵਲੈਤ ਵਿੱਚ ਸਦੀਆਂ ਤੱਕ ਚੱਲਦੇ ਰਹਿਣ। ਤੇਰਾ ਨਾਂ ਚਲਦਾ ਰਹੂ, ਪੁਸ਼ਤੋ ਪੁਸ਼ਤ। ਬੰਦੇ ਨੇ ਲੈਣਾ ਕੀ ਹੁੰਦੈ? ਬਾਬਾ ਆਪਣੇ ਫੁਰਨੇ ਤੇ ਆਪਣੇ ਸੁਝਾਅ 'ਤੇ ਬੜਾ ਖੁਸ਼ ਤੇ ਬੜਾ ਸੰਤੁਸ਼ਟ ਸੀ।

ਕਰਾਂਗਾ ਬਾਬਾ, ਕੁਝ ਨਾ ਕੁਝ। ਤੇਰਾ ਕਿਹਾ ਨਹੀਂ ਮੋੜਦਾ, ਏਨਾ ਕਹਿ ਕੇ ਸਤਵੰਤ ਕਿੰਨਾ ਹੀ ਚਿਰ ਬਾਬੇ ਕੋਲ ਬੈਠਾ ਰਿਹਾ। ਇਸ ਲਈ ਨਹੀਂ ਕਿ ਬਾਬੇ ਦਾ ਇਹ ਸੁਝਾਅ ਉਸ ਲਈ ਨਵਾਂ ਸੀ, ਸਗੋਂ ਇਸ ਲਈ ਕਿ ਬਾਬੇ ਨੂੰ ਉਸਦਾ ਨਾਂ ਰੋਸ਼ਨ ਕਰਨ ਵਿਚ ਕਿੰਨੀ ਦਿਲਚਸਪੀ ਸੀ, ਜਿਸਦਾ ਸਬੂਤ ਉਸਦੇ ਉਨ੍ਹਾਂ ਸੁਝਾਵਾਂ ਵਿਚੋਂ ਵੀ ਪ੍ਰਤੱਖ ਸੀ ਜਿਹੜੇ ਬੇਸੁਆਦ ਸਨ। ਬਾਬਾ ਚੁੱਪ ਹੋ ਗਿਆ। ਹੋਰ ਕੋਈ ਗੱਲ ਹੀ ਨਹੀਂ ਸੀ ਰਹਿ ਗਈ, ਕਰਨ ਵਾਲੀ।

ਜਦੋਂ ਬਾਬਾ ਤੇ ਸਤਵੰਤ ਵਿਛੜਨ ਸਮੇਂ ਇੱਕ ਦੂਜੇ ਦੀ ਛਾਤੀ ਨਾਲ ਲੱਗ ਕੇ ਮਿਲੇ ਤਾਂ ਉਹਨਾਂ ਦੀ ਮਿਲਣੀ ਵਿੱਚ ਪਹਿਲੀਆਂ ਮੁਲਾਕਾਤਾਂ ਵਾਲਾ ਨਿੱਘ ਸੀ। ਦੋਵੇਂ ਖੁਸ਼ ਸਨ। ਹੁਣ ਉਹਨਾਂ ਨੂੰ ਕੋਈ ਚਿੰਤਾ ਨਹੀਂ ਸੀ ਕਿ ਉਹਨਾਂ ਨੂੰ ਮੁੜ ਮਿਲਣ ਦਾ ਮੌਕਾ ਵੀ ਮਿਲਦਾ ਸੀ ਜਾਂ ਨਹੀਂ। ਉਹ ਆਪਣੇ ਆਪ ਨੂੰ ਰੱਜੇ ਹੋਏ ਅਨੁਭਵ ਕਰ ਰਹੇ ਸਨ, ਇੱਕ ਦੂਜੇ ਦੇ ਨਿੱਘ ਨਾਲ ਭਰਪੂਰ।

***

## ਔਰਤਾਂ ਖਿਲਾਫ਼ ਹੋ ਰਹੇ

ਭਾਰਤੀ ਸਮਾਜ ਵਿੱਚ ਔਰਤ ਵਿਰੋਧੀ ਮਾਨਸਿਕਤਾ ਦੀਆਂ ਡੂੰਘੀਆਂ ਜੜ੍ਹਾਂ ਹਨ। ਇਸ ਦੇਸ਼ ਵਿੱਚ ਹਾਲੇ ਵੀ ਪੱਛੜੀਆਂ ਜਗੀਰੂ ਕਦਰਾਂ-ਕੀਮਤਾਂ ਬਹੁਤ ਹਾਵੀ ਹਨ। ਅਜੋਕੇ ਸਮੇਂ ਵਿੱਚ ਵੀ ਭਾਰਤ ਦੀਆਂ ਬਹੁਤੀਆਂ ਔਰਤਾਂ ਨੂੰ ਬਹੁਤ ਹੀ ਤੰਗ ਘੇਰੇ ਵਿੱਚ ਆਪਣੀ ਪੂਰੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਆਪਣੀ ਮਰਜ਼ੀ ਨਾਲ ਪਿਆਰ ਕਰਨ ਅਤੇ ਜੀਵਨ ਸਾਥੀ ਚੁਣਨ ਤੋਂ ਲੈ ਕੇ ਆਜ਼ਾਦੀ ਨਾਲ ਘਰੋਂ ਬਾਹਰ ਨਿੱਕਲਣ, ਇੱਛਾ ਮੁਤਾਬਕ ਕੱਪੜੇ ਪਹਿਨਣ, ਨੌਕਰੀ ਕਰਨ ਵਰਗੇ ਬਹੁਤ ਹੀ ਮਾਮੂਲੀ ਜਿਹੇ ਹੱਕਾਂ ਲਈ ਵੀ ਔਰਤਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਔਰਤਾਂ ਨੂੰ ਵਿਆਹ ਤੋਂ ਪਹਿਲਾਂ ਪਿਤਾ ਤੇ ਬਾਅਦ ਵਿਚ ਪਤੀ ਦੀ ਮਰਜ਼ੀ ਮੁਤਾਬਕ ਜਿਊਣਾ ਪੈਂਦਾ ਹੈ। ਵਿਆਹ ਤੋਂ ਬਾਅਦ ਔਰਤਾਂ ਉੱਪਰ ਹਿੰਸਾ ਨੂੰ ਇਸ ਸਮਾਜ ਵਿੱਚ ਸਮਾਜਿਕ ਮਾਨਤਾ ਪ੍ਰਾਪਤ ਹੈ। ਹਰ ਸਾਲ ਤਕਰੀਬਨ 5 ਲੱਖ ਕੁੜੀਆਂ ਗਰਭ ਵਿੱਚ ਹੀ ਕਤਲ ਕਰ ਦਿੱਤੀਆਂ ਜਾਂਦੀਆਂ ਹਨ। ਅਣਖ ਦੇ ਨਾਮ 'ਤੇ ਹੋਣ ਵਾਲੇ ਕਤਲਾਂ ਦਾ ਸ਼ਿਕਾਰ ਵੀ ਜ਼ਿਆਦਾਤਰ ਔਰਤਾਂ ਹੀ ਹੁੰਦੀਆਂ ਹਨ। ਬਸਤੀਵਾਦੀ ਗ਼ੁਲਾਮੀ ਕਾਰਨ ਸਿਹਤਮੰਦ ਢੰਗ ਨਾਲ ਸਰਮਾਏਦਾਰੀ ਵਿਕਾਸ ਨਾ ਹੋਣ ਕਾਰਨ ਭਾਰਤੀ ਸਮਾਜ ਅੱਜ ਇਨ੍ਹਾਂ ਮੱਧਯੁਗੀ ਅਲਾਮਤਾਂ ਨਾਲ ਪੀੜਤ ਹੈ।

***

## ਭਾਰਤ ਵਿੱਚ ਇੱਕ ਰਾਸ਼ਟਰ ਇੱਕ ਚੋਣ ਦੀ

ਜਰਮਨੀ ਦੇ ਸੰਵਿਧਾਨ ਵਿੱਚ ਸੋਧ ਕਰਕੇ ਇੱਕ ਜਰਮਨ 'ਬੇਸਿਕ ਕਾਨੂੰਨ' ਬਣਾਇਆ ਗਿਆ ਹੈ ਜਿਸ ਅਨੁਸਾਰ ਪ੍ਰਤੀਨਿਧ ਹਾਊਸ ਦੀ ਸਮਾਂ ਸੀਮਾ ਨਿਸ਼ਚਿਤ ਕੀਤੀ ਗਈ ਹੈ, ਪਰ ਉਸ ਦੀ ਸਮਾਂ ਹੱਦ ਤੋਂ ਪਹਿਲਾਂ ਜੇ ਇੱਕ ਪਾਰਟੀ ਵੱਲੋਂ ਕਿਸੇ ਨੇਤਾ ਦੇ ਖ਼ਿਲਾਫ਼ ਬੇਵਿਸ਼ਵਾਸੀ ਦਾ ਮਤਾ ਲਿਆਂਦਾ ਜਾਂਦਾ ਹੈ ਤਾਂ ਉਸ ਦੇ ਨਾਲ ਹੀ ਨਵੇਂ ਨੇਤਾ ਜਿਸ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਜਾਣਾ ਹੈ ਉਸ ਦੇ ਨਾਂਅ ਦੀ ਵੀ ਘੋਸ਼ਣਾ ਕੀਤੀ ਜਾਂਦੀ ਹੈ ਤਾਂ ਕਿ ਜੇ ਉਹ ਬੇਵਿਸ਼ਵਾਸੀ ਦਾ ਮਤਾ ਪਾਸ ਹੋ ਜਾਂਦਾ ਹੈ ਤਾਂ ਉਹ ਦੂਸਰਾ ਨੇਤਾ ਜਿਸ ਦੇ ਹੱਕ ਵਿੱਚ ਉਹ ਵਿਸ਼ਵਾਸ ਦਾ ਮਤਾ ਪਾਸ ਹੋਣਾ ਹੈ, ਹਾਊਸ ਦਾ ਉਹ ਨੇਤਾ ਬਣ ਜਾਵੇਗਾ ਅਤੇ ਹਾਊਸ ਟੁੱਟੇਗਾ ਨਹੀਂ, ਸਗੋਂ ਲਗਾਤਾਰ ਚੱਲਦਾ ਰਹੇਗਾ ਅਤੇ ਭਾਵੇਂ ਹਾਊਸ ਦੇ ਅੰਦਰ ਪਾਰਟੀ ਦੀ ਹਕੂਮਤ ਬਦਲ ਸਕਦੀ ਹੈ ਪਰ ਹਾਊਸ ਚੱਲਦਾ ਰਹੇਗਾ ਅਤੇ ਆਪਣਾ ਕਾਰਜਕਾਲ ਪੂਰਾ ਕਰੇਗਾ ਭਾਵੇਂ ਕਿ ਇਸ ਨਾਲ ਕਾਰਜਕਾਲ ਦੇ ਪੂਰਾ ਹੋਣ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ, ਪਰ ਇਸ ਨਾਲ ਪ੍ਰਾਂਤਾਂ ਅਤੇ ਕੇਂਦਰ ਦੀ ਸਰਕਾਰ ਵਿੱਚ ਸਥਿਰਤਾ ਜ਼ਰੂਰ ਆ ਜਾਵੇਗੀ ਅਤੇ ਇਸ ਨਾਲ ਇਕ ਰਾਸ਼ਟਰ, ਇੱਕ ਚੋਣ ਵਾਲਾ ਮੁੱਦਾ ਤਾਂ ਕਾਫ਼ੀ ਹਦ ਤਕ ਹੱਲ ਤਾਂ ਹੋ ਜਾਵੇਗਾ, ਪਰ ਇਹ ਯਕੀਨੀ ਨਹੀਂ ਬਣਾਇਆ ਜਾ ਸਕਦਾ ਕਿ ਜਿਸ ਨਵੇਂ ਨੇਤਾ ਨੂੰ ਚੁਣਿਆ ਹੈ ਉਸ ਦੇ ਖ਼ਿਲਾਫ਼ ਫਿਰ ਦੁਬਾਰਾ ਬੇਵਿਸ਼ਵਾਸੀ ਦਾ ਮਤਾ ਨਾ ਆਵੇ, ਉਸ ਤਰ੍ਹਾਂ ਇਹ ਵੀ ਲੋਕਤੰਤਰ ਦੀ ਭਾਵਨਾ ਨੂੰ ਪ੍ਰਭਾਵਿਤ ਕਰਦਾ ਹੈ। ਭਾਰਤ ਵਿੱਚ ਪਾਰਲੀਮੈਂਟ 'ਤੇ ਆਧਾਰਿਤ ਸਰਕਾਰ ਬਣਦੀ ਹੈ ਜਿਵੇਂ ਵਿਧਾਨ ਸਭਾ ਦਾ ਮੁਖੀ ਅਤੇ ਪਾਰਲੀਮੈਂਟ ਜੇਤੂ ਪਾਰਟੀ ਦੇ ਨੇਤਾ ਨੇ ਕ੍ਰਮਵਾਰ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਬਣਨਾ ਹੈ। ਇਸ ਦੇ ਉਲਟ ਜਿਨ੍ਹਾਂ ਦੇਸ਼ਾਂ ਵਿੱਚ ਪ੍ਰਧਾਨਗੀ ਕਿਸਮ ਦੀ ਸਰਕਾਰ ਹੈ, ਜਿਵੇਂ ਅਮਰੀਕਾ ਜਿਥੇ ਪ੍ਰਧਾਨ ਦੀ 4 ਸਾਲ ਬਾਅਦ ਚੋਣ ਹੋਣੀ ਹੈ। ਪ੍ਰਾਂਤਾਂ ਦੇ ਮੁਖੀ ਗਵਰਨਰ ਅਤੇ ਕੇਂਦਰ ਦੇ ਮੁਖੀ ਪ੍ਰਧਾਨ ਦੇ ਨਾਲ ਪ੍ਰਤੀਨਿਧੀਆਂ ਦੇ ਭਵਨ ਵਿੱਚ ਵਿਰੋਧੀ ਪਾਰਟੀ ਦੀ ਬਹੁਗਿਣਤੀ ਹੋ ਸਕਦੀ ਹੈ, ਪਰ ਇਸ ਤਰ੍ਹਾਂ ਦੀ ਸਥਿਤੀ ਵਿੱਚ ਵੀ ਰਾਸ਼ਟਰਪਤੀ ਜਾਂ ਕਿਸੇ ਪ੍ਰਾਂਤ ਦਾ ਗਵਰਨਰ ਆਪਣਾ ਕਾਰਜਕਾਲ ਪੂਰਾ ਕਰ ਸਕਦਾ ਹੈ, ਉਸ ਤਰ੍ਹਾਂ ਦੇ ਪ੍ਰਧਾਨਗੀ ਤਰਜ ਵਾਲੇ ਦੇਸ਼ਾਂ ਵਿੱਚ ਇੱਕ ਰਾਸ਼ਟਰ ਇੱਕ ਚੋਣ ਹੋ ਸਕਦੀ ਹੈ, ਪਰ ਪਾਰਲੀਮੈਂਟਰੀ ਕਿਸਮ ਦੀ ਸਰਕਾਰ ਵਿੱਚ ਇਹ ਸੰਭਵ ਨਹੀਂ ਕਿ ਹਾਊਸ ਦੇ ਨੇਤਾ ਖ਼ਿਲਾਫ਼, ਹਾਊਸ ਦੇ ਬਹੁਗਿਣਤੀ ਮੈਂਬਰ ਹੋਣ 'ਤੇ ਤਾਂ ਵੀ ਉਸ ਦੀ ਸਰਕਾਰ ਚਲਦੀ ਰਹੇ। ਭਾਵੇਂ ਇੱਕ ਦੇਸ਼-ਇੱਕ ਚੋਣ ਨਾਲ ਸਮੇਂ ਅਤੇ ਖ਼ਰਚ ਦੀ ਬੱਚਤ ਤਾਂ ਹੁੰਦੀ ਹੈ, ਪਰ ਦੇਸ਼ ਦੇ ਪੱਧਰ 'ਤੇ ਇਨ੍ਹਾਂ ਚੋਣਾਂ ਲਈ ਕੀਤਾ ਜਾਣ ਵਾਲਾ ਖ਼ਰਚ ਅਤੇ ਦਿੱਤੇ ਜਾਣ ਵਾਲੇ ਸਮੇਂ ਦੀ ਜਮਹੂਰੀਅਤ ਨਾਲੋਂ ਜ਼ਿਆਦਾ ਮਹੱਤਤਾ ਨਹੀਂ ਰੱਖਦੀ। ਹੁਣ ਜਦੋਂ ਕਿ ਸਾਬਕਾ ਰਾਸ਼ਟਰਪਤੀ ਦੇ ਅਧੀਨ ਇਸ ਦੀ ਸੰਭਾਵਨਾ ਲਈ ਇੱਕ ਕਮੇਟੀ ਬਣੀ ਹੈ ਉਹ ਉਸ ਯੋਗ ਵਿਵਸਥਾ ਦੀ ਭਾਲ ਵਿੱਚ ਹੈ, ਜਿਸ ਨਾਲ ਕਿ ਇੱਕ ਦੇਸ਼-ਇੱਕ ਚੋਣ ਦੀ ਵਿਵਸਥਾ ਸੰਭਵ ਬਣ ਸਕੇ, ਪਰ ਇਸ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਆਸਾਨੀ ਨਾਲ ਦੂਰ ਨਹੀਂ ਕੀਤਾ ਜਾ ਸਕਦਾ ਅਤੇ ਇੱਕ ਰਾਸ਼ਟਰ-ਇਸ ਦੀ ਸੰਭਾਵਨਾ ਬਹੁਤ ਘੱਟ ਹੈ।

**

## ਮਾਲਦੀਵ ਦੇ ਚੀਨ ਵੱਲ ਵਧ

ਦਰਅਸਲ ਮਾਲਦੀਵ ਦੀ ਨਵੀਂ ਸਰਕਾਰ ਚੀਨ ਵੱਲ ਝੁਕਦੀ ਜਾ ਰਹੀ ਹੈ। ਇਹ ਸਾਰਾ ਵਿਵਾਦ ਵੀ ਮਾਲਦੀਵ ਰਾਸ਼ਟਰਪਤੀ ਦੀ ਚੀਨ ਫੇਰੀ ਜੋ 8 ਤੋਂ 12 ਜਨਵਰੀ ਤੱਕ ਸੀ, ਤੋਂ ਇਕ-ਦੋ ਦਿਨ ਪਹਿਲਾਂ ਸ਼ੁਰੂ ਹੋਇਆ ਅਤੇ ਚੀਨ ਦੇ ਮੀਡੀਆ ਨੇ ਇਸ ਸਭ ਘਟਨਾਕ੍ਰਮ 'ਤੇ ਮਾਲਦੀਵ ਦੇ ਰਾਸ਼ਟਰਪਤੀ ਮੁਇਜ਼ੂ ਦੇ ਸਟੈਂਡ ਦੀ ਪ੍ਰਸੰਸਾ ਵੀ ਕੀਤੀ। ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮਾਲਦੀਵ ਦੇ ਸਭ ਰਾਸ਼ਟਰਪਤੀ ਆਪਣੀ ਪਹਿਲੀ ਵਿਦੇਸ਼ ਫੇਰੀ ਦੀ ਸ਼ੁਰੂਆਤ ਭਾਰਤ ਤੋਂ ਕਰਦੇ ਸਨ, ਜਦਕਿ ਹੁਣ ਦੇ ਰਾਸ਼ਟਰਪਤੀ ਨੇ ਚੀਨ ਨੂੰ ਚੁਣਿਆ ਅਤੇ ਨਾਲ ਹੀ ਉਹ ਚੀਨ ਦੇ ਸੈਲਾਨੀਆਂ ਨੂੰ ਮਾਲਦੀਵ ਆਉਣ ਦਾ ਸੱਦਾ ਵੀ ਇਸ ਫੇਰੀ ਦੌਰਾਨ ਦੇ ਕੇ ਆਏ ਹਨ ਅਤੇ ਭਾਰਤ ਨੂੰ ਆਪਣੀ ਤਾਜ਼ਾ ਚਿਤਾਵਨੀ 'ਚ ਮਾਲਦੀਵ ਦੇ ਰਾਸ਼ਟਰਪਤੀ ਨੇ ਫ਼ੌਜ ਵਾਪਸ ਬੁਲਾਉਣ ਲਈ ਮਾਰਚ ਤੱਕ ਦਾ ਸਮਾਂ ਦਿੱਤਾ ਹੈ।

ਸਪੱਸ਼ਟ ਹੈ ਕਿ ਮਾਲਦੀਵ ਬਨਾਮ ਲਕਸ਼ਦੀਪ ਵਾਲਾ ਵਿਵਾਦ ਅਸਲ 'ਚ ਕੁਝ ਹੋਰ ਨਹੀਂ, ਬਲਕਿ ਭੂ-ਰਾਜਨੀਤੀ ਤੋਂ ਪ੍ਰੇਰਿਤ ਇਕ ਰਾਜਨੀਤਿਕ ਘਟਨਾ ਹੈ, ਜਿਸ ਨੂੰ ਤੂਲ ਦੇਣ ਵਾਲਾ ਅਸਲ ਕਾਰਕ ਚੀਨ ਹੈ, ਜੋ ਭਾਰਤ ਨੂੰ ਹੌਲੀ-ਹੌਲੀ ਆਪਣੇ ਸਭ ਗੁਆਂਢੀ ਦੇਸ਼ਾਂ ਤੋਂ ਤੋੜ ਕੇ ਕਮਜ਼ੋਰ ਕਰਨਾ ਚਾਹੁੰਦਾ ਹੈ। ਭਾਰਤ ਨੂੰ ਬੜੇ ਸੰਜਮ ਤੇ ਸਮਝਦਾਰੀ ਤੋਂ ਕੰਮ ਲੈਣਾ ਹੋਵੇਗਾ, ਕਿਉਂਕਿ ਇਹ ਸਥਿਤੀ ਵੀ ਸਦਾ ਨਹੀਂ ਰਹੇਗੀ, ਦਰਅਸਲ ਇਹ ਮਾਲਦੀਵ ਦੇ ਭਾਰਤ ਪੱਖੀ ਸਿਆਸੀ ਦਲਾਂ ਤੇ ਚੀਨ ਪੱਖੀ ਸਿਆਸੀ ਦਲਾਂ ਦੇ ਆਪਸੀ ਸੰਘਰਸ਼ ਤੋਂ ਪੈਦਾ ਹੋ ਰਹੀਆਂ ਸਥਿਤੀਆਂ ਹਨ, ਜੋ ਇਨ੍ਹਾਂ ਦਲਾਂ ਦੀ ਸਥਿਤੀ ਨਾਲ ਬਦਲਦੀਆਂ ਰਹਿਣਗੀਆਂ। 'ਬਾਈਕਾਟ ਮਾਲਦੀਵ' ਕਿਸੇ ਸਮੇਂ ਵੀ 'ਗੋ ਟੂ ਮਾਲਦੀਵ' ਵਿੱਚ ਬਦਲ ਸਕਦਾ ਹੈ, ਇਸ ਲਈ ਬਿਹਤਰ ਹੋਵੇਗਾ ਕਿ ਦੋਵਾਂ ਦੇਸ਼ਾਂ ਦੇ ਲੋਕ ਆਪਣੇ ਮਨਾਂ 'ਚ ਕਿਸੇ ਕਿਸਮ ਦੀ ਕੁੜੱਤਣ ਨਾ ਲੈ ਕੇ ਆਉਣ ਅਤੇ ਸਮੇਂ ਦੇ ਬਦਲਣ ਤੱਕ ਸੰਜਮ ਤੋਂ ਕੰਮ ਲੈਣ ਪਰ ਉਹ ਸਮਾਂ ਆਉਣ ਤੱਕ ਭਾਰਤ ਸਰਕਾਰ ਨੂੰ ਜ਼ਰੂਰ ਹੀ ਚੌਕਸ ਰਹਿਣਾ ਪਵੇਗਾ, ਕਿਉਂਕਿ ਸਾਡਾ ਜੋ ਵੀ ਗੁਆਂਢੀ ਮੁਲਕ ਚੀਨ ਦੇ ਨੇੜੇ ਹੋ ਜਾਂਦਾ ਹੈ ਫਿਰ ਉਸ ਦੀਆਂ ਹਰਕਤਾਂ ਤੇ ਨੀਤੀਆਂ ਵੀ ਚੀਨ ਪੱਖੀ ਹੋ ਜਾਂਦੀਆਂ ਹਨ, ਜੋ ਭਾਰਤ ਲਈ ਚਿੰਤਾਜਨਕ ਸਥਿਤੀਆਂ ਪੈਦਾ ਕਰਦੀਆਂ ਹਨ।

***

## ਪੰਜਾਬ ਦੀ ਤਬਾਹੀ ਦਾ ਸੂਚਕ ਹੈ ਅਸਾਧਾਰਨ ਪਰਵਾਸ

ਜੁਲਾਈ ਮਹੀਨੇ ਤੇ ਅਗਸਤ ਦੇ ਪਹਿਲੇ ਦਸ-ਬਾਰਾਂ ਦਿਨਾਂ ਦੌਰਾਨ ਉੱਠ ਜਾਣ ਵਾਂਗ ਅਜਿਹੇ ਕਾਲਜਾਂ ਦੇ ਕਈ ਅਧਿਆਪਕ ਚੁੱਪ-ਚਾਪ ਵਿਦੇਸ਼ ਜਾਣ ਦੀਆਂ ਤਿਆਰੀਆਂ ਲਈ ਤੁਰ ਪਏ ਹਨ। ਪੰਜਾਬ ਦੇ ਬਹੁਤੇ ਕਾਲਜਾਂ ਦੀ ਹੋਂਦ ਖ਼ਤਰੇ 'ਚ ਹੈ। ਇਸ ਵੱਡੇ ਦੁਖਾਂਤ ਲਈ ਜ਼ਿੰਮੇਵਾਰ ਕੌਣ ਹੈ?

10+2 ਤੋਂ ਬਾਅਦ ਜਿਹੜੇ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ, ਉਨ੍ਹਾਂ ਦਾ ਟੀਚਾ ਉਸ ਦੇਸ਼ ਦੀ ਨਾਗਰਿਕਤਾ ਹਾਸਲ ਕਰਨਾ ਹੈ। ਆਇਲੈਟਸ ਤੇ ਦਾਖ਼ਲਾ ਫ਼ੀਸ, ਹਵਾਈ ਸਫ਼ਰ ਦਾ ਖਰਚਾ ਤੇ ਉੱਥੇ ਜਾ ਕੇ ਰਹਿਣ ਦਾ ਮੁੱਢਲਾ ਖਰਚਾ ਤੇ ਕਾਲਜ ਫ਼ੀਸਾਂ, ਮਾਪੇ ਪਹਿਲੇ ਸਮੈਸਟਰ ਜਾਂ ਪਹਿਲੇ ਸਾਲ ਦੇ ਖਰਚੇ ਦਾ ਹੀ ਪ੍ਰਬੰਧ ਕਰਦੇ ਹਨ। ਅਗਲਾ ਭਾਰ ਵਿਦਿਆਰਥੀ ਆਪ ਚੁੱਕਦੇ ਹਨ, ਇਹ ਸਫ਼ਰ ਇੱਕ ਵੱਖਰੀ ਦੁੱਖਦਾਇਕ ਕਹਾਣੀ ਹੈ। ਟੋਰਾਂਟੋ ਦੇ ਇੱਕ ਫ਼ਿਊਨਰਲ ਮਾਲਕ ਨੇ ਉਦਾਸ ਮੁਦਰਾ ਵਿਚ ਦੱਸਿਆ ਕਿ ਘੋਰ ਨਿਰਾਸ਼ਾ ਕਾਰਨ ਹੁੰਦੀਆਂ ਮੌਤਾਂ ਕਰਕੇ ਉਹ ਪ੍ਰਤੀ ਮਹੀਨਾ ਚਾਰ ਤੋਂ ਛੇ ਮੁੰਡਿਆਂ ਦੀਆਂ ਲਾਸ਼ਾਂ ਪੰਜਾਬ ਭੇਜਣ ਦਾ ਪ੍ਰਬੰਧ ਕਰਦੇ ਹਨ। ਧੀਆਂ ਦਾ ਦੁੱਖ ਅਜਿਹੀਆਂ ਮੌਤਾਂ ਤੋਂ ਵੀ ਗਹਿਰਾ ਹੈ। ਜਿਹੜੇ ਬੱਚੇ ਨਾਨਕੇ ਵੀ ਇਕੱਲੇ ਨਹੀਂ ਗਏ ਸਨ, ਅਸੀਂ ਉਨ੍ਹਾਂ ਨੂੰ ਵਿਕਸਿਤ ਅੰਤਰਰਾਸ਼ਟਰੀ ਪਲੇਟਫ਼ਾਰਮ 'ਤੇ ਇਕੱਲਮ-ਇਕੱਲੇ ਜੀਣ ਲਈ ਉਤਾਰ ਦਿੱਤਾ ਹੈ। ਜ਼ਿੰਦਗੀ ਦੇ ਦਸ ਵਰ੍ਹਿਆ ਜਿੰਨਾ ਆਰਥਿਕ ਤੇ ਸਮਾਜਿਕ ਬੋਝ ਅਸੀਂ ਕੁਝ ਮਹੀਨਿਆਂ 'ਚ ਹੀ ਸਹਿਣ ਲਈ ਉਨ੍ਹਾਂ ਦੇ ਮੋਢਿਆਂ 'ਤੇ ਪਾ ਦਿੱਤਾ ਹੈ। ਅਜਿਹੇ ਸਫ਼ਰ ਤੋਂ ਪਹਿਲਾਂ ਉਨ੍ਹਾਂ ਨਾਲ ਬਹੁਤ ਗੱਲਾਂ ਕਰਨ ਦੀ ਲੋੜ ਸੀ। ਜੇ ਇੱਧਰ ਸਿਸਟਮ ਠੀਕ ਰਹਿੰਦਾ ਤੇ ਉਹੀ ਮੁੰਡੇ-ਕੁੜੀਆਂ ਗ੍ਰੈਜੂਏਸ਼ਨ ਕਰਕੇ ਜਾਂਦੇ ਅਤੇ ਮੁਕਾਬਲੇ ਰਾਹੀਂ ਉੱਚ ਵਿੱਦਿਆ ਲਈ ਯੂਨੀਵਰਸਿਟੀਆਂ 'ਚ ਪੜ੍ਹਾਈ ਕਰਦੇ ਤਾਂ ਜ਼ਿੰਦਗੀ ਦੇ ਰੰਗ ਹੀ ਕੁਝ ਹੋਰ ਹੋਣੇ ਸਨ। ਇੱਧਰ ਚਾਰ-ਚਾਰ, ਪੰਜ-ਪੰਜ ਪੈਨਸ਼ਨਾਂ ਹਾਸਲ ਕਰਦੇ ਧਨ ਤੇ ਸੱਤਾ ਦੇ ਲਾਲਚੀ ਲੋਕਾਂ ਨੇ ਵਿੱਦਿਆ ਤੇ ਕਿਰਤ ਦੇ ਮੌਕੇ ਧੂਹ ਕੇ ਉਨ੍ਹਾਂ ਤੋਂ ਪਾਸੇ ਕਰ ਲਏ।

ਪਿਛਲੇ 30 ਵਰ੍ਹਿਆਂ 'ਚ ਹੋਏ ਪਰਵਾਸ ਦਾ 73 ਪ੍ਰਤੀਸ਼ਤ 2016 ਤੋਂ ਬਾਅਦ ਹੋਇਆ (ਡਾ. ਸ਼ਾਲਿਨੀ ਸ਼ਰਮਾ ਤੇ ਹੋਰ, 2023)। ਪੰਜਾਬੀਆਂ ਵਲੋਂ ਸਾਲ 2023 'ਚ ਦੇਸ਼ 'ਚੋਂ ਸਭ ਤੋਂ ਵੱਧ (ਵਸੋਂ ਦਾ ਪ੍ਰਤੀਸ਼ਤ) 11,94,000 ਪਾਸਪੋਰਟ ਬਣਵਾਏ ਗਏ। ਇਹ ਗਿਣਤੀ 2013 'ਚ ਬਣਵਾਏ ਗਏ ਪਾਸਪੋਰਟਾਂ ਦੀ ਦੁੱਗਣੀ ਗਿਣਤੀ ਤੋਂ ਵੀ ਵੱਧ ਹੈ। ਵਿਦੇਸ਼ ਮੰਤਰਾਲੇ ਅਨੁਸਾਰ 2016 ਤੋਂ 2021 ਪੰਜ ਵਰ੍ਹਿਆਂ ਦੌਰਾਨ 10 ਲੱਖ ਤੋਂ ਵੱਧ ਪੰਜਾਬੀ ਪਰਵਾਸ ਕਰ ਗਏ। ਇਨ੍ਹਾਂ 'ਚੋਂ ਚੋਖੀ ਗਿਣਤੀ 'ਚ ਸਟੱਡੀ ਵੀਜ਼ੇ ਰਾਹੀਂ ਵਿਦੇਸ਼ ਪਹੁੰਚੇ ਵਿਦਿਆਰਥੀਆਂ ਦੀ ਹੈ। ਵਿਦਿਆਰਥੀਆਂ ਵੱਲੋਂ ਵਿਦੇਸ਼ ਜਾਣ ਲਈ ਚਾਹਤ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਪ੍ਰਾਂਤ 'ਚ 20 ਹਜ਼ਾਰ ਦੇ ਲਗਭਗ ਆਇਲੈਟਸ ਸੈਂਟਰ ਅਤੇ 1200 ਤੋਂ ਵੱਧ ਇਮੀਗ੍ਰੇਸ਼ਨ ਸੰਸਥਾਵਾਂ ਹਨ। ਸਾਲ 2022-23 ਦੌਰਾਨ ਪੰਜਾਬ ਦੇ 6 ਲੱਖ ਵਿਦਿਆਰਥੀਆਂ ਨੇ ਆਇਲੈਟਸ ਟੈਸਟ ਦਿੱਤਾ। ਸਾਲ 2023 ਦੇ ਅੰਕੜੇ ਭਾਵੇਂ ਹਾਲੇ ਸਾਹਮਣੇ ਨਹੀਂ ਆਏ ਪਰ ਇਸ ਵਰ੍ਹੇ ਦੌਰਾਨ ਪਰਵਾਸ 'ਚ ਰਿਕਾਰਡ ਵਾਧਾ ਹੋਇਆ। ਇਹ ਵਰ੍ਹਾ ਪੰਜਾਬ ਦੀ ਜਵਾਨੀ ਨੂੰ ਹੂੰਝ ਕੇ ਲੈ ਗਿਆ।

ਪਰਵਾਸ ਦਾ ਸਭ ਤੋਂ ਵੱਧ ਅਸਰ ਪਿੰਡਾਂ 'ਤੇ ਹੋਇਆ। ਉਹ ਥਾਵਾਂ ਜਿੱਥੋਂ ਦੇ ਬਸ਼ਿੰਦੇ ਉੱਥੋਂ ਉੱਠ ਜਾਣ, ਆਪਣਾ ਸੁਹੱਪਣ ਗੁਆ ਬੈਠਦੀਆਂ ਹਨ। ਪਿੰਡ ਦੀ ਰੂਹ ਉਦਾਸ ਹੈ। ਪਿੰਡਾਂ 'ਚ ਜਿੰਦੇ ਲੱਗੇ ਘਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਵੱਡੇ ਪਿੰਡਾਂ ਦੀਆਂ ਕਈ ਪੱਤੀਆਂ ਦੇ ਸਾਰੇ ਦੇ ਸਾਰੇ ਘਰ ਹੀ ਬੰਦ ਹੋ ਚੁੱਕੇ ਹਨ। ਉਹ ਪਿੰਡ ਜਿਨ੍ਹਾਂ ਦਾ ਮੂੰਹ-ਮੱਥਾ ਸੰਵਾਰਨ ਲਈ ਸਦੀਆਂ ਲੱਗੀਆਂ, ਕੁਝ ਵਰ੍ਹਿਆਂ 'ਚ ਹੀ ਉੱਜੜਦੇ ਜਾ ਰਹੇ ਹਨ। ਇਹ ਪਿੰਡ ਅੰਦਰੋ-ਅੰਦਰ ਸਿਉਂਕ ਖਾਧੇ ਰੁੱਖਾਂ ਵਾਂਗ ਡਿਗ ਰਹੇ ਹਨ। ਸ਼੍ਰੋਮਣੀ ਕਵੀ ਸੁਰਜੀਤ ਪਾਤਰ ਅਨੁਸਾਰ:

ਇਹ ਬਾਤ ਨਿਰੀ ਏਨੀ ਹੀ ਨਹੀਂ,
ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵਸਦੇ ਰਹਿਣ ਦਾ ਏ,
ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ॥

ਮੌਜੂਦਾ ਪਰਵਾਸ ਖੌਫ਼ਨਾਕ ਹੜ੍ਹ ਹੈ, ਜਿਸ ਦੀਆਂ ਤਾਕਤਵਰ ਛੱਲਾਂ ਪੰਜਾਬ ਨੂੰ ਰੋੜ੍ਹ ਕੇ ਲੈ ਗਈਆਂ, ਇਹ ਪਰਵਾਸ ਅੱਗ ਦੀਆਂ ਭਿਆਨਕ ਲਾਟਾਂ ਹਨ, ਜੋ ਬਚੇ-ਖੁਚੇ ਨੂੰ ਸਾੜ ਰਹੀਆਂ ਹਨ। ਢਿੱਡ, ਭੁੱਖ, ਰੋਟੀ, ਅਰਥ-ਸ਼ਾਸਤਰੀ ਅਜਿਹੇ ਲਫ਼ਜ਼ਾਂ ਨਾਲ ਪਰਵਾਸ ਦੀ ਪਰਿਭਾਸ਼ਾ ਬਿਆਨ ਕਰਕੇ ਸੁਰਖ਼ਰੂ ਤਾਂ ਹੋ ਰਹੇ ਹਨ, ਪਰ ਉਹ ਪਰਿਭਾਸ਼ਾਵਾਂ ਜੋ ਕਿਸੇ ਖਿੱਤੇ ਨੂੰ ਹੀ ਨਿਗਲ ਜਾਣ ਕੇਵਲ ਪਰਿਭਾਸ਼ਾਵਾਂ ਹੀ ਨਹੀਂ ਹੁੰਦੀਆਂ, ਪਰਿਭਾਸ਼ਾਵਾਂ ਦੇ ਰੂਪ 'ਚ ਦੈਂਤ ਹੁੰਦੀਆਂ ਨੇ।

ਕੋਈ ਢੋਲ ਵਜਾਵੋ
ਕੋਈ ਚੀਕਾਂ ਮਾਰੋ
ਕੋਈ ਕੋਠੇ ਚੜ੍ਹ ਕੇ
ਰੌਲਾ ਪਾਵੋ।
ਉਜੜ ਰਹੇ ਪੰਜਾਬ ਨੂੰ ਬਚਾਵੋ।

***

## ਚੋਣਾਂ ਦੇ ਸਮਿਆਂ 'ਚ,

ਦੇਸ਼ ਬੁਰੀ ਤਰ੍ਹਾਂ ਕਰਜ਼ਾਈ ਹੈ। ਇਸ ਸਿਰ 205 ਲੱਖ ਕਰੋੜ ਕਰਜ਼ਾ ਹੈ।

ਚੋਣ ਵੇਲਿਆਂ 'ਚ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਸਿਹਤ, ਸਿੱਖਿਆ, ਵਾਤਾਵਰਨ, ਮੁੱਖ ਮੁੱਦੇ ਹੋਣੇ ਚਾਹੀਦੇ ਹਨ। ਲੋਕਾਂ ਕੋਲ ਰੋਟੀ, ਕੱਪੜਾ, ਮਕਾਨ ਹੈ ਜਾਂ ਨਹੀਂ, ਇਹ ਮੁੱਦਾ ਗੰਭੀਰ ਹੈ।

ਮੁੱਦੇ ਤਾਂ ਇਹ ਵੀ ਚੁਕਣੇ ਬਣਦੇ ਹਨ ਕਿ ਕੀ ਧਰਮ ਦੇ ਨਾਂਅ ਉਤੇ ਸਿਆਸਤ ਜਾਇਜ਼ ਹੈ? ਕੀ ਦੇਸ਼ ਵਿੱਚ ਸੰਘੀ ਢਾਂਚੇ ਦੀ ਸੰਘੀ ਘੁੱਟਕੇ ਲੋਕਤੰਤਰ ਦਾ ਘਾਣ ਨਹੀਂ ਕੀਤਾ ਜਾ ਰਿਹਾ? ਕੀ ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜਨ ਲਈ ਦਲ ਬਦਲੀ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ? ਕੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬੇਖੌਫ ਹੋ ਕੇ ਜੀਊਣ ਦਾ ਹੱਕ ਖੋਹਿਆ ਜਾਣਾ ਠੀਕ ਹੈ? ਕੀ ਦੇਸ਼ 'ਚ ਇੱਕ ਦੇਸ਼, ਇੱਕ ਕੌਮ, ਇੱਕ ਬੋਲੀ, ਇੱਕ ਚੋਣ ਦੀ ਰਾਜਨੀਤੀ ਨੂੰ ਲਾਗੂ ਕਰਨਾ ਡਿਕਟੇਟਰਾਨਾ ਸੋਚ ਵੱਲ ਦੇਸ਼ ਨੂੰ ਵਧਾਉਣਾ ਨਹੀਂ? ਜੋ ਸਾਡੇ ਅਨੁਸਾਰ ਨਹੀਂ ਸੋਚਦਾ, ਜੋ ਸਾਡੇ ਅਨੁਸਾਰ ਨਹੀਂ ਬੋਲਦਾ, ਉਸ ਉਤੇ ਦੇਸ਼ ਧ੍ਰੋਹੀ ਦਾ ਫੱਟਾ ਲਾਉਣਾ ਕੀ ਦੇਸ਼ ਦਾ ਜਮਹੂਰੀ ਖਾਸਾ ਬਦਲਣਾ ਨਹੀਂ?

ਬਿਨ੍ਹਾਂ ਸ਼ੱਕ ਦੇਸ਼ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹਨਾਂ ਮੁੱਦਿਆਂ ਸਬੰਧੀ ਚੋਣ ਮੈਨੀਫੈਸਟੋ ਜਾਰੀ ਕਰਨਗੀਆਂ। ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਗਿਣਾਏਗੀ। ਆਪਣੇ ਵਿਰੋਧੀ ਭ੍ਰਿਸ਼ਟ ਨੇਤਾਵਾਂ, ਪਰਿਵਾਰਵਾਦ ਦੇ ਚਿੱਠੇ ਫਰੋਲੇਗੀ। ਪਰ ਉਹ ਆਪਣੇ ਭ੍ਰਿਸ਼ਟ ਨੇਤਾਵਾਂ ਜਾਂ ਆਪਣੀ ਪਾਰਟੀ 'ਚ ਚੋਣਾਂ ਵੇਲੇ ਸ਼ਾਮਲ ਲੋਕਾਂ ਦਾ ਨੰਗ ਢੱਕ ਲਵੇਗੀ। ਵਿਰੋਧੀ ਧਿਰਾਂ ਵੀ ਸਰਕਾਰ ਦੇ ਪਾਜ ਖੋਹਲਣ ਲਈ ਯਤਨਸ਼ੀਲ ਹੋਣਗੀਆਂ। ਪਰ ਕੀ ਉਹ ਆਮ ਲੋਕਾਂ ਦੀਆਂ ਮੁੱਖ ਲੋੜਾਂ ਅਤੇ ਲੋਕਾਂ ਦੀ ਅਸਲ ਸਥਿਤੀ, ਆਪਣੇ ਲੋਕਾਂ ਦੀ ਕਚਿਹਰੀ 'ਚ ਪੇਸ਼ ਕਰਨ ਲਈ ਕਾਮਯਾਬ ਹੋ ਸਕਣਗੀਆਂ?

ਆਉਣ ਵਾਲੀ ਤਿਮਾਹੀ ਦੇਸ਼ ਲਈ ਅਹਿਮ ਹੈ। ਆਮ ਲੋਕਾਂ ਨੂੰ ਉਹਨਾਂ "ਪ੍ਰਮੁੱਖ ਲੋਕਾਂ" ਦੇ ਧੱਕੇ ਧੌਂਸ, ਰੌਲੇ, ਰੱਪੇ ਨੂੰ ਸੁਨਣਾ ਪਵੇਗਾ, ਜਿਹਨਾਂ ਨੂੰ ਉਹ ਕਈ ਹਾਲਤਾਂ 'ਚ ਮਨੋਂ ਪਸੰਦ ਨਹੀਂ ਕਰਦੇ। ਅਸਲ 'ਚ ਲੋਕਾਂ ਲਈ, ਇਹ ਨੇਤਾ ਉਹਨਾਂ ਦੀ ਮਜ਼ਬੂਰੀ ਬਣ ਚੁੱਕੇ ਹਨ, ਕਿਉਂਕਿ ਇਹਨਾਂ ਨੇਤਾਵਾਂ ਨੇ ਲੋਕਾਂ ਨੂੰ ਕੁਝ ਹੱਦ ਤੱਕ ਇੰਨਾ ਬੇਵੱਸ ਕਰ ਦਿੱਤਾ ਹੋਇਆ ਹੈ ਕਿ ਉਹ ਬੋਲਦੇ ਹੀ ਨਹੀਂ ਹਨ, ਧੱਕਾ ਸਹੀ ਜਾਂਦੇ ਹਨ ਅਤੇ ਸਿਰਫ਼ ਉਹਨਾਂ ਦੀ ਵੋਟ ਬੈਂਕ ਬਣਕੇ ਰਹਿ ਗਏ ਹਨ ਜਾਂ ਉਹਨਾਂ ਵੱਲੋਂ ਮਧੁਰ ਧਰਮੀ ਬਾਣੀ 'ਚ ਕੀਲੇ ਕਿਸੇ ਸਾਰਥਕ ਸੋਚ ਤੋਂ ਸੱਖਣੇ, ਰੋਟੀ, ਪਾਣੀ ਦਾ ਆਹਾਰ ਕਰਨ ਤੱਕ ਸੀਮਤ ਕਰ ਦਿੱਤੇ ਗਏ ਹਨ।

ਲੋਕਾਂ ਦੀ ਸਾਣ 'ਤੇ ਲੱਗੀ ਸੋਚ, ਇਸ ਸੋਚ ਨੂੰ ਕਦੇ ਖ਼ਤਮ ਕਰਨ ਦੇ ਸਮਰੱਥ ਹੋਏਗੀ ਕਿ ਚੋਣ ਦੇ ਸਮਿਆਂ 'ਚ ਸੱਭੋ ਕੁਝ ਜਾਇਜ਼ ਹੈ ਜਾਂ ਨਹੀਂ।

ਇਹ ਤਾਂ ਆਉਣ ਵਾਲੀਆਂ ਚੋਣਾਂ ਦੱਸਣਗੀਆਂ ਜਾਂ ਫਿਰ ਭਵਿੱਖ!

***

## ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ

ਭਾਰਤ ਦੇ ਉੱਤਰ-ਪੂਰਬ ਵਿੱਚ ਸਥਿਤ ਸੱਤ ਰਾਜਾਂ ਵਿੱਚ 238 ਕਬੀਲੇ ਵਸਦੇ ਹਨ ਜਿਨ੍ਹਾਂ ਦੀ ਨਸਲ, ਬੋਲੀ, ਰਹਿਤ, ਧਾਰਮਿਕ ਵਿਸ਼ਵਾਸ ਆਦਿ ਨਾ ਸਿਰਫ਼ ਇਸ ਉਪਮਹਾਂਦੀਪ ਦੇ ਬਾਕੀ ਲੋਕਾਂ ਤੋਂ ਵੱਖਰੇ ਹਨ ਬਲਕਿ ਇਹਨਾਂ ਸੂਬਿਆਂ ਦੇ ਲੋਕਾਂ ਆਪਸ ਵਿੱਚ ਵੀ ਉਕਤ ਨੁਕਤਿਆਂ ਤੋਂ ਬਹੁਤ ਭਿੰਨ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਕਾਨੂੰਨ ਦਾ ਵਿਰੋਧ ਕਰਦਿਆਂ ਕਿਹਾ ਕਿ ਖ਼ਾਲਸੇ ਦੀ ਹਸਤੀ ਆਜ਼ਾਦ ਹੈ। ਇਸ ਉੱਪਰ ਕੋਈ ਕੋਡ ਲਾਗੂ ਨਹੀਂ ਹੁੰਦਾ ਅਤੇ ਖ਼ਾਲਸੇ ਦਾ ਆਪਣਾ ਕੋਡ ਹੈ, ਜੋ ਗੁਰੂ ਸਾਹਿਬ ਨੇ ਬਖਸ਼ਿਆ ਹੈ। ਧਾਮੀ ਮੁਤਾਬਕ ਜੇਕਰ ਕੋਈ ਧੱਕਾ ਹੋਵੇਗਾ ਤਾਂ ਇਸ ਨਾਲ ਸਾਡੀਆਂ ਰਵਾਇਤਾਂ ਅਤੇ ਸੱਭਿਆਚਾਰ ਵੀ ਖਤਮ ਹੋ ਜਾਣਗੇ। ਅਸੀਂ ਤਾਂ ਇਸ ਦੇ ਸਵਾਲ ਬਾਰੇ ਲਿਖ ਕੇ ਭੇਜਿਆ ਸੀ ਕਿ ਇਹ ਲਾਗੂ ਨਾ ਕੀਤਾ ਜਾਵੇ।

***

## ਨਾਟੋ ਦੇ ਮੈਗਾ ਅਭਿਆਸ ਤੋਂ

ਸਟੀਡਫ਼ਾਸਟ ਡਿਫ਼ੈਂਡਰ 2024 ਅਭਿਆਸ ਦਾ ਉਦੇਸ਼ ਰਣਨੀਤਕ, ਸੰਚਾਲਨ ਅਤੇ ਰਣਨੀਤਕ ਪੱਧਰਾਂ 'ਤੇ ਤਿਆਰੀ ਨੂੰ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਅਭਿਆਸ ਦਾ ਆਕਾਰ ਅਤੇ ਮਹੱਤਵ ਸਾਨੂੰ ਦੱਸੇਗਾ ਕਿ ਅਸੀਂ ਕਿੱਥੇ ਖੜ੍ਹੇ ਹਾਂ ਅਤੇ ਅਸੀਂ ਕਿਵੇਂ ਅੱਗੇ ਵਧਣਾ ਹੈ। ਇਹ ਰੂਸ ਨੂੰ ਸਪੱਸ਼ਟ ਸੰਦੇਸ਼ ਦੇਵੇਗਾ ਅਤੇ ਨਾਟੋ ਦੀ ਤਿਆਰੀ ਦਾ ਪ੍ਰਦਰਸ਼ਨ ਕਰੇਗਾ। ਤਾਇਵਾਨ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਹੇ ਚੀਨ ਨਾਟੋ ਦੇ ਇਸ ਅਭਿਆਸ ਕਾਰਨ ਤਣਾਅ ਵਿੱਚ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com